Digitized by Arya Samaj Foundation Chennai and eGangotri

ਪੰਜਾਬੀ ਨਾਰੀ ਸਾਹਿਤ ਅਧਿਐਨ ਸੀਰੀਜ਼ 2

ਅੰਮ੍ਰਿਤਾ-ਪ੍ਰਭਜੋਤ ਕਵਿਤਾ



ਅਰਵਿੰਦਰ ਪਾਲ ਕੌਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

गुरुकुल कांगड़ी विश्वविद्यालय
कृपया पुस्तक के ऊपर कोई निशान आदि
न लगायें।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय

गुरुकुल कांगड़ी विश्वविद्यालय, हरिद्वार

वर्ग संख्या ..... आगत संख्या.....

पुस्तक-वितरण की तिथि नीचे अंकित है। इस तिथि सहित ३० वे दिन तक यह पुस्तक पुस्तकालय में वापिस आ जानी चाहिए। अन्यथा ५० पैसे प्रतिदिन के हिसाब से विलम्ब-दण्ड लगेगा। पुस्तक लेने के पहले पाठ्य पुस्तक की भली-भांति जांच कर लें। इश्यू होने के पश्चात फटी पुस्तक, विलुप्त पृष्ठो की कोई जिम्मेदारी पुस्तकालय की नहीं होगी।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਨਾਰੀ ਸਾਹਿਤ ਅਧਿਐਨ ਸੀਰੀਜ਼-2

ਅੰਮ੍ਰਿਤਾ-ਪ੍ਰਭਜੋਤ ਕਾਵਿ

DONATION
00038

ਅਰਵਿੰਦਰ ਪਾਲ ਕੌਰ
ਐਮ. ਫ਼ਿਲ., ਪੀਐਚ.ਡੀ.

Presented free of cost with compliments from
The Central Institute of Indian Languages
(Government of India), Mysore-570006

ਵਾਰਿਸ ਸ਼ਾਹ ਫਾਊਂਡੇਸ਼ਨ
ਅਮ੍ਰਿਤਸਰ -143002

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

AMRITA-PRABHJOT KAV
by
Dr. Arvinder Pal Kaur
M. Phil., Ph.D.
95, Kabir Park
P. O. Khalsa College
Amritsar.

ਟਾਈਟਲ : ਵਿਮਲ ਤਿਵਾੜੀ

ਪਹਿਲੀ ਵਾਰ : 1991

ਮੁੱਲ : 60 ਰੁਪਏ

ਪ੍ਰਕਾਸ਼ਕ
ਵਾਰਿਸ ਸ਼ਾਹ ਫਾਉਂਡੇਸ਼ਨ
42, ਗੁਰੂ ਤੇਗ਼ ਬਹਾਦਰ ਨਗਰ
ਡਾ. ਖਾਲਸਾ ਕਾਲਜ, ਅੰਮ੍ਰਿਤਸਰ-143002

ਛਾਪਕ
ਚੰਨ ਪ੍ਰਿੰਟਿੰਗ ਪ੍ਰੈਸ
ਗੁਰੂ ਨਾਨਕ ਪੁਰਾ ਅੰਮ੍ਰਿਤਸਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਰਪਣ

ਅਜੀਤ ਕੌਰ ਨੂੰ ਜਿਸ ਨੇ ਨਾਰੀ ਦੇ
ਨੱਪੇ-ਨੂੜੇ ਜਜ਼ਬਿਆਂ ਨੂੰ ਪੂਰੀ
ਬੇਬਾਕੀ ਤੇ ਸੁਹਿਰਦਤਾ ਸਹਿਤ
ਕਲਾ ਵਿਚ ਢਾਲਿਆ।

Presented free of cost with compliments from
The Central Institute of Indian Languages
(Government of India), Mysore-570006.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਸੇ ਕਲਮ ਤੋਂ

- ਪੰਜਾਬੀ ਸ੍ਵੈ-ਜੀਵਨੀ
- ਆਧੁਨਿਕ ਪੰਜਾਬੀ ਨਾਰੀ ਕਾਵਿ
- ਨਾਰੀ ਕਾਵਿ ਚਿੰਤਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

–ਮੁੱਢਲੀ ਗੱਲ 7

1. ਨਾਰੀ ਸੰਵੇਦਨਾ : ਸਿੱਧਾਂਤਕ ਤੇ ਇਤਿਹਾਸਕ ਪਰਿਪੇਖ 9

ੳ. ਨਾਰੀ ਸੰਵੇਦਨਾ : ਸੰਕਲਪ

ਅ. ਨਾਰੀ ਸੰਵੇਦਨਾ : ਬਦਲਦੇ ਪਰਿਪੇਖ

ੲ. ਨਾਰੀ ਸੰਵੇਦਨਾ : ਸਿੱਧਾਂਤਕ ਸਥਾਪਨਾਵਾਂ

2. ਅੰਮ੍ਰਿਤਾ ਪ੍ਰੀਤਮ ਦੀ ਕਾਵਿ-ਰਚਨਾ : ਨਾਰੀ ਸੰਵੇਦਨਾ 39

ੳ. ਪ੍ਰਾਪਤ ਸਾਮਗ੍ਰੀ ਦਾ ਮੁੱਲਾਂਕਣ

ਅ. ਕਾਵਿ-ਰਚਨਾ ਦਾ ਅਧਿਐਨ

ੲ. ਸਥਾਪਨਾਵਾਂ

3. ਪ੍ਰਭਜੋਤ ਕੌਰ ਦੀ ਕਾਵਿ-ਰਚਨਾ : ਨਾਰੀ ਸੰਵੇਦਨਾ 72

ੳ. ਪ੍ਰਾਪਤ ਸਾਮਗ੍ਰੀ ਦਾ ਮੁੱਲਾਂਕਣ

ਅ. ਕਾਵਿ-ਰਚਨਾ ਦਾ ਅਧਿਐਨ

ੲ. ਸਥਾਪਨਾਵਾਂ

–ਸਿੱਟੇ ਤੇ ਸਥਾਪਨਾਵਾਂ 96

–ਸਹਾਇਕ ਪੁਸਤਕ ਸੂਚੀ 107

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਔਰਤਾਂ ਦਾ ਨਾ ਕੋਈ ਅਤੀਤ ਹੈ, ਨਾ ਇਤਿਹਾਸ ਤੇ ਨਾ ਹੀ ਉਨ੍ਹਾਂ ਦਾ ਕੋਈ ਮਜ਼ਹਬ ਹੈ। ਉਹ ਮਰਦਾਂ ਦੀ ਦੁਨੀਆਂ ਵਿਚ ਖਿੱਲਰੀਆਂ ਪਈਆਂ ਹਨ। ਮਰਦਾਂ ਨਾਲ ਉਹ ਸਿਰਫ਼ ਘਰੇਲੂ ਕੰਮਕਾਜ ਆਰਥਿਕ ਨਿਰਭਰਤਾ ਤੇ ਸਮਾਜਕ ਰਿਸ਼ਤੇ ਦੀ ਦ੍ਰਿਸ਼ਟੀ ਤੋਂ ਜੁੜੀਆਂ ਹੋਈਆਂ ਹਨ। ਮਰਦ ਜਾਂ ਤਾਂ ਉਨ੍ਹਾਂ ਦੇ ਪਿਤਾ ਬਣੇ ਹਨ ਜਾਂ ਪਤੀ। ਇਹ ਮਰਦਾਂ ਦਾ ਬੁਰਜੂਆ ਦ੍ਰਿਸ਼ਟੀਕੋਣ ਹੈ, ਜਿਸ ਦੀ ਔਰਤ ਹਮੇਸ਼ਾਂ ਤੋਂ ਸ਼ਿਕਾਰ ਰਹੀ ਹੈ।

—ਸੀਮਾਨ ਦੀ ਬੂਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁੱਢਲੀ ਗੱਲ

ਪੰਜਾਬੀ ਨਾਰੀ ਸਾਹਿਤ ਅਧਿਐਨ ਸੀਰੀਜ਼-2 ਵਿਦਵਾਨ ਪਾਠਕਾਂ ਦੇ ਹੱਥਾਂ ਵਿਚ ਸੌਂਪਦਿਆਂ ਮੈਨੂੰ ਬੇਹੱਦ ਖੁਸ਼ੀ ਹੋ ਰਹੀ ਹੈ। ਪਹਿਲੀ ਪੁਸਤਕ ਵਿਚ ਮੈਂ ਤਿੰਨ ਪ੍ਰਮੁੱਖ ਇਸਤਰੀ-ਲੇਖਿਕਾਵਾਂ ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ ਅਤੇ ਦਲੀਪ ਕੌਰ ਟਿਵਾਣਾ ਦੀਆਂ ਸ੍ਵੈ-ਜੀਵਨੀਆਂ ਦਾ ਅਧਿਐਨ ਪੇਸ਼ ਕੀਤਾ ਸੀ। ਉਸ ਪੁਸਤਕ ਵਿਚ ਮੈਂ ਅਗਲੇ ਯਤਨਾਂ ਵਿਚ ਨਾਰੀ ਸੰਵੇਦਨਾ ਦੇ ਸਿੱਧਾਂਤਕ ਆਧਾਰਾਂ ਤੇ ਇਤਿਹਾਸਕ ਪਰਿਪੇਖ ਨੂੰ ਸਪੱਸ਼ਟ ਕਰਨ ਦਾ ਵਾਅਦਾ ਵੀ ਕੀਤਾ ਸੀ। ਹਥਲੀ ਪੁਸਤਕ **ਅੰਮ੍ਰਿਤਾ-ਪ੍ਰਭਜੋਤ ਕਾਵਿ** ਦਾ ਪਹਿਲਾ ਅਧਿਆਇ ਉਸ ਵਾਅਦੇ ਨੂੰ ਹੀ ਸਾਖਸ਼ਾਤ ਕਰਨ ਦਾ ਯਤਨ ਹੈ। ਇਸ ਪੁਸਤਕ ਵਿਚ ਮੈਂ ਵਿਹਾਰਕ ਅਧਿਐਨ ਦਾ ਧੁਰਾ ਅੰਮ੍ਰਿਤਾ-ਪ੍ਰਭਜੋਤ ਕਾਵਿ ਨੂੰ ਬਣਾਇਆ ਹੈ ਅਤੇ ਇਨ੍ਹਾਂ ਦੋਵਾਂ ਇਸਤਰੀ-ਕਵੀਆਂ ਦੀਆਂ ਰਚਨਾਵਾਂ ਵਿਚੋਂ ਨਾਰੀ ਸੰਵੇਦਨਾ ਦੇ ਵਿਭਿੰਨ ਪਾਸਾਰਾਂ ਨੂੰ ਪਛਾਣਿਆਂ ਹੈ। ਇਸ ਪਛਾਣ ਲਈ ਸਾਨੂੰ ਆਪਣੀ ਵਸਤੂ-ਸਾਮਗ੍ਰੀ ਦੀ ਤਹਿ ਜਾਂ ਅੰਤਰੀਵ ਸੰਰਚਨਾ ਵਿਚ ਝਾਕਣਾ ਪਿਆ ਹੈ।

ਨਾਰੀ ਸੰਵੇਦਨਾ ਦੇ ਦ੍ਰਿਸ਼ਟੀਕੋਣ ਤੋਂ ਸਮੀਖਿਆ-ਪਾਠ ਦੀ ਸਿਰਜਣਾ ਦੀ ਅਜੇ ਪੰਜਾਬੀ ਚਿੰਤਨ ਜਗਤ ਵਿਚ ਕੋਈ ਪਰੰਪਰਾ ਸਥਾਪਿਤ ਨਹੀਂ ਹੋਈ। ਅਸਾਂ ਅਜੇ ਨਾਰੀ-ਵਾਦੀ ਸਮੀਖਿਆ ਦੇ ਸਿੱਧਾਂਤਕ ਆਧਾਰਾਂ ਦੀ ਵੀ ਪੂਰੀ ਤਰ੍ਹਾਂ ਪਛਾਣ ਕਰਨੀ ਹੈ। ਸਾਡਾ ਮਨੋਰਥ ਪੰਜਾਬੀ ਨਾਰੀ ਕਾਵਿ ਦਾ ਸ਼ਾਸਤਰ ਉਸਾਰਣ ਦਾ ਹੈ ਅਤੇ ਇਸ ਮਕਸਦ ਲਈ ਪੱਛਮੀ ਨਾਰੀਵਾਦੀ ਸਮੀਖਿਆ ਪਾਸੋਂ ਵੀ ਅੰਤਰ ਦ੍ਰਿਸ਼ਟੀਆਂ ਗ੍ਰਹਿਣ ਕਰਾਂਗੇ, ਭਾਰਤ ਵਿਚ ਵਿਚਰਦੀ ਨਾਰੀ ਦੇ ਅਤੀਤ ਤੇ ਵਰਤਮਾਨ ਦੀ ਸੋਝੀ ਵੀ ਹਾਸਲ ਕਰਾਂਗੇ, ਲੋਕ ਮਾਨਸਿਕਤਾ ਵਿਚ ਸਥਾਈ ਤੌਰ 'ਤੇ ਬੈਠੀਆਂ ਕੀਮਤਾਂ ਨੂੰ ਵੀ ਜਾਣਾਂਗੇ ਅਤੇ ਪੰਜਾਬੀ ਨਾਰੀ ਕਾਵਿ ਦੀ ਪਰਖ ਜੋਖ ਵੀ ਕਰਾਂਗੇ। ਇਤਿਹਾਸ, ਮਨੋਵਿਗਿਆਨ, ਸਿੱਧਾਂਤਕ ਚਿੰਤਨ ਅਤੇ ਪ੍ਰਾਪਤ ਸਾਮਗ੍ਰੀ ਦੀ ਘੋਖ-ਪੜਤਾਲ ਸਾਡੀ ਸਹਾਇਤਾ ਕਰੇਗੀ ਪੰਜਾਬੀ ਨਾਰੀ ਕਾਵਿ ਦੀ ਸ਼ਾਸਤਰ-ਉਸਾਰੀ ਵਿਚ। ਪਰ ਫਿਲਹਾਲ ਇਹ ਦੂਰ ਦੀ ਗੱਲ ਹੈ ਅਤੇ ਅਜੇ ਅਸਾਂ ਆਪਣੇ ਅਧਿਐਨ ਨੂੰ ਨਾਰੀ ਸੰਵੇਦਨਾ ਤਕ ਹੀ ਸੰਗੋੜਿਆ ਹੈ।

ਨਾਰੀ ਸੰਵੇਦਨਾ ਤੋਂ ਭਾਵ ਨਾਰੀ ਦੀ ਉਸ ਮਨੋਵਿਗਿਆਨਕ ਸਮਾਜਕ ਤੇ ਇਤਿ-ਹਾਸਕ ਸਥਿਤੀ ਤੋਂ ਹੈ ਜੋ ਰੂਪਾਂਤਰਣ ਦੀ ਪ੍ਰਕਿਰਿਆ ਵਿਚੋਂ ਗੁਜ਼ਰ ਕੇ ਕਾਵਿ ਵਿਚ ਪ੍ਰਗਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦੀ ਹੈ। ਇਤਿਹਾਸ ਦੇ ਵੱਖ ਵੱਖ ਦੌਰਾਂ ਵਿਚ ਨਾਰੀ ਦੀ ਸਥਿਤੀ ਸੁਖਾਵੀਂ ਕਿਧਰੇ ਘੱਟ ਹੀ ਰਹੀ ਹੈ। ਇਤਿਹਾਸ ਗਵਾਹ ਹੈ ਕਿ ਔਰਤ ਨੂੰ ਮਨੁੱਖ ਨੇ ਜਾਂ ਤਾਂ ਦੇਵੀ ਦੇ ਰੂਪ ਵਿਚ ਪੂਜਿਆ ਹੈ ਅਤੇ ਜਾਂ ਵੇਸਵਾ ਦੇ ਰੂਪ ਵਿਚ ਤ੍ਰਿਸਕਾਰਿਆ ਹੈ। ਉਸ ਦੇ ਮਾਨਵੀ ਰੂਪ ਨੂੰ ਮਰਦ-ਪ੍ਰਧਾਨ ਸਮਾਜ ਵਲੋਂ ਮਾਨਤਾ ਪ੍ਰਾਪਤ ਨਹੀਂ ਹੋਈ। ਇਸ ਵਿਚ ਕੋਈ ਸ਼ੱਕ ਨਹੀਂ ਕਿ "ਔਰਤ" ਮਰਦ ਦੀ ਰਚਨਾ ਦੀ ਪ੍ਰੇਰਨਾ-ਸੋਮਾ ਸਦੀਆਂ ਤੋਂ ਬਣੀ ਰਹੀ ਹੈ ਪਰ ਨਿੱਜੀ ਤੇ ਸੁਤੰਤਰ ਰੂਪ ਵਿਚ ਉਸ ਨੂੰ ਆਤਮ ਵਿਸ਼ਾਦ ਤੇ ਪੀੜਾ ਦੀ ਪੇਸ਼ਕਾਰੀ ਦਾ ਮੌਕਾ ਆਧੁਨਿਕ ਯੁੱਗ ਵਿਚ ਹੀ ਨਸੀਬ ਹੋਇਆ ਹੈ। ਆਧੁਨਿਕ ਕਾਲ ਵਿਚ ਵਿਸ਼ਵ ਪੱਧਰ ਉੱਪਰ ਔਰਤ ਦੀ ਤਨਾਉ-ਭਰਪੂਰ ਤੇ ਸੰਕਟ ਗ੍ਰਸਤ ਸਥਿਤੀ ਨੂੰ ਮਹਿਸੂਸ ਵੀ ਕੀਤਾ ਗਿਆ ਹੈ ਅਤੇ ਉਸਦੇ ਸੁਧਾਰ ਲਈ ਨਾਰੀਵਾਦ (feminism) ਵਰਗੀਆਂ ਲਹਿਰਾਂ ਵੀ ਹੋਂਦ ਵਿਚ ਆਈਆਂ ਹਨ। ਸਾਡੀ ਧਾਰਣਾ ਇਹ ਨਹੀਂ ਕਿ ਇਨ੍ਹਾਂ ਵਲੋਂ ਨਾਰੀ-ਮੁਕਤੀ ਲਈ ਪੇਸ਼ ਸਭ ਧਾਰਨਾਵਾਂ ਸ਼ਲਾਘਾਯੋਗ ਹਨ ਪਰੰਤੂ ਇਨ੍ਹਾਂ ਨਾਰੀਵਾਦੀ ਚਿੰਤਕਾਂ ਦੀ ਇਹ ਸਥਾਪਨਾ ਬੜੀ ਮੁੱਲਵਾਨ ਹੈ ਕਿ ਔਰਤ ਹੀ ਔਰਤ ਦੀ ਸੰਵੇਦਨਾ ਨੂੰ ਠੀਕ ਭਾਂਤ ਸਮਝ ਤੇ ਸਿਰਜ ਸਕਦੀ ਹੈ, ਉਸ ਦੀ ਸਮੱਸਿਆ ਦੇ ਕਾਰਣਾਂ ਦੀ ਠੀਕ ਭਾਲ ਕਰ ਸਕਦੀ ਹੈ, ਅਤੇ ਉਸ ਸਭਿਆਚਾਰਕ ਸਿਸਟਮ ਦੀ ਪਛਾਣ ਵੀ ਕਰ ਸਕਦੀ ਹੈ ਜਿਸ ਵਿਚ ਉਸ ਦੇ ਸੰਕਟ ਦੇ ਬੀਜ ਛੁਪੇ ਹੋਏ ਹਨ। ਪੰਜਾਬੀ ਕਾਵਿ-ਸਾਹਿਤ ਦੀ ਇਹ ਖੁਸ਼ਕਿਸਮਤੀ ਹੀ ਸਮਝਣੀ ਚਾਹੀਦੀ ਹੈ ਕਿ ਅਜੋਕੇ ਯੁਗ ਵਿਚ ਖੁਦ ਇਸਤਰੀ-ਕਵੀਆਂ ਨੇ ਔਰਤ ਦੀ ਸੰਵੇਦਨਾ ਨੂੰ ਪ੍ਰਗਟ ਕੀਤਾ ਹੈ। ਇਸ ਪਰਿਪੇਖ ਵਿਚ ਅੰਮ੍ਰਿਤਾ ਪ੍ਰੀਤਮ ਦੀ ਮੁਢਲੀ ਤੇ ਇਤਿਹਾਸਕ ਭੂਮਿਕਾ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਪ੍ਰਭਜੋਤ ਕੌਰ ਦੇ ਇਸ ਦਿਸ਼ਾ ਵਲ ਪੁੱਟੇ ਕਦਮ ਵੀ ਸ਼ਲਾਘਾਯੋਗ ਹਨ। ਇਨ੍ਹਾਂ ਤੋਂ ਪਿਛੋਂ ਕੁਝ ਹੋਰ ਇਸਤਰੀ ਲੇਖਿਕਾਵਾਂ ਜਿਵੇਂ ਮਹਿੰਦਰ ਕੌਰ ਗਿੱਲ, ਸ਼ਰਨ ਮੱਕੜ, ਕੁਲਦੀਪ ਕਲਪਨਾ, ਮਨਜੀਤ ਟਿਵਾਣਾ ਅਮਰ ਜਿਉਤੀ, ਮਨਜੀਤ ਪਾਲ, ਵਨੀਤਾ, ਪਾਲ ਕੌਰ, ਬਚਿੰਤ ਕੌਰ, ਕੁਲਦੀਪ ਗਿੱਲ ਅਤੇ ਦੇਵਿੰਦਰ ਕੌਰ ਆਦਿ ਨੇ ਵੀ ਨਾਰੀ-ਅਨੁਭਵ ਨੂੰ ਕਾਵਿ ਵਿਚ ਢਾਲਿਆ ਹੈ। ਇਨ੍ਹਾਂ ਇਸਤਰੀ-ਕਵੀਆਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਮੈਂ ਆਪਣੀ ਅਗਲੀ ਪੁਸਤਕ **ਨਾਰੀ ਕਾਵਿ-ਚਿੰਤਨ** ਵਿਚ ਕਰਾਂਗੀ।

ਇਹ ਠੀਕ ਹੈ ਕਿ ਪੰਜਾਬੀ ਕਾਵਿ ਤੇ ਗਲਪ ਦੇ ਖੇਤਰ ਵਿਚ ਨਾਰੀ ਦੇ ਅਨੁਭਵ, ਇਤਿਹਾਸ ਤੇ ਵਰਤਮਾਨ ਨੂੰ ਭਰਪੂਰ ਪ੍ਰਗਟਾਵਾ ਮਿਲਿਆ ਹੈ ਪਰ ਇਸ ਸਭ ਕੁਝ ਦੀ ਪ੍ਰਕਿਰਤੀ ਅਨੁਭਵੀ ਹੈ। ਇਸ ਸਭ ਕੁਝ ਨੂੰ ਗਿਆਨ ਤੇ ਦਰਸ਼ਨ ਦੀ ਪੱਧਰ ਉਪਰ ਵੀ ਲਿਆਉਣ ਦੀ ਜ਼ਰੂਰਤ ਹੈ। ਇਹ ਜ਼ਰੂਰਤ ਹੀ ਲੋੜੀਂਦੀ ਚੇਤਨਾ ਨੂੰ ਸਮਾਜਕ ਜੀਵਨ ਵਿਚ ਓਤਪੋਤ ਕਰਕੇ ਨਾਰੀ ਨੂੰ ਆਪਣੀ ਦਸ਼ਾ ਨੂੰ ਸਮਝਣ ਤੇ ਦਿਸ਼ਾ ਨੂੰ ਪਛਾਨਣ ਵਿਚ ਸਹਾਇਤਾ ਕਰੇਗੀ।

ਅਰਵਿੰਦਰ ਪਾਲ ਕੌਰ (ਡਾ.)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਰੀ ਸੰਵੇਦਨਾ : ਸਿੱਧਾਂਤਕ ਤੇ ਇਤਿਹਾਸਕ ਪਰਿਪੇਖ

ਇਸ ਅਧਿਆਇ ਦਾ ਮੂਲ ਮਨੋਰਥ ਨਾਰੀ-ਸੰਵੇਦਨਾ ਦੇ ਸੰਕਲਪ ਨੂੰ ਸਪੱਸ਼ਟ ਕਰਨਾ ਵੀ ਹੈ, ਵਿਭਿੰਨ ਦੌਰਾਂ ਵਿਚ ਨਾਰੀ ਦੀ ਦਸ਼ਾ ਨੂੰ ਪਛਾਣ ਕੇ ਨਾਰੀ-ਸੰਵੇਦਨਾ ਦੇ ਇਤਿਹਾਸਕ ਪਰਿਪੇਖ ਨੂੰ ਉਲੀਕਣਾ ਵੀ ਅਤੇ ਸਿੱਧਾਂਤਕ ਤੇ ਇਤਿਹਾਸਕ ਅਧਿਐਨ ਦੇ ਆਧਾਰ 'ਤੇ ਨਾਰੀ ਦਿਸ਼ਾ ਦੀਆਂ ਸੰਭਾਵਨਾਵਾਂ ਨੂੰ ਵਿਚਾਰਨਾ ਵੀ। ਇਸ ਤਰ੍ਹਾਂ ਇਸ ਅਧਿਆਇ ਵਿਚਲੇ ਮੂਲ ਨੁਕਤਿਆਂ ਦਾ ਅੰਗ-ਨਿਖੇੜ ਕਰੀਏ ਤਾਂ ਚਾਰ ਇਕਾਈਆਂ ਸਾਮ੍ਹਣੇ ਆਉਂਦੀਆਂ ਹਨ : ਨਾਰੀ, ਸੰਵੇਦਨਾ, ਨਾਰੀ-ਸੰਵੇਦਨਾ : ਸਿੱਧਾਂਤਕ ਪੱਖ ਅਤੇ ਨਾਰੀ ਸੰਵੇਦਨਾ : ਇਤਿਹਾਸਕ ਪਰਿਪੇਖ। ਸਪੱਸ਼ਟ ਹੈ ਕਿ ਸਮੁੱਚੇ ਅਧਿਆਇ ਵਿਚਲੀ ਵਿਚਾਰ-ਚਰਚਾ ਇਨ੍ਹਾਂ ਬਿੰਦੂਆਂ ਦੁਆਲੇ ਘੁੰਮਦੀ ਹੋਈ ਸਿੱਟਿਆਂ ਤਕ ਪਹੁੰਚੇਗੀ।

ਵਿਚਾਰ-ਚਰਚਾ ਦਾ ਆਰੰਭ ਅਸੀਂ ਪ੍ਰਥਮ ਇਕਾਈ ਅਥਵਾ "ਨਾਰੀ" ਤੋਂ ਕਰਦੇ ਹਾਂ। **ਗੁਰਸ਼ਬਦ ਰਤਨਾਕਰ ਮਹਾਨਕੋਸ਼** ਅਨੁਸਾਰ ਨਾਰੀ ਤੋਂ ਭਾਵ ਹੈ "ਨਰ ਦੀ ਮਦੀਨ, ਇਸਤ੍ਰੀ, ਔਰਤ"।[1] ਨਾਰੀ ਸ਼ਬਦ ਸੰਸਕ੍ਰਿਤ ਭਾਸ਼ਾ ਦਾ ਹੈ ਅਤੇ ਔਰਤ ਤੇ ਇਸਤਰੀ ਇਸ ਦੇ ਸਮਾਨਾਰਥੀ ਸ਼ਬਦਾਂ ਦਾ ਦਰਜਾ ਅਖਤਿਆਰ ਕਰ ਚੁੱਕੇ ਹਨ। ਜੇਕਰ ਪ੍ਰਕਿਰਤੀ ਦੇ ਪ੍ਰਸੰਗ ਵਿਚ ਨਾਰੀ ਨੂੰ ਪਛਾਣਿਆਂ ਜਾਵੇ ਤਾਂ ਨਾਰੀ ਨਰ ਦਾ ਮਾਦਾ ਰੂਪ ਹੈ ਅਤੇ ਜੀਵ-ਵਿਗਿਆਨਕ ਪੱਧਰ ਉੱਪਰ ਇਸ ਦੇ ਆਪਣੇ ਪਛਾਣਯੋਗ ਗੁਣ ਹਨ। "ਬ੍ਰਹਮਵੈਵਰਤ ਵਿਚ ਨਾਰੀ ਦੇ ਤਿੰਨ ਰੂਪ ਦੱਸੇ ਗਏ ਹਨ : ਸਾਧਵੀ, ਭੋਗਯਾ ਅਤੇ ਕੁਲਟਾ। ਪਤਿ ਵਿਚ ਭਗਤੀ-ਭਾਵ ਰੱਖ ਕੇ ਸੇਵਾ ਕਰਨ ਅਤੇ ਕੇਵਲ ਸੰਤਾਨ ਦੇ ਮਨੋਰਥ ਨਾਲ ਪਤਿ ਦਾ ਸੰਗ ਕਰਨ ਵਾਲੀ ਸਾਧਵੀ ਹੈ। ਪਦਾਰਥਾਂ ਦੀ ਇੱਛਾ ਅਤੇ ਭੋਗਵਾਸ਼ਨਾ ਨਾਲ ਪਤਿ ਨੂੰ ਸੇਵਨ ਵਾਲੀ ਭੋਗਯਾ ਹੈ। ਕਪਟ ਅਰ ਲਾਲਚ ਨਾਲ ਪਤਿ ਦੀ ਸੇਵਾ ਕਰਨ ਵਾਲੀ ਤੇ ਕਾਮਵਸ ਹੋ ਕੇ ਪਰਾਏ ਪੁਰਖਾਂ ਨਾਲ ਪ੍ਰੀਤ ਰੱਖਣ ਵਾਲੀ ਕੁਲਟਾ ਹੈ।"[2]

ਭਾਈ ਕਾਨ੍ਹ ਸਿੰਘ ਨਾਭਾ ਭਾਵੇਂ ਇਸਤਰੀ ਦੇ ਸੁਭਾਅ ਦੇ ਆਧਾਰ ਤੇ ਉਸ ਦੀਆਂ ਜ਼ਾਤੀਆਂ ਦੀ ਗੱਲ ਕਰ ਰਹੇ ਹੋਣ, ਭਾਵੇਂ ਉਸ ਦੀ ਉਮਰ ਦੇ ਆਧਾਰ ਉਪਰ ਉਸ ਦੀ ਪਛਾਣ ਲਈ ਵੱਖ ਦੱਸ ਨਾਂ ਰੱਖ ਰਹੇ ਹੋਣ ਉਨ੍ਹਾਂ ਦੇ ਇਸ ਚਿੰਤਨ ਪਿੱਛੇ ਇਤਿਹਾਸਕ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕਯਾਨਿਕ ਗਿਆਨ ਤੇ ਆਧਾਰ ਕੰਮ ਕਰ ਰਹੇ ਹਨ। ਇਸ ਵਿਚ ਰਤਾ ਜਿੰਨਾ ਵੀ ਸ਼ੱਕ ਨਹੀਂ ਕਿ ਨਾਰੀ, ਇਸਤਰੀ ਜਾਂ ਔਰਤ ਪ੍ਰਕਿਰਤੀ ਅਤੇ ਸਮਾਜ ਦਾ ਮਹੱਤਵਪੂਰਨ ਜੁਜ਼ ਹੈ। ਪੁਰਸ਼ ਨਾਲ ਸੰਬੰਧਾਂ ਵਿਚੋਂ ਨਾਰੀ ਦੇ ਕਈ ਰੂਪ ਉਦੈ ਹੁੰਦੇ ਹਨ, ਜਿਵੇਂ ਪਤਨੀ, ਮਾਂ, ਧੀ, ਭੈਣ ਆਦਿ। ਸਮਾਜ ਵਿਚ ਰਹਿੰਦੇ ਹੋਏ ਪਤੀ ਦੀ ਮੌਤ ਤੋਂ ਪਿਛੋਂ ਉਹ ਵਿਧਵਾ ਅਖਵਾਉਂਦੀ ਹੈ। ਸੰਸਾਰ ਤੋਂ ਵਿਰਕਤ ਰਹਿਣ ਅਤੇ ਧਾਰਮਿਕ ਰਹਿਤ ਮਰਿਆਦਾ ਅਨੁਸਾਰ ਜੀਵਨ ਬਸਰ ਕਰਨ ਵਾਲੀ ਨਾਰੀ ਦੀਆਂ ਵੀ ਵੱਖ ਵੱਖ ਕਿਸਮਾਂ ਹਨ ਜਿਵੇਂ : ਪਰੀਵਰਾਜਕਾ (ਆਪਣੇ ਪਤੀ ਨਾਲ ਵਾਨਪ੍ਰਸਤ ਆਸ਼ਰਮ ਨੂੰ ਧਾਰਨ ਕਰਨ ਵਾਲੀ); ਸੰਨਿਆਸਨੀ (ਸੰਨਿਆਸ ਆਸ਼ਰਮ ਵਿਚ ਦਾਖਲ ਹੋਣ ਵਾਲੀ ਸੰਸਾਰ ਤੋਂ ਵਿਰਕਤ) ਗਾਇਤਰੀ (ਜੀਵਨ-ਮੁਕਤ ਨਾਰੀ) ਅਤੇ ਭਿਖਸ਼ੁਣੀ (ਬੋਧੀ ਚਿੰਤਨ ਤੇ ਮਨਨ ਵਿਚ ਲੀਨ ਤੇ ਸੰਸਾਰ ਤੋਂ ਵਿਰਕਤ)। ਇਸ ਤੋਂ ਇਲਾਵਾ ਉਸ ਦੇ ਕੁਝ ਕੁ ਰੂਪਾਂ ਨੂੰ ਨੀਚ ਵੀ ਦਸਿਆ ਗਿਆ ਹੈ ਜਿਵੇਂ ਵੇਸਵਾ, ਰਖੇਲ, ਪੁੰਸ਼ਚਲੀ ਅਤੇ ਸਵੈਰਿਣੀ ਆਦਿ। ਵੇਸਵਾ ਤੋਂ ਭਾਵ ਅਜਿਹੀ ਨਾਰੀ ਤੋਂ ਲਿਆ ਜਾਂਦਾ ਹੈ ਜਿਹੜੀ ਆਪਣੇ ਜਿਸਮ ਨੂੰ ਹਰੇਕ ਪੁਰਸ਼ ਦੇ ਹਵਾਲੇ ਕਰ ਦੇਂਦੀ ਹੈ ਅਤੇ ਉਸ ਦੀ ਕਾਮ ਵਾਸ਼ਨਾ ਨੂੰ ਮਿਟਾ ਕੇ ਪੈਸਾ ਜਾਂ ਰੋਜ਼ੀ ਕਮਾਉਂਦੀ ਹੈ। ਰਖੇਲ ਐਸੀ ਨਾਰੀ ਨੂੰ ਆਖਦੇ ਹਨ ਜਿਹੜੀ ਸਮਾਜਕ ਪੱਧਰ ਉਪਰ ਕਿਸੇ ਪੁਰਸ਼ ਦੀ ਪਤਨੀ ਨਹੀਂ ਹੁੰਦੀ ਪਰ ਉਸ ਨਾਲ ਪਤਨੀ ਵਰਗੇ ਸੰਬੰਧ ਰੱਖਦੀ ਹੈ। ਜਿਹੜੀ ਨਾਰੀ ਆਪਣੇ ਪਤੀ ਨੂੰ ਛੱਡ ਕੇ ਗ਼ੈਰ ਮਰਦ ਪਾਸ ਜਾਂਦੀ ਹੈ, ਉਹ ਪੁੰਸ਼ਚਲੀ ਅਖਵਾਉਂਦੀ ਹੈ। ਸਵੈਰਿਣੀ ਨੂੰ ਵੀ ਆਪਣੇ ਪਤੀ ਨੂੰ ਛੱਡ ਕੇ ਦੂਜਿਆਂ ਨਾਲ ਭੋਗ ਕਰਨ ਵਾਲੀ ਨਾਰੀ ਹੀ ਦਸਿਆ ਜਾਂਦਾ ਹੈ। ਸਪੱਸ਼ਟ ਹੈ ਕਿ ਨਾਰੀ ਨੂੰ ਉਮਰ, ਸੁਭਾਅ ਅਤੇ ਬਿਰਤੀਆਂ ਦੇ ਆਧਾਰ ਉਪਰ ਕਈ ਨਾਂ ਦਿੱਤੇ ਗਏ ਹਨ। ਇਤਿਹਾਸ ਦੇ ਵੱਖ ਵੱਖ ਦੌਰਾਂ ਉਪਰ ਇਸ ਦੀ ਸਥਿਤੀ ਕਿਧਰੇ ਘੱਟ ਹੀ ਸੁਖਾਵੀਂ ਰਹਿਣ ਕਾਰਣ ਇਸ ਦੇ ਨਿੰਦਾ-ਸੂਚਕ ਨਾਵਾਂ ਦੀ ਗਿਣਤੀ ਕਿਤੇ ਵਧੇਰੇ ਹੈ।

ਜੀਵ ਵਿਗਿਆਨਕ ਦ੍ਰਿਸ਼ਟੀ ਤੋਂ ਵੀ ਵੇਖੀਏ ਤਾਂ ਹਕੀਕਤ ਇਹ ਹੈ ਕਿ ਨਾਰੀ ਦੀ ਹੋਂਦ ਬਿਨਾ ਪ੍ਰਕਿਰਤੀ ਦੀ ਕਲਪਨਾ ਸੰਭਵ ਨਹੀ। ਸ੍ਰਿਸ਼ਟੀ-ਚੱਕਰ ਦੇ ਆਰੰਭ ਅਤੇ ਵਿਕਾਸ ਵਿਚ ਨਾਰੀ ਦੀ ਕ੍ਰਿਆਸ਼ੀਲ ਭੂਮਿਕਾ ਰਹੀ ਹੈ। ਪੁਰਸ਼ ਅਤੇ ਇਸਤਰੀ ਜਾਂ ਨਰ ਤੇ ਨਾਰੀ ਦਾ ਸੰਜੋਗ ਹੀ ਸੰਸਾਰ ਦੀ ਹੋਂਦ ਦਾ ਬੁਨਿਆਦੀ ਆਧਾਰ ਹੈ।

ਹੁਣ ਅਸੀਂ ਸੰਵੇਦਨਾ ਦੇ ਸ਼ਾਬਦਿਕ ਤੇ ਸੰਕਲਪਗਤ ਅਰਥਾਂ ਵੱਲ ਪਰਤਦੇ ਹਾਂ। ਸੰਵੇਦਨਾ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਸੰਵੇਦ ਤੋਂ ਭਾਵ ਹੈ—ਗਯਾਨ, ਜਾਣਨਾ, ਚੰਗੀ ਤਰ੍ਹਾਂ ਸਮਝਣਾ। ਸੰਵੇਦਨ ਨੂੰ ਚੰਗੀ ਤਰ੍ਹਾਂ ਜਾਣਨ ਦੀ ਕ੍ਰਿਆ ਨਾਲ ਜੋੜਿਆ ਜਾਂਦਾ ਹੈ।[3] ਸੰਵੇਦਨਾ ਨੂੰ ਗ੍ਰਹਿਣ ਸਮਰਥਾ ਨਾਲ ਵੀ ਸੰਬੰਧਿਤ ਕੀਤਾ ਜਾਂਦਾ ਹੈ। ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਇਹ ਯਥਾਰਥ ਦਾ ਅਨੁਭਵ ਗ੍ਰਹਿਣ ਕਰਾਉਣ ਵਾਲੀ ਇਕੋ ਇਕ ਸ਼ਕਤੀ ਹੈ।[4] ਡਾ. ਨਗੇਂਦ੍ਰ ਨੇ ਸੰਵੇਦਨਾ ਨੂੰ ਮਾਨਵ ਦੀ ਐਸੀ ਸਮਰਥਾ ਦਾ ਨਾਂ ਦਿਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਜਿਸ ਦੇ ਕਾਰਣ ਉਹ ਦੂਸਰਿਆਂ ਦੇ ਮੁਕਾਬਲੇ ਵਿਚ, ਦੁੱਖ-ਸੁੱਖ ਦੇ ਭਾਵਾਂ ਨੂੰ ਆਸਾਨੀ ਨਾਲ ਗ੍ਰਹਿਣ ਕਰ ਲੈਂਦਾ ਹੈ ਅਤੇ ਉਸ ਦੇ ਸੁਭਾਅ ਵਿਚ ਅਨੁਭਵ ਪ੍ਰਤੀ ਤੀਬਰ ਪ੍ਰਤੀ-ਕਿਰਿਆ ਸਥਾਈ ਰੂਪ ਗ੍ਰਹਿਣ ਕਰ ਲੈਂਦੀ ਹੈ। ਸਜੱਗਤਾ ਸੰਵੇਦਨਸ਼ੀਲ ਵਿਅਕਤੀ ਦਾ ਉਭਰਵਾਂ ਗੁਣ ਹੁੰਦਾ ਹੈ।[6] ਆਕਸਫੋਰਡ ਇੰਗਲਿਸ਼ ਡਿਕਸ਼ਨਰੀ ਵਿਚ ਸੰਵੇਦਨਾ ਸਬਦ ਦੇ ਵਿਭਿੰਨ ਪਾਸਾਰਾਂ ਨੂੰ ਹੇਠ ਲਿਖੇ ਅਨੁਸਾਰ ਵਿਅਕਤ ਕੀਤਾ ਗਿਆ ਹੈ :

1. ਅਨੁਭਵ ਸ਼ਕਤੀ ਜਾਂ ਬੋਧ ਸ਼ਕਤੀ
2. ਗਿਆਨ ਇੰਦਰੀਆਂ ਦੀ ਵਿਸ਼ੇਸ਼ ਪ੍ਰਕਿਰਿਆ
3. ਗਿਆਨ ਇੰਦਰੀਆਂ ਵਲੋਂ ਬਾਹਰੀ ਉਤੇਜਨਾ ਪ੍ਰਤੀ ਹੰਗਾਰਾ
4. ਖੁਸ਼ੀ, ਗਮੀ ਦੇ ਭਾਵਾਂ ਦਾ ਪ੍ਰਗਟਾਅ
5. ਭਾਵ ਬੋਧ ਦੀ ਤਤਪਰਤਾ ਜਾਂ ਤਿਖੇਰਾਪਨ
6. ਭਾਵੁਕ ਉਤੇਜਨਾ ਦੁਆਰਾ ਸਹਿਜ ਰੂਪ ਵਿਚ ਅਤੇ ਤਿਖੇਰੀ ਭਾਤ ਪ੍ਰਭਾਵਿਤ ਹੋ ਸਕਣ ਦੀ ਮਾਨਸਿਕ ਯੋਗਤਾ।
7. ਸਾਹਿਤ ਜਾਂ ਕਲਾ ਵਿਚ ਪਾਤਰਾਂ ਦੇ ਦੁੱਖਾਂ ਦੁਆਰਾ ਮਾਨਸਿਕ ਪੱਧਰ ਉਪਰ ਗ੍ਰਸਤ ਹੋ ਜਾਣ ਦੀ ਖਮਤਾ।[6]

ਅਲੈਕਸ ਪਰਮਿੰਗਰ ਸੰਵੇਦਨਾ ਸ਼ਬਦ ਨੂੰ ਸੰਕਲਪ ਦੀ ਪੱਧਰ ਉੱਪਰ ਵਿਚਾਰਦਾ ਹੋਇਆ ਇਸ ਨੂੰ "ਆਪਣੇ ਦੁੱਖਾਂ ਪ੍ਰਤਿ ਚੇਤੰਨ ਹੋਣ ਦੇ ਗੁਣ ਅਤੇ ਦੂਸਰਿਆਂ ਦੇ ਦੁੱਖਾਂ ਪ੍ਰਤਿ ਪਾਤਰਤਾ ਦਾ ਅਨੁਭਵ ਕਰਨ ਦੇ ਸ਼ਲਾਘਾਯੋਗ ਗੁਣਾਂ ਦਾ ਜਮ੍ਹਾਂ ਜੋੜ" ਕਹਿੰਦਾ ਹੈ।[7] ਸਪੱਸ਼ਟ ਹੈ ਕਿ ਸੰਵੇਦਨਾ ਮਨੁੱਖ ਦੀ ਉਹ ਮਾਨਸਿਕ ਸ਼ਕਤੀ ਹੈ ਜਿਸ ਨਾਲ ਉਹ ਆਪਣੀਆਂ ਗਿਆਨ-ਇੰਦਰੀਆਂ ਦੇ ਸਨਮੁਖ ਆਉਣ ਵਾਲੀਆ ਵਸਤੂਆਂ ਦਾ ਪ੍ਰਭਾਵ ਗ੍ਰਹਿਣ ਕਰਦਾ ਹੈ। ਸਾਹਿਤ ਕਿਰਤਾਂ ਵਿਚ ਪ੍ਰਸਤੁਤ ਯਥਾਰਥ ਦਾ ਅਨੁਭਵ ਗ੍ਰਹਿਣ ਕਰਨ ਤੇ ਪਾਠਕਾਂ ਨੂੰ ਗ੍ਰਹਿਣ ਕਰਾਉਣ ਵਿਚ ਸੰਵੇਦਨਾ ਦਾ ਅਹਿਮ ਯੋਗਦਾਨ ਹੈ।

ਜਦੋਂ ਅਸੀਂ ਨਾਰੀ ਅਤੇ ਸੰਵੇਦਨਾ ਦੋਹਾਂ ਪਦਾਂ ਨੂੰ ਜੋੜਦੇ ਹਾਂ ਤਾਂ ਮੋਟੇ ਤੌਰ ਤੇ ਨਾਰੀ ਦੇ ਬਹੁਪਾਸਾਰੀ ਅਨੁਭਵ ਦੀ ਗ੍ਰਹਿਣਸ਼ੀਲਤਾ/ਅਭਿਵਿਅਕਤੀ ਹੀ ਨਾਰੀ-ਸੰਵੇਦਨਾ ਅਖਵਾਉਂਦੀ ਹੈ। ਜਦੋਂ ਨਾਰੀ-ਸੰਵੇਦਨਾ ਪਦ ਕਾਵਿ ਨਾਲ ਜੁੜ ਜਾਂਦਾ ਹੈ ਤਾਂ ਇਹ ਨਾਰੀ ਦੀ ਉਸ ਮਨੋਵਿਗਿਆਨਿਕ, ਸਮਾਜਕ ਤੇ ਆਰਥਿਕ ਸਥਿਤੀ ਦਾ ਬੋਧਕ ਬਣ ਜਾਂਦਾ ਹੈ ਜੋ ਰੂਪਾਤਰਣ ਦੀ ਪ੍ਰਕਿਰਿਆ ਵਿਚੋਂ ਗੁਜ਼ਰਕੇ ਕਾਵਿ ਵਿਚ ਪ੍ਰਗਟ ਹੁੰਦੀ ਹੈ। ਅਜੋਕੇ ਨਾਰੀ ਸੰਬੰਧੀ ਚਿੰਤਨ ਨੇ ਇਸ ਨੁਕਤੇ ਉੱਪਰ ਬਲ ਦਿੱਤਾ ਹੈ ਕਿ ਨਾਰੀ ਦੀ ਸੰਵੇਦਨਾ ਨੂੰ ਨਾਰੀ ਹੀ ਵਧੇਰੇ ਚੰਗੀ ਤਰ੍ਹਾਂ ਸਮਝ ਤੇ ਸਿਰਜ ਸਕਦੀ ਹੈ ਅਤੇ ਉਨ੍ਹਾਂ ਸਮੱਸਿਆਵਾਂ ਤੇ ਗੁੰਝਲਾਂ ਦੀ ਭਾਲ ਕਰ ਸਕਦੀ ਹੈ ਜਿਨ੍ਹਾਂ ਵਿਚ ਉਸ ਦੀ ਤ੍ਰਾਸਦੀ ਦੇ ਬੀਜ ਛੁਪੇ ਹੋਏ ਹਨ। ਨਾਰੀ ਦੇ ਅਨੁਭਵ ਦੇ ਵਿਭਿੰਨ ਪਾਸਾਰ ਹਨ ਜਿਨ੍ਹਾਂ ਨੂੰ ਇਸਤਰੀ ਕਵੀ ਆਪਣੀਆਂ ਕਾਵਿ ਰਚਨਾਵਾਂ ਵਿਚ ਸਮੂਰਤ ਰੂਪ ਦੇਂਦੀਆਂ ਹਨ, ਮਿਸਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਤੌਰ 'ਤੇ : ਨਾਰੀ ਦਾ ਸਮਾਜਕ ਪਿਛੋਕੜ, ਆਰਥਿਕ ਹੀਣਤਾ ਅਤੇ ਉਸ ਵਿਚੋਂ ਪੈਦਾ ਹੋਣ ਵਾਲੀਆਂ ਸਮੱਸਿਆਂ, ਗਲਤ ਤੇ ਪਿਛਾਂਹਖਿੱਚੂ ਸਭਿਆਚਾਰਕ ਕਦਰਾਂ ਕੀਮਤਾਂ, ਪੱਖਪਾਤੀ ਰਵੱਈਆ, ਪਿਆਰ ਦੀ ਸਮਾਜਕ ਅਪ੍ਰਵਾਨਗੀ ਅਤੇ ਉਸ ਦੇ ਕਾਰਣ, ਪਰਿਵਾਰਕ ਜਾਂ ਵਿਵਾਹਿਤ ਜੀਵਨ ਵਿਚਾਲੇ ਤਨਾਉ ਆਦਿ। ਦੂਸਰੇ ਸ਼ਬਦਾਂ ਵਿਚ ਜਦੋਂ ਕੋਈ ਇਸਤਰੀ-ਕਵੀ ਨਾਰੀ ਦੀਆਂ ਸਰੀਰਕ, ਮਾਨਸਿਕ, ਮਨੋਵਿਗਿਆਨਕ ਸਮੱਸਿਆਵਾਂ ਤੇ ਮਜਬੂਰੀਆਂ ਨੂੰ ਅਰਥਾਤ ਉਸ ਦੇ ਜੀਵਨ-ਅਨੁਭਵ ਦੀਆਂ ਵਿਭਿੰਨ ਪਰਤਾਂ ਦਾ ਰੂਪਾਂਤਰਣ ਕਰ ਰਹੀ ਹੁੰਦੀ ਹੈ ਤਾਂ ਉਹ ਨਾਰੀ ਦੀ ਸੰਵੇਦਨਾ ਨੂੰ ਉਲੀਕ ਰਹੀ ਹੁੰਦੀ ਹੈ।

ਸੀਮਾਨ ਦੀ ਬੂਆ ਦਾ ਕਹਿਣਾ ਹੈ ਕਿ ਔਰਤਾਂ ਨੇ ਕਦੇ ਆਪਣੇ ਆਪ ਨੂੰ ਸੰਗਠਿਤ ਕਰਕੇ ਮਰਦਾਂ ਦੇ ਰੂਬਰੂ ਖੜੇ ਹੋਣ ਦਾ ਯਤਨ ਨਹੀਂ ਕੀਤਾ। ਇਸ ਲਈ ਔਰਤਾਂ ਦਾ ਨ ਕੋਈ ਅਤੀਤ ਹੈ, ਨ ਇਤਿਹਾਸ ਤੇ ਨ ਹੀ ਉਨ੍ਹਾਂ ਦਾ ਕੋਈ ਮਜ਼ੂਬ ਹੈ। ਉਹ ਮਰਦਾਂ ਦੀ ਦੁਨੀਆਂ ਵਿਚ ਖਿਲਰੀਆਂ ਪਈਆਂ ਹਨ। ਮਰਦਾਂ ਨਾਲ ਉਹ ਸਿਰਫ ਘਰੇਲੂ ਕੰਮ ਕਾਜ, ਆਰਥਿਕ ਨਿਰਭਰਤਾ ਤੇ ਸਮਾਜਕ ਰਿਸ਼ਤੇ ਦੀ ਦ੍ਰਿਸ਼ਟੀ ਤੋਂ ਜੁੜੀਆਂ ਹੋਈਆਂ ਹਨ। ਮਰਦ ਜਾਂ ਤਾਂ ਉਨ੍ਹਾਂ ਦੇ ਪਿਤਾ ਬਣੇ ਹਨ ਜਾਂ ਪਤੀ। ਇਹ ਮਰਦਾਂ ਦਾ ਬੁਰਜੂਆ ਦ੍ਰਿਸ਼ਟੀਕੋਣ ਹੈ ਜਿਸ ਦੀ ਔਰਤ ਹਮੇਸ਼ਾਂ ਤੋਂ ਸ਼ਿਕਾਰ ਰਹੀ ਹੈ।[8] ਤਾਂ ਵੀ ਵਰਤਮਾਨ ਸਮੇਂ ਵਿਚ ਵਿਕਸਤ ਹੋਏ ਨਾਰੀ ਸੰਵੇਦਨਾ ਦੇ ਸੰਕਲਪ ਦੀ ਭਲੀ-ਭਾਂਤ ਸਮਝ ਹਾਸਲ ਕਰਨ ਲਈ ਨਾਰੀ ਦੀ ਸਥਿਤੀ ਨੂੰ ਇਤਿਹਾਸਿਕ ਪਰਿਪੇਖ ਵਿਚ ਵਿਚਾਰਨਾ ਜ਼ਰੂਰੀ ਹੈ, ਕਿਉਂਕਿ ਵਰਤਮਾਨ ਦੀਆਂ ਜੜ੍ਹਾਂ ਹਮੇਸ਼ਾਂ ਅਤੀਤ ਵਿਚ ਹੁੰਦੀਆਂ ਹਨ। ਅਤੀਤ ਨੂੰ ਜਾਣੇ ਬਗੈਰ ਵਰਤਮਾਨ ਸੰਬੰਧੀ ਕੱਢੇ ਗਏ ਸਿੱਟੇ ਪ੍ਰਮਾਣਕ ਨਹੀਂ ਹੁੰਦੇ ਅਤੇ ਸਿੱਟਿਆਂ ਦੀ ਅਪ੍ਰਮਾਣਕਤਾ ਭਵਿੱਖ ਦਾ ਠੀਕ ਰਾਹ ਨਹੀਂ ਦਿਖਾ ਸਕਦੀ। ਸਾਡਾ ਮਕਸਦ ਨਾਰੀ ਦੀ ਦਸ਼ਾ ਨੂੰ ਇਤਿਹਾਸਕ ਪਰਿਪੇਖ ਵਿਚ ਪਛਾਣਨਾ ਵੀ ਹੈ ਅਤੇ ਉਸ ਦੀ ਦਿਸ਼ਾ ਦੀ ਠੀਕ ਨਿਸ਼ਾਨਦੇਹੀ ਕਰਨਾ ਵੀ। ਨਾਰੀ ਪ੍ਰਤਿ ਪੱਖਪਾਤੀ ਵਿਹਾਰ ਦਾ ਆਰੰਭ ਉਸ ਦੇ ਪਿਤਾ ਦੇ ਘਰ ਤੋਂ ਹੀ ਹੁੰਦਾ ਹੈ ਜਦੋਂ ਉਸ ਦੇ ਜੰਮਣ ਤੋਂ ਲੈ ਕੇ ਖਾਣ, ਪਹਿਨਣ, ਵਰ ਚੁਣਨ ਆਦਿ ਸਮੇਂ ਉਸ ਨੂੰ ਵੱਖ ਵੱਖ ਥਾਂਵਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਇਸ ਭੇਦ-ਭਾਵ ਭਰੇ ਵਤੀਰੇ ਦੇ ਮੂਲ ਕਾਰਣ ਆਰਥਿਕ ਹਨ। ਲੜਕੀ ਦੇ ਜੰਮਣ ਨਾਲ ਮਾਂ-ਬਾਪ ਆਪਣੇ ਉੱਪਰ ਬੋਝ ਮਹਿਸੂਸ ਕਰਦੇ ਹਨ। ਜਦੋਂ ਕਿ ਲੜਕੇ ਦਾ ਜਨਮ ਉਨ੍ਹਾਂ ਨੂੰ ਧੰਨ ਦੌਲਤ ਦੇ ਵਾਧੇ ਦਾ ਸੁਨੇਹਾ ਜਾਪਦਾ ਹੈ। ਨਾਰੀ ਨੂੰ ਸਮਾਜ ਵਿਚ ਸਹਿਜ-ਸੰਤੁਲਿਤ ਜੀਵਨ ਪ੍ਰਾਪਤ ਨਹੀਂ ਹੁੰਦਾ। ਬਚਪਨ ਵਿਚ ਉਸ ਨੂੰ ਪਿਤਾ, ਜਵਾਨੀ ਵਿਚ ਪਤੀ ਅਤੇ ਬੁਢਾਪੇ ਵਿਚ ਪੁੱਤਰ ਦੀ ਅਧੀਨਗੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਨਿਰਸੰਦੇਹ ਨਾਰੀ ਦਾ ਨਾਰੀਤਵ ਅਤੇ ਮਰਦ ਦਾ ਮਰਦਪਨ ਦੋ ਵੱਖੋ ਵੱਖਰੀਆਂ ਹੋਂਦਾਂ ਹਨ, ਪਰ ਇਹ ਦੋਵੇਂ ਇਕ ਦੂਸਰੇ ਦੀਆਂ ਪੂਰਕ ਹਨ, ਵਿਰੋਧੀ ਨਹੀਂ। ਵਿਰੋਧਾਭਾਵੀ ਸਥਿਤੀ ਇਹ ਹੈ ਕਿ ਪ੍ਰਕਿਰਤਕ ਪੱਧਰ ਉੱਪਰ ਤਾਂ ਗਹਿਰੇ ਸਰੀਰਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਲ ਸਦਕਾ ਇਹ ਇਕ ਦੂਸਰੇ ਦੀਆਂ ਪੂਰਕ ਬਣ ਜਾਂਦੀਆਂ ਹਨ, ਪਰ ਸਾਂਸਕ੍ਰਿਤਕ ਪੱਧਰ ਉਪਰ ਆ ਕੇ ਇਹ ਸੰਤੁਲਨ ਵਿਗੜ ਜਾਂਦਾ ਹੈ, ਅਰਥਾਤ ਇਕ ਨੂੰ ਤਾਕਤਵਰ ਅਤੇ ਦੂਸਰੇ ਨੂੰ ਕਮਜ਼ੋਰ ਸਮਝਿਆ ਜਾਂਦਾ ਹੈ। ਨਾਰੀ ਪ੍ਰਤਿ ਪੱਖਪਾਤੀ ਵਤੀਰੇ ਦਾ ਇਹ ਆਰੰਭ-ਬਿੰਦੂ ਹੈ। ਨਾਰੀ ਦਾ ਉਸ ਦੇ ਪਿਤਾ ਦੇ ਘਰ ਵਿਚ ਅਤੇ ਪਤੀ ਤੇ ਸਹੁਰਿਆਂ ਦੇ ਘਰ ਵਿਚ ਕੀਤਾ ਜਾਂਦਾ ਵਿਉਹਾਰ ਪਰਿਵਾਰ ਤੇ ਸਮਾਜ ਵਿਚ ਉਸ ਦੀ ਸਥਿਤੀ ਅਤੇ ਰੁਤਬੇ ਦਾ ਲਖਾਇਕ ਹੈ। ਉਸ ਉਪਰ ਨਿਤ ਦਿਨ ਸਮਾਜਕ ਜ਼ੁਲਮ ਅਤੇ ਜਬਰ ਹੁੰਦਾ ਹੈ। ਇਸ ਜ਼ੁਲਮ ਤੇ ਜਬਰ ਦੀ ਮਿਸਾਲ ਉਸ ਨੂੰ ਪਿਤਾ, ਪਤੀ ਅਤੇ ਸਹੁਰਿਆਂ ਦੇ ਘਰ ਵਿਚ ਪ੍ਰਾਪਤ ਅਧੀਨਗੀ-ਭਰਿਆ ਜੀਵਨ ਪੱਧਰ ਹੈ। ਪਿਤਾ ਦੇ ਘਰ ਵਿਚ ਉਸ ਨੂੰ ਮੁੰਡੇ, ਲੜਕੇ (ਪੁੱਤਰ) ਦੇ ਬਰਾਬਰ ਖੁਲ੍ਹ ਤੇ ਆਜ਼ਾਦੀ ਨਹੀਂ ਮਿਲਦੀ। ਇਥੋਂ ਤਕ ਹੀ ਉਸ ਦਾ ਜੰਮਣਾ ਹੀ ਇਕ ਪਰਿਵਾਰਿਕ ਕਲੰਕ ਸਮਝਿਆ ਜਾਂਦਾ ਹੈ। ਅੱਗੋਂ ਨਾ ਉਸਦੇ ਵਿਆਹ ਵਿਚ ਉਸ ਦੀ ਮਰਜ਼ੀ ਸ਼ਾਮਲ ਹੁੰਦੀ ਹੈ ਤੇ ਨਾ ਹੀ ਉਸ ਨੂੰ ਸਹੁਰਿਆਂ ਤੇ ਪਤੀ ਦੇ ਘਰ ਇੱਛਿਤ ਖੁਸ਼ੀ ਦੀ ਪ੍ਰਾਪਤੀ ਹੁੰਦੀ ਹੈ। ਮਰਜ਼ੀ ਦੀ ਜਗ੍ਹਾ ਮਜਬੂਰੀ ਭਰਿਆ ਜੀਵਨ ਬਸਰ ਕਰਨ ਦੇ ਨਾਲ ਨਾਲ ਉਸ ਨੂੰ ਪਤੀ ਤੇ ਸਹੁਰਿਆਂ ਦੇ ਦੁਰਵਿਹਾਰ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ। ਉ ਨਿਰੰਤਰ ਤਨਾਉ ਦੀ ਸਥਿਤੀ ਹੇਠ ਪਿਸਣਾ ਵੀ ਪੈਂਦਾ ਹੈ ਅਤੇ ਕਤਲ, ਆਤਮ-ਹਤਿਆ, ਬਲਾਤਕਾਰ, ਤਲਾਕ ਆਦਿ ਉਸ ਦਾ ਨਸੀਬ ਬਣ ਜਾਂਦੇ ਹਨ। ਅਜੇਹੀਆਂ ਸਮੱਸਿਆਵਾਂ ਨੂੰ ਕਿਸੇ ਨਾਰੀ ਦੀਆਂ ਘਰੇਲੂ ਕਿਸਮ ਦੀਆਂ ਸਮੱਸਿਆਵਾਂ ਜਾਂ ਨਿੱਜੀ ਕਿਸਮ ਦਾ ਮਸਲਾ ਆਖ ਕੇ ਸਮੱਸਿਆ ਪ੍ਰਤਿ ਉਦਾਸੀਨਤਾ ਵਾਲਾ ਰਵਈਆ ਅਪਨਾ ਲੈਣਾ ਉਚਿਤ ਨਹੀਂ। ਜ਼ਰੂਰਤ ਇਨ੍ਹਾਂ ਸਮੱਸਿਆਵਾਂ ਦੇ ਸਮਾਜਕ-ਸਭਿਆਚਾਰਕ ਕਾਰਣਾਂ ਦੀ ਭਾਲ ਕਰਨ ਦੀ ਹੈ। ਸਾਡੇ ਆਪਣੇ ਸਮਾਜ ਜਾਂ ਚੌਗਿਰਦੇ ਦੇ ਪ੍ਰਸੰਗ ਵਿਚ "ਇਹ ਅਫਸੋਸ ਦੀ ਗੱਲ ਹੈ ਕਿ ਦੇਸ਼ ਦੀ ਚਾਲੀ ਵਰ੍ਹਿਆਂ ਦੀ ਆਜ਼ਾਦੀ ਤੋਂ ਬਾਦ ਵੀ ਦਾਜ ਦਹੇਜ ਦੀ ਲਾਹਨਤ, ਜਗੀਰੂ ਰਸਮਾਂ ਅਤੇ ਵਿਸ਼ੇਸ਼ ਕਰਕੇ ਔਰਤ ਦੀ ਆਰਥਿਕ ਗੁਲਾਮੀ ਕਾਰਣ ਇਸਤਰੀਆਂ 'ਤੇ ਜਬਰ ਦੀਆਂ ਵਾਰਦਾਤਾਂ ਵਿਚ ਬਰਾਬਰ ਵਾਧਾ ਹੋ ਰਿਹਾ ਹੈ। ਧਰਮ ਦੇ ਨਾਂ 'ਤੇ ਔਰਤ ਨੂੰ ਜਿੰਦਾ ਜਲਾ ਦੇਣ ਦੀ ਸਭ ਤੋਂ ਤਾਜ਼ਾ ਮਿਸਾਲ ਦਿਉਰਾਲਾ ਦੀ ਰੂਪ ਕੰਵਰ ਦਾ ਕਤਲ ਹੈ।[9]

ਅਰਸਤੂ ਨੇ ਲਿਖਿਆ ਹੈ "ਨਾਰੀ ਇਸ ਕਰਕੇ ਨਾਰੀ ਹੈ ਕਿਉਂਕਿ ਉਸ ਅੰਦਰ ਕੁਝ ਗੁਣਾਂ ਦੀ ਘਾਟ ਹੁੰਦੀ ਹੈ।[10] ਨਾਰੀ ਨੂੰ "ਅਧੂਰੇ ਮਨੁੱਖ" (Imperfect man) ਨਾਲ ਵੀ ਤੁਲਨਾ ਦਿਤੀ ਗਈ ਹੈ।[11] ਇਸ ਨੂੰ ਮਰਦ ਦੀ ਹਉਂ, ਲੁੱਟ ਖਸੁੱਟ, ਲਿੰਗ-ਅਤੇ ਦਬਾਉ ਦਾ ਸ਼ਿਕਾਰ ਹੋਣ ਸਦਕਾ ਗੁਲਾਮਾਂ ਦੀ ਗੁਲਾਮ ਵੀ ਆਖਿਆ ਜਾਂਦਾ ਹੈ। ਜੇ ਰਤਾ ਪੰਜਾਬੀ ਲੋਕਮਨ ਉੱਪਰ ਝਾਤੀ ਮਾਰੀਏ ਤਾਂ ਕਿਤੇ ਨਾਰੀ ਨੂੰ ਚਲਿਤ੍ਰਹਾਰੀ ਕਿਹਾ ਗਿਆ ਹੈ ਕਿਤੇ ਬੇਵਫਾਈ ਦਾ ਚਿੰਨ੍ਹ ਦਸਿਆ ਗਿਆ ਹੈ। ਕਿਧਰੇ ਇਸ ਨੂੰ ਪਸ਼ੂਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਲ ਤੁਲਨਾ ਦਿਤੀ ਗਈ ਹੈ। ਸਾਡੇ ਅਖਾਣ ਇਸਤਰੀ ਪ੍ਰਤਿ ਸਾਡੀ ਮਾਨਸਿਕਤਾ ਦੇ ਜ਼ਾਮਨ ਕਹੇ ਜਾ ਸਕਦੇ ਹਨ, ਮਿਸਾਲ ਵਜੋਂ :

ੳ. ਇਕ ਜੁੱਤੀ ਲਾਹੀ ਦੂਜੀ ਪਾਈ

ਅ. ਤੀਂਵੀ ਮਰਦ ਦੀ ਜੁੱਤੀ ਨਾਲ ਹੰਢ ਜਾਂਦੀ ਹੈ।

ੲ. ਗੱਲੀਂ ਪਈ ਤੇ ਵੱਸਣੋ ਰਹੀ

ਸ. ਪਰ ਘਰ ਗਈ ਨਾ ਬਹੁੜਦੀ ਪੋਥੀ ਕਾਨੀ ਨਾਰ
ਟੁੱਟੀ ਫੁੱਟੀ ਹੀ ਮੁੜੇ ਜੇ ਮੋੜੇ ਕਰਤਾਰ।[12]

ਸਪੱਸ਼ਟ ਹੈ ਕਿ ਕਿਧਰੇ ਨਾਰੀ ਦੀ ਤੁਲਨਾ ਜੁੱਤੀ ਨਾਲ ਕੀਤੀ ਗਈ ਹੈ, ਕਿਧਰੇ ਉਸ ਦੇ ਮੇਲ-ਜੋਲ ਨੂੰ ਭੰਡਿਆ ਗਿਆ ਹੈ ਅਤੇ ਕਿਧਰੇ ਉਸ ਨੂੰ ਘਰ ਦੀ ਚਾਰਦੀਵਾਰੀ ਵਿਚ ਕੈਦ ਰਹਿਣ ਦਾ ਹਾਸੋ ਹੀਣਾ ਪੈਗਾਮ ਦਿਤਾ ਗਿਆ ਹੈ। ਸੰਸਾਰ ਦੀ ਅੱਧੀ ਵਸੋਂ ਹੋਣ ਅਤੇ ਸੰਸਾਰ-ਰਚਨਾ ਦਾ ਮਹੱਤਵ ਪੂਰਣ ਅੰਗ ਹੋਣ ਦੇ ਬਾਵਜੂਦ, ਨਾਰੀ ਨੂੰ ਕਿਤੇ ਪੈਰ ਦੀ ਜੁੱਤੀ ਕਿਹਾ ਗਿਆ ਹੈ, ਕਿਤੇ ਜਾਦੂਗਰਨੀ, ਕਿਤੇ ਵੇਸਵਾ, ਅਸ਼ੁੱਧ, ਮੂਰਖ ਕਿਤੇ ਨਾਗਨ ਤੇ ਬਾਘਨ, ਕਿਤੇ ਚਲਿੱਤਰ ਬਾਜ਼, ਕਿਤੇ ਧੋਖੇਬਾਜ਼ ਅਤੇ ਕਿਤੇ ਭੋਗ ਵਿਲਾਸ ਅਤੇ ਸੰਤਾਨ ਉਤਪਤੀ ਦਾ ਸਾਧਨ ਆਦਿ। ਤੁਲਸੀਦਾਸ ਨੇ ਏਥੋਂ ਤਕ ਲਿਖਿਆ ਹੈ :

ੳ. ਢੋਰ ਗੰਵਾਰ, ਸ਼ੂਦਰ ਪਸ਼ੂ ਨਾਰੀ
ਯੇ ਸਭ ਤਾੜਨ ਕੇ ਅਧਿਕਾਰੀ

ਅ. ਨਿਜ ਪ੍ਰਤੀਬਿੰਬ ਬਰੁਕ ਗਹਿਜਾਈ
ਜਾਨ ਨਾ ਜਾਏ ਨਾਰੀਗਤ ਭਾਈ।

ਸਪੱਸ਼ਟ ਹੈ ਕਿ ਤੁਲਸੀਦਾਸ ਨੇ ਨਾਰੀ ਨੂੰ ਇਕ ਪਾਸੇ ਪਸ਼ੂਆਂ ਵਾਂਗ ਡਾਂਟ-ਤਾੜ ਕੇ ਰੱਖਣ ਵਾਲਾ ਜੀਵ ਦੱਸਿਆ ਹੈ ਅਤੇ ਦੂਜੇ ਪਾਸੇ ਇਹ ਵੀ ਕਿਹਾ ਹੈ ਕਿ ਜਿਵੇਂ ਇਨਸਾਨ ਆਪਣੇ ਪਰਛਾਵੇਂ ਨੂੰ ਨਹੀਂ ਪਕੜ ਸਕਦਾ ਉਵੇਂ ਹੀ ਨਾਰੀ ਨੂੰ ਨਹੀਂ ਜਾਣਿਆ ਜਾ ਸਕਦਾ। ਮਰਦ ਨਿਰਮਿਤ ਸਮਾਜ ਦੇ ਨਾਰੀ ਵਿਰੋਧੀ ਰਵੱਈਏ ਦਾ ਹੀ ਇਕ ਉਦਾਹਰਣ ਇਹ ਹੈ ਕਿ ਸਮਾਜ ਵਿਚ ਲੜਕੇ ਦੇ ਜਨਮ ਉਤੇ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ ਜਦ ਕਿ ਲੜਕੀ ਦੇ ਜਨਮ ਉਤੇ ਘਰ ਵਿਚ ਸੋਗ ਛਾ ਜਾਂਦਾ ਹੈ। ਉਸ ਨੂੰ ਹਮੇਸ਼ਾਂ ਅਣਚਾਹੀ ਸੰਤਾਨ ਦਾ ਦਰਜਾ ਦਿਤਾ ਜਾਂਦਾ ਹੈ ਅਤੇ ਉਸ ਦੇ ਜਨਮ ਲੈਣ ਨੂੰ 'ਪੱਥਰ ਆ ਗਿਆ' ਕਹਿ ਕੇ ਤ੍ਰਿਸਕਾਰਿਆ ਜਾਂਦਾ ਹੈ। ਗਰਭਵਤੀ ਨਾਰੀ ਨੂੰ ਵੱਡੇ ਵਡੇਰਿਆਂ ਪਾਸੋਂ ਕਦੇ ਲੜਕੀ ਜੰਮਣ ਦਾ ਆਸ਼ੀਰਵਾਦ ਨਹੀਂ ਮਿਲਿਆ। ਵੇਦਾਂ ਵਿਚ ਵੱਖ ਵੱਖ ਥਾਵਾਂ ਉਪਰ ਲੜਕਾ ਪੈਦਾ ਕਰਨ ਤੇ ਲੜਕੀਆਂ ਨੂੰ ਪੈਦਾ ਹੋਣ ਤੋਂ ਰੋਕਣ ਲਈ ਧਾਗੇ ਤਵੀਤ ਕਰਨ ਦੇ ਢੰਗ ਤਰੀਕੇ ਦਰਸਾਏ ਗਏ ਹਨ। ਅਜੋਕੇ ਦੌਰ ਵਿਚ ਤਾਂ ਗਰਭ ਸਮੇਂ ਹੀ ਟੈਸਟਾਂ ਰਾਹੀਂ ਉਸ ਦੀ ਹੋਂਦ ਦਾ ਪਤਾ ਲਗਾ ਕੇ ਉਸ ਨੂੰ ਕਤਲ ਕਰ ਦਿੱਤਾ ਜਾਂਦਾ ਹੈ। ਕਹਿਣ ਦੀ ਜ਼ਰੂਰਤ ਨਹੀਂ ਕਿ ਜੁਗਾਂ ਜੁਗਾਂਤਰਾਂ ਤੋਂ ਮਨੁੱਖੀ ਸਮਾਜ ਵਿਚ ਮਰਦ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੁਲਨਾ ਵਿਚ ਨਾਰੀ ਦੀ ਸਥਿਤੀ ਹਮੇਸ਼ਾਂ ਹੀਣ ਹੀ ਰਹੀ ਹੈ। ਮਾਨਵ ਇਤਿਹਾਸ ਦੇ ਵਿਭਿੰਨ ਪੜਾਵਾਂ ਉਪਰ ਨਿਗਾਹ ਮਾਰਿਆਂ ਇਹ ਬਦਤਰ ਤੇ ਪਰਾਧੀਨ ਸਥਿਤੀ ਸਾਨੂੰ ਭਿੰਨ ਭਿੰਨ ਰੂਪਾਂ ਵਿਚ ਨਜ਼ਰ ਆਉਂਦੀ ਹੈ। ਅੱਜ ਸਵਾਲ ਇਹ ਨਹੀਂ ਕਿ ਔਰਤ ਬਦਤਰ ਜਾਂ ਪਰਾਧੀਨ ਸਥਿਤੀ ਦਾ ਸ਼ਿਕਾਰ ਹੈ ਜਾਂ ਨਹੀਂ ? ਜਾਂ ਉਸ ਦੀ ਮਾਂਦੀ ਹਾਲਤ ਹੈ ਜਾਂ ਨਹੀਂ ? ਇਸ ਪ੍ਰਸ਼ਨ ਦਾ ਉੱਤਰ ਤਾਂ ਸਮੱਚਾ ਮਾਨਵੀ ਇਤਿਹਾਸ ਖੁਦ ਹੈ। ਅੱਜ ਦਾ ਮੂਲ ਪ੍ਰਸ਼ਨ ਤਾਂ ਇਹ ਹੈ ਕਿ ਉਹ ਅਜਿਹੀ ਸਥਿਤੀ ਦਾ ਸ਼ਿਕਾਰ ਕਿਉਂ ਹੈ ? ਉਸ ਦੀ ਇਸ ਤ੍ਰਾਸਦੀ ਦੇ ਬੀਜ ਕਿਥੇ ਪਏ ਹਨ ? ਅਤੇ ਇਸ ਸਥਿਤੀ ਤੋਂ ਛੁਟਕਾਰਾ ਪਾਉਣ ਦਾ ਕੀ ਢੰਗ ਤਰੀਕਾ ਹੈ ? ਅਜਿਹੇ ਪ੍ਰਸ਼ਨਾਂ ਦੇ ਠੀਕ ਜੁਆਬ ਲਈ ਇਤਿਹਾਸ ਮਦਦਗਾਰ ਸ਼ਕਤੀ ਦੀ ਭੂਮਿਕਾ ਨਿਭਾ ਸਕਦਾ ਹੈ।

ਏਂਗਲਜ਼ ਨੇ ਮਨੁੱਖੀ ਵਿਕਾਸ ਦੇ ਤਿੰਨ ਪੜਾਵਾਂ[13] ਦਾ ਜ਼ਿਕਰ ਕੀਤਾ ਹੈ :

1. ਜੰਗਲੀ ਯੁੱਗ (Savagery
2. ਜਹਾਲਤ ਦਾ ਯੁੱਗ (Barbarism)
3. ਸਭਿਅਤਾ ਦਾ ਯੁੱਗ (Civilization)

ਇਨ੍ਹਾਂ ਵੱਖ ਵੱਖ ਯੁੱਗਾਂ ਜਾਂ ਪੜਾਵਾਂ ਵਿਚ ਨਾਰੀ ਦੀ ਸਥਿਤੀ ਵੱਖ ਵੱਖ ਰਹੀ ਹੈ। ਦਰਅਸਲ ਮਾਨਵੀ ਵਿਕਾਸ ਦੇ ਇਨ੍ਹਾਂ ਵੱਖ ਵੱਖ ਪੜਾਵਾਂ ਦੀ ਮਦਦ ਨਾਲ ਨਾਰੀ ਦੀ ਸਥਿਤੀ ਦਾ ਇਤਿਹਾਸਕ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਮਾਰਕਸਵਾਦੀ ਚਿੰਤਨ ਦੀ ਇਹ ਦ੍ਰਿੜ ਧਾਰਣਾ ਹੈ ਕਿ ਇਨ੍ਹਾਂ ਤਿੰਨਾਂ ਯੁੱਗਾਂ ਵਿਚ ਨਾਰੀ ਦੀ ਹਾਲਤ ਇਕੋ ਜਹੀ ਨਹੀਂ ਰਹੀ। ਆਰੰਭਲੀ ਅਵਸਥਾ ਅਰਥਾਤ ਪੂਰਵ-ਇਤਿਹਾਸਿਕ-ਯੁੱਗ ਵਿਚ ਨਾਰੀ ਮਰਦ ਦੇ ਅਧੀਨ ਨਹੀਂ ਸੀ। ਦਰਅਸਲ ਉਸ ਵਕਤ ਸ਼ੋਸ਼ਕ ਤੇ ਸ਼ੋਸ਼ਿਤ ਵਿਚਕਾਰ ਵਿਭਾਜਨ ਨਹੀਂ ਸੀ ਹੋਇਆ। ਇਹ ਵੀ ਕਿਹਾ ਜਾ ਸਕਦਾ ਹੈ ਕਿ ਨਾਰੀ ਤੇ ਪੁਰਸ਼ ਦੋਵੇਂ ਇਕ ਸਮਾਨ ਹੀ ਸਨ। ਇਸ ਯੁੱਗ ਵਿਚ ਨਾਰੀ ਸਰਵ-ਸ੍ਰੇਸ਼ਟ ਹੈਸੀਅਤ ਦੀ ਮਾਲਕ ਸੀ। ਇਹ ਯੁੱਗ ਏਂਗਲਜ਼ ਦੇ ਮਤ ਅਨੁਸਾਰ, ਹਜ਼ਾਰਾਂ ਵਰ੍ਹੇ ਰਿਹਾ ਪਰ ਇਸ ਦਾ ਕੋਈ ਸਿੱਧਾ ਸਬੂਤ ਅੱਜ ਸਾਨੂੰ ਪ੍ਰਾਪਤ ਨਹੀਂ। ਮਨੁੱਖੀ ਨਸਲ ਦੇ ਬਚਪਨ ਨਾਲ ਸੰਬੰਧਿਤ ਇਸ ਯੁੱਗ ਦੇ ਕੁਝ ਵਿਸ਼ੇਸ਼ ਗੁਣ ਇਸ ਪ੍ਰਕਾਰ ਦੱਸੇ ਜਾਂਦੇ ਹਨ :

ੳ. ਇਸ ਯੁੱਗ ਵਿਚ ਮਨੁੱਖ ਜੰਗਲਾਂ ਵਿਚ ਰਹਿੰਦਾ ਸੀ ਅਤੇ ਫੁੱਲ ਤੇ ਸ਼ਿਕਾਰ ਆਦਿ ਖਾ ਕੇ ਗੁਜ਼ਾਰਾ ਕਰਦਾ ਸੀ।

ਅ. ਇਸ ਯੁੱਗ ਵਿਚ ਲਿੰਗ-ਸੰਬੰਧਾਂ ਦੀ ਖੁੱਲ੍ਹ ਸੀ। ਹਰ ਨਾਰੀ, ਹਰ ਮਰਦ ਦੀ ਸੀ ਅਤੇ ਹਰ ਮਰਦ, ਹਰ ਨਾਰੀ ਦਾ।

ੲ. ਇਸ ਯੁੱਗ ਵਿਚ ਟੋਲੀ ਵਿਆਹ ਦੀ ਪਰੰਪਰਾ ਸੀ। ਇਸ ਪਰੰਪਰਾ ਤੋਂ ਬੱਚੇ ਦੀ ਮਾਂ ਦੀ ਟੋਹ ਤਾਂ ਮਿਲ ਜਾਂਦੀ ਸੀ ਪਰ ਉਸ ਦੇ ਪਿਉ ਬਾਰੇ ਕੁਝ ਵੀ ਨਿਸ਼ਚਿਤ ਰੂਪ ਵਿਚ ਨਹੀਂ ਕਿਹਾ ਜਾ ਸਕਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ. ਬਾਪ ਪ੍ਰਤਿ ਅਨਿਸ਼ਚਿਤਤਾ ਅਤੇ ਬੱਚੇ ਪੈਦਾ ਕਰਨ ਦੀ ਸ਼ਕਤੀ ਸਦਕਾ ਸਮਾਜ ਵਿਚ ਨਾਰੀ ਨੂੰ ਪੂਰਾ ਮਾਨ-ਸਨਮਾਨ ਵੀ ਪ੍ਰਾਪਤ ਸੀ।

ਹ. ਨਾਰੀ ਨੂੰ ਕਬੀਲੇ ਦਾ ਮੁਖੀ ਮੰਨਿਆ ਜਾਂਦਾ ਸੀ ਅਤੇ ਕਬੀਲੇ ਦੇ ਮੈਂਬਰ ਜੋ ਕੁਝ ਸਾਂਝੇ ਤੌਰ 'ਤੇ ਹਾਸਲ ਕਰਦੇ, ਨਾਰੀ ਸਭ ਵਿਚ ਉਸ ਨੂੰ ਵੰਡ ਦੇਂਦੀ ਸੀ। ਇਸ ਮਾਨਯੋਗ ਸਥਿਤੀ ਸਦਕਾ ਇਸ ਯੁੱਗ ਨੂੰ **ਮਾਤਰੀ-ਪ੍ਰਧਾਨ ਯੁੱਗ** ਦਾ ਨਾਂ ਦਿੱਤਾ ਜਾਂਦਾ ਹੈ।

ਜੰਗਲੀ ਯੁੱਗ ਦੇ ਖਾਤਮੇ ਅਤੇ ਜਹਾਲਤ ਦੇ ਯੁੱਗ ਦੇ ਆਰੰਭ ਨੂੰ ਔਰਤ ਦੀ ਮਹਾਨ ਇਤਿਹਾਸਿਕ ਹਾਰ ਦਾ ਨਾਂ ਦਿੱਤਾ ਜਾਂਦਾ ਹੈ।[14] (World historic defeat of female sex)। ਇਹ ਐਸਾ ਯੁੱਗ ਸੀ ਜਿਸ ਵਿਚ ਸਮਾਜ ਵਿਚ ਧੰਨ-ਸੰਪਤੀ ਉੱਪਰ ਮਰਦ ਦਾ ਅਧਿਕਾਰ ਹੋ ਗਿਆ ਅਤੇ ਹੌਲੀ ਹੌਲੀ ਨਾਰੀ ਜਾਤੀ ਮਰਦ ਉੱਪਰ ਆਸਰਿਤ ਹੋ ਗਈ। ਮੁੱਢਲੇ ਯੁੱਗ ਵਿਚ ਮਨੁੱਖ ਜੰਗਲਾਂ ਵਿਚ ਰਹਿੰਦਾ ਤੇ ਕੰਦ ਮੂਲ ਖਾ ਕੇ ਗੁਜ਼ਾਰਾ ਕਰਦਾ ਸੀ ਅਤੇ ਜੰਗਲ ਦੇ ਹਿੰਸਕ ਪਸ਼ੂਆਂ ਤੋਂ ਬਚਾਓ ਉਸ ਦਾ ਸਭ ਤੋਂ ਵੱਡਾ ਸੰਗ੍ਰਾਮ ਸੀ। ਇਸ ਤੋਂ ਪਿੱਛੋਂ ਮਨੁੱਖ ਨੇ ਅੱਗ ਦੀ ਖੋਜ ਵੀ ਕੀਤੀ ਅਤੇ ਤੀਰ-ਧਨੁਸ਼ ਆਦਿ ਹਥਿਆਰਾਂ ਦੀ ਵਰਤੋਂ ਵੀ ਆਰੰਭ ਕਰ ਦਿੱਤੀ। ਇਸੇ ਯੁੱਗ ਵਿਚ ਮਨੁੱਖ ਨੇ ਪਸ਼ੂ ਪਾਲਣ, ਉਨ੍ਹਾਂ ਦੀ ਨਸਲ ਵਧਾਉਣ ਅਤੇ ਖੇਤੀ ਕਰਨ ਦਾ ਮੁਢਲਾ ਢੰਗ ਤਰੀਕਾ ਸਿੱਖਿਆ। ਇਸ ਮਕਸਦ ਲਈ ਉਸ ਨੇ ਉਚਿਤ ਟਿਕਾਣਿਆਂ ਦੀ ਭਾਲ ਕੀਤੀ। ਪਸ਼ੂਆਂ ਲਈ ਚਾਰੇ ਦੀ ਜ਼ਰੂਰਤ ਵਿਚੋਂ ਹੀ ਖੇਤੀ ਬਾੜੀ ਦੇ ਕਿੱਤੇ ਦਾ ਆਰੰਭ ਹੋਇਆ। ਇਸੇ ਨੂੰ ਮਨੁੱਖ ਮੁੜ ਆਪਣੇ ਲਈ ਇਸਤੇਮਾਲ ਕਰਨ ਲੱਗਾ। ਮੁੱਢਲੇ ਯੁੱਗ ਵਿਚ ਨਾਰੀ-ਪੁਰਸ਼ ਸੰਬੰਧ, ਕਿਸੇ ਪ੍ਰਕਾਰ ਦੀ ਈਰਖਾ ਤੇ ਵਿਰੋਧ ਤੋਂ ਮੁਕਤ ਹੋਣ ਸਦਕਾ, ਸਹਿਜ ਤੇ ਸਰਲ ਸਨ। ਪਰ ਦੂਸਰੇ ਦੌਰ ਵਿਚ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਸਦਕਾ ਇਸ ਪਰਿਵਾਰ-ਪ੍ਰਬੰਧ ਦਾ ਦਾਇਰਾ ਸੀਮਿਤ ਹੋਣ ਲੱਗਾ। ਇਸ ਸੀਮਿਤ ਦਾਇਰੇ ਵਿਚ ਪਹਿਲਾਂ ਬਿਲਕੁਲ ਨੇੜੇ ਦੇ ਸੰਬੰਧਾਂ ਨੂੰ ਲਾਂਭੇ ਹਟਾ ਦਿੱਤਾ ਗਿਆ ਤੇ ਫਿਰ ਬਿਲਕੁਲ ਦੂਰ ਦੇ ਸੰਬੰਧਾਂ ਤੋਂ ਵੀ ਕਿਨਾਰਾ ਕਰ ਲਿਆ ਗਿਆ ਤੇ ਇੰਜ ਇਸ ਸਭ ਕੁਝ ਵਿਚੋਂ ਇਕ-ਨਾਰੀ-ਇਕ-ਪੁਰਸ਼ ਵਿਚ ਕਾਮ-ਸੰਬੰਧਾਂ ਦੀ ਸਥਾਪਨਾ ਹੋਈ। ਇਸ ਸੰਬੰਧ ਨੂੰ ਮਾਨਵ ਵਿਗਿਆਨੀ "Pairing Family" ਦਾ ਨਾਂ ਦੇਂਦੇ ਹਨ। ਪਰਿਵਾਰ-ਪ੍ਰਥਾ ਦੇ ਆਰੰਭ ਵਿਚ ਮਨੁੱਖਾਂ ਨੂੰ ਇਸਤਰੀਆਂ ਦੀ ਕਦੀ ਕਮੀ ਨਹੀਂ ਸੀ ਆਉਂਦੀ, ਪਰ ਇਸ ਯੁੱਗ ਵਿਰ ਇਸਤਰੀਆਂ ਦੀ ਕਮੀ ਹੋਣ ਲੱਗੀ। ਇਸਤਰੀਆਂ ਦੀ ਇਸੇ ਕਮੀ ਵਿਚੋਂ ਹੀ ਉਨ੍ਹਾਂ ਨੂੰ ਭਜਾਉਣ ਅਤੇ ਖਰੀਦਣ ਦਾ ਕੰਮ ਹੋਂਦ ਵਿਚ ਆਇਆ। ਇਸ ਸਮੇਂ ਦੀ ਪਰਿਵਾਰ-ਪ੍ਰਥਾ ਬਹੁਤ ਕਮਜ਼ੋਰ, ਅਸਥਾਈ ਅਤੇ ਢਿੱਲੀ ਪ੍ਰਥਾ ਸੀ। ਇਸ ਦੇ ਸੁਭਾਅ ਸਦਕਾ ਹੀ ਸੁਤੰਤਰ ਰੂਪ ਵਿਚ ਵਿਅਕਤੀਗਤ ਪਰਿਵਾਰ ਬਣਾਉਣ ਦੀ ਜ਼ਰੂਰਤ ਪੈਦਾ ਨਹੀਂ ਹੋਈ। ਇਸ ਤੋਂ ਇਲਾਵਾ ਇਸਤਰੀ ਪੁਰਸ਼ ਜਦ ਚਾਹੁਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੇ ਸੰਬੰਧਾਂ ਨੂੰ ਖਤਮ ਕਰ ਸਕਦੇ ਸਨ। ਇਸ ਪ੍ਰਥਾ ਵਿਚ, ਪਹਿਲੇ ਯੁੱਗ ਦੇ ਉਲਟ, ਬੱਚੇ ਦੇ ਬਾਪ ਦਾ ਪਤਾ ਲਾਉਣਾ ਮੁਸ਼ਕਿਲ ਨਹੀਂ ਸੀ। ਜਿੱਥੇ ਪਹਿਲੇ ਯੁੱਗ ਵਿਚ ਨਾਰੀ ਪੁਰਸ਼ ਦਾ ਬਰਾਬਰ ਹੱਥ ਵਟਾਉਂਦੀ ਸੀ ਉੱਥੇ ਇਸ ਯੁੱਗ ਵਿਚ ਉਸ ਨੂੰ ਘਰ ਦੇ ਕੰਮਾਂ ਤਕ ਸੀਮਿਤ ਕੀਤਾ ਜਾਣ ਲੱਗਾ। ਇਸੇ ਸਦਕਾ ਉਸ ਦੀ ਮਹੱਤਾ ਘਟਣ ਲੱਗੀ। ਪੈਦਾਵਾਰੀ ਸਾਧਨਾਂ ਅਤੇ ਧਨ-ਦੌਲਤ ਦੇ ਵਾਧੇ ਨਾਲ ਪੁਰਸ਼ ਲਗਾਤਾਰ ਰੁਤਬੇ ਦੇ ਪੱਖੋਂ ਇਸਤਰੀ ਨਾਲੋਂ ਤਕੜਾ ਹੁੰਦਾ ਗਿਆ। ਰੁਤਬੇ ਤੇ ਅਹੁਦੇ ਦੀ ਇਸੇ ਤਕੜਾਈ ਨੇ ਉਸ ਅੰਦਰ ਇਸ ਇੱਛਾ ਨੂੰ ਜਨਮ ਵੀ ਦਿੱਤਾ ਕਿ ਉਸ ਦੀ ਜਾਇਦਾਦ ਦੇ ਵਾਰਿਸ ਸਿਰਫ ਉਸਦੇ ਆਪਣੇ ਬੱਚੇ ਹੀ ਬਣਨ। ਇਸ ਸਭ ਕੁਝ ਵਿਚੋਂ ਹੀ ਇਸਤਰੀ ਪ੍ਰਧਾਨ ਸਮਾਜ ਦੀ ਬਜਾਏ ਪੁਰਸ਼-ਪ੍ਰਧਾਨ ਸਮਾਜ ਹੋਂਦ ਵਿਚ ਆਉਣ ਲੱਗਾ। ਇਸ ਦੌਰ ਤੋਂ ਦਰਅਸਲ ਸਮਾਜ ਵਿਚ ਇਸਤਰੀ ਦੀ ਦੂਸਰੇ ਦਰਜੇ ਦੀ ਹੋਂਦ ਵਾਲੀ ਸਥਿਤੀ ਦਾ ਆਰੰਭ ਹੁੰਦਾ ਹੈ। ਇਸ ਯੁੱਗ ਦੇ ਕੁਝ ਵਿਸ਼ੇਸ਼ ਲੱਛਣ ਇਸ ਪ੍ਰਕਾਰ ਹਨ :

ੳ. ਇਸ ਯੁੱਗ ਵਿਚ ਟੋਲੀ ਵਿਆਹਾਂ ਦੀ ਬਜਾਏ ਜੋੜਾ-ਵਿਆਹਾਂ ਦਾ ਆਰੰਭ ਹੋਇਆ ਜਿਸ ਵਿਚ ਇਕ ਪੁਰਸ਼ ਤੇ ਇਕ ਇਸਤਰੀ ਅਸਥਾਈ ਲਿੰਗ-ਸੰਬੰਧਾਂ ਵਿਚ ਬੱਝਦੇ ਸਨ।

ਅ. ਵਿਹਾਰਕ ਤਜਰਬੇ ਨੇ ਮਰਦ ਨੂੰ ਇਹ ਸੂਝ ਦਿੱਤੀ ਕਿ ਨੇੜਲੇ ਰਿਸ਼ਤਿਆਂ ਵਿਚ ਵਿਆਹ ਨਾ ਕਰਨ ਵਾਲੇ ਜੋੜਿਆਂ ਦੀ ਔਲਾਦ ਵਧੇਰੇ ਰਿਸ਼ਟ-ਪੁਸ਼ਟ ਹੁੰਦੀ ਹੈ।

ੲ. ਇਸ ਯੁੱਗ ਵਿਚ ਕਬੀਲੇ ਦੀ ਸਾਂਝੀ ਜਾਇਦਾਦ ਦੀ ਥਾਂ ਖ਼ੂਨ ਦੇ ਰਿਸ਼ਤਿਆਂ ਵਿਚ ਬੱਝੇ ਗੁਣਾਂ ਨੇ ਲੈਣੀ ਸ਼ੁਰੂ ਕਰ ਦਿਤੀ।

ਸ. ਇਸ ਯੁੱਗ ਵਿਚ ਕਿਰਤ ਦੀ ਪਹਿਲੀ ਸਮਾਜਕ ਵੰਡ ਦਾ ਮੁੱਢ ਬੱਝਾ। ਜੀਵਨ-ਨਿਰਬਾਹ ਕਰਨ ਲਈ ਪੈਦਾਵਾਰ ਕਰਨ ਅਤੇ ਇਸ ਲਈ ਲੋੜੀਂਦੇ ਔਜ਼ਾਰਾਂ ਦੀ ਮਾਲਕੀ ਪੁਰਸ਼ ਦੇ ਹੱਥਾਂ ਵਿਚ ਚਲੀ ਗਈ ਅਤੇ ਔਰਤ ਦੇ ਜ਼ਿੰਮੇ ਘਰ ਦੀ ਦੇਖ ਭਾਲ ਅਤੇ ਬੱਚਿਆਂ ਦੀ ਸਾਂਭ-ਸੰਭਾਲ ਦਾ ਕੰਮ ਲੱਗ ਗਿਆ। ਇਸੇ ਸਦਕਾ ਮਾਤਰੀ-ਪ੍ਰਧਾਨ ਸਮਾਜ ਦਾ ਪਤਨ ਆਰੰਭ ਹੋਇਆ।

ਹ. ਨਿੱਜੀ ਜਾਇਦਾਦ ਦਾ ਮੁੱਢ ਉਦੋਂ ਬੱਝਾ ਜਦੋਂ ਵਾਧੂ ਪੈਦਾਵਾਰ ਹੋਣ ਲੱਗੀ। ਇਸ ਦੀ ਮਾਲਕੀ ਦਾ ਅਧਿਕਾਰ ਪੁਰਸ਼ ਪਾਸ ਸੀ। ਇਸ ਨਿੱਜੀ ਜਾਇਦਾਦ ਪ੍ਰਤਿ ਮੋਹ-ਭਾਵਨਾ ਅਤੇ ਸਾਂਭ-ਸੰਭਾਲ ਲਈ ਪੁਰਸ਼ ਅੰਦਰ ਹਕੀਕੀ ਵਾਰਿਸ ਦੀ ਇੱਛਾ ਨੇ ਜਨਮ ਲਿਆ। ਉਸ ਦੀ ਇਸੇ ਇੱਛਾ ਨੇ ਸਥਾਈ ਵਿਆਹ-ਪ੍ਰਥਾ ਨੂੰ ਜਨਮ ਦਿੱਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਂਗਲਜ਼ ਦਾ ਕਥਨ ਹੈ ਕਿ ਕਿਰਤ ਦੀ ਪਹਿਲੀ ਸਮਾਜ ਵੰਡ ਨਾਲ ਔਰਤ ਨੂੰ ਪੈਦਾਵਾਰੀ ਅਮਲ ਤੋਂ ਜਦੋਂ ਲਾਂਭੇ ਕੀਤਾ ਗਿਆ ਤੇ ਇਸ ਸਦਕਾ ਜਦੋਂ ਪਰਿਵਾਰ ਅੰਦਰ ਉਸ ਦੀ ਸਰਦਾਰੀ ਖੁੱਸਣੀ ਆਰੰਭ ਹੋਈ ਤਾਂ ਇਹ ਨਾਰੀ ਜਾਤੀ ਦੀ ਵਿਸ਼ਵ ਇਤਿਹਾਸਕ ਮਹੱਤਵ ਵਾਲੀ ਹਾਰ ਸੀ।

ਜੰਗਲੀ ਯੁੱਗ ਅਤੇ ਜਹਾਲਤ ਦੇ ਯੁੱਗ ਵਿਚ ਨਾਰੀ ਦੀ ਸਥਿਤੀ ਉੱਪਰ ਵਿਚਾਰ ਕਰਨ ਤੋਂ ਬਾਦ ਹੁਣ ਅਸੀਂ ਸਭਿਅ ਯੁੱਗ ਵਿਚ ਉਸਦੀ ਸਥਿਤੀ ਦਾ ਜਾਇਜ਼ਾ ਲਵਾਂਗੇ। ਸਭਿਅਤਾ ਦੇ ਯੁੱਗ ਦੇ ਤਿੰਨ ਪੜਾਅ ਮੰਨੇ ਜਾਂਦੇ ਹਨ :

1. ਗੁਲਾਮਦਾਰੀ ਯੁੱਗ
2. ਸਾਮੰਤਵਾਦੀ/ਜਗੀਰਦਾਰੀ ਯੁੱਗ
3. ਪੂੰਜੀਵਾਦੀ ਯੁੱਗ

ਗੁਲਾਮਦਾਰੀ ਯੁੱਗ ਵਿਚ ਨਾਰੀ ਦੀ ਸਥਿਤੀ ਉੱਪਰ ਵਿਚਾਰ ਕਰਦਿਆਂ ਹਿੰਦੀ ਦੇ ਸੁਪ੍ਰਸਿੱਧ ਲੇਖਕ ਸਵੈਸਾਚੀ ਨੇ ਲਿਖਿਆ ਹੈ ਕਿ "ਗੁਲਾਮਦਾਰੀ ਯੁੱਗ ਵਿਚ ਉਹ ਮਿਹਨਤ ਵੀ ਕਰਦੀ ਸੀ, ਕਈ ਵਾਰ ਆਪਣੀ ਮਰਜ਼ੀ ਦੇ ਵਿਰੁੱਧ ਮਾਲਕਾਂ ਦੀ ਕਾਮ-ਵਾਸ਼ਨਾ ਦਾ ਸ਼ਿਕਾਰ ਵੀ ਹੁੰਦੀ ਸੀ ਅਤੇ ਆਪਣੀਆਂ ਅੱਖਾਂ ਦੇ ਸਾਹਮਣੇ ਆਪਣੇ ਜਿਗਰ ਦੇ ਟੁਕੜਿਆਂ ਨੂੰ ਗਾਜਰਾਂ ਮੂਲੀਆਂ ਦੀ ਤਰ੍ਹਾਂ ਵਿਕਦਿਆਂ ਤੇ ਵਿਛਦਿਆਂ ਹੋਇਆਂ ਅਤੇ ਦੂਰ ਦੁਰਾਡੇ ਦੇਸ਼ਾਂ ਵਿਚ ਭੇਜੇ ਜਾਂਦਿਆਂ ਵੀ ਦੇਖਦੀ ਰਹਿੰਦੀ ਸੀ।"[15]

ਜਿਵੇਂ ਕਿ ਅਸੀਂ ਪਹਿਲਾਂ ਜ਼ਿਕਰ ਕਰ ਚੁੱਕੇ ਹਾਂ ਕਿ ਜਹਾਲਤ ਦੇ ਯੁੱਗ ਵਿਚ ਹੀ ਕੰਮ-ਵੰਡ ਆਰੰਭ ਹੋ ਚੁੱਕੀ ਸੀ ਅਤੇ ਹੌਲੀ ਹੌਲੀ ਬਿਹਤਰ ਪੈਦਾਵਾਰੀ-ਸਾਧਨਾਂ ਦੀ ਵਰਤੋਂ ਨਾਲ ਸਮਾਜ ਵਿਚ ਜ਼ਰੂਰਤ ਤੋਂ ਵਧੇਰੇ ਉਤਪਾਦਨ ਹੋਣ ਲੱਗ ਪਿਆ ਸੀ। ਦਰਅਸਲ ਵਰਗ ਵੰਡ ਦਾ ਕਾਰਣ ਹੀ ਫਾਲਤੂ ਉਤਪਾਦਨ ਅਤੇ ਨਿਜੀ ਜ਼ਾਇਦਾਦ ਦੀ ਹੋਂਦ ਵਿਚ ਵਿਸ਼ਵਾਸ ਸੀ। ਏਂਗਲਜ਼ ਨੇ ਆਪਣੀ ਪੁਸਤਕ **ਟੱਬਰ, ਨਿੱਜੀ ਜਾਇਦਾਦ ਤੇ ਰਾਜ ਦੀ ਉਤਪਤੀ** ਵਿਚ ਇਸ ਸਾਰੀ ਸਥਿਤੀ ਨੂੰ ਹੇਠ ਲਿਖੇ ਅਨੁਸਾਰ ਬਿਆਨ ਕੀਤਾ ਹੈ :

> ਸਭਨਾਂ ਸ਼ਾਖਾਂ : ਪਸ਼ੂ ਪਾਲਣ, ਖੇਤੀ, ਘਰੇਲੂ ਦਸਤਕਾਰੀ ਵਿਚ ਉਤਪਾਦਨ ਦੇ ਵਾਧੇ ਨੇ ਮਨੁੱਖੀ ਕਿਰਤ-ਸ਼ਕਤੀ ਨੂੰ ਉਸ ਨਾਲੋਂ ਕਿਤੇ ਵੱਧ ਉਪਜ ਕਰਨ ਦੇ ਯੋਗ ਬਣਾਇਆ ਜਿੰਨਾ ਇਸ ਦੇ ਨਿਰਬਾਹ ਲਈ ਲਾਜ਼ਮੀ ਸੀ। ਇਹਦੇ ਨਾਲ ਹੀ ਨਾਲ ਇਸ ਨੇ ਕੰਮ ਦੀ ਉਹ ਮਾਤਰਾ ਵਧਾ ਦਿੱਤੀ ਜਿਹੜੀ ਗੋਤ ਜਾਂ ਪਰਿਵਾਰਕ ਭਾਈਚਾਰੇ ਜਾਂ ਇਕੱਲੇ ਟੱਬਰ ਦੇ ਹਰ ਵਿਅਕਤੀ ਦੇ ਸਿਰ ਪੈਂਦੀ ਸੀ। ਹੋਰ ਕਿਰਤ ਸ਼ਕਤੀ ਦਾ ਵਾਧਾ ਲੋੜੀਂਦਾ ਬਣ ਗਿਆ। ਇਹ ਯੁੱਧ ਨੇ ਦਿੱਤਾ। ਕੈਦੀਆਂ ਨੂੰ ਗੁਲਾਮ ਬਣਾ ਲਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂਦਾ। ਪ੍ਰਚਲਿਤ ਆਮ ਇਤਿਹਾਸਕ ਪਰਿਸਥਿਤੀਆਂ ਵਿਚ, ਕਿਰਤ ਦੀ ਪਹਿਲੀ ਮਹਾਨ ਵੰਡ ਨੇ, ਕਿਰਤ ਦੀ ਉਪਜਾਇਕਤਾ ਵਧਾ ਕੇ, ਅਰਥਾਤ ਦੌਲਤ ਅਤੇ ਉਤਪਾਦਨ ਦਾ ਖੇਤਰ ਵਡੇਰਾ ਕਰਕੇ, ਲਾਜ਼ਮੀ ਤੌਰ ਤੇ ਇਹਦੀ ਪੈੜ ਉੱਤੇ ਗੁਲਾਮੀ ਨੂੰ ਜਨਮ ਦਿਤਾ। ਕਿਰਤ ਦੀ ਪਹਿਲੀ ਮਹਾਨ ਸਮਾਜੀ ਵੰਡ ਤੋਂ ਸਮਾਜ ਦੀ ਪਹਿਲੀ ਮਹਾਨ ਵੰਡ ਹੋਂਦ ਵਿਚ ਆਈ, ਦੋ ਸ਼੍ਰੇਣੀਆਂ ਵਿਚ ਵੰਡ : ਮਾਲਕ ਤੇ ਗੁਲਾਮ, ਲੋਟੂ ਅਤੇ ਲੁੱਟੇ ਖਸੁਟੇ।[16]

ਵਧੇ ਹੋਏ ਉਤਪਾਦਨ, ਕਿਰਤ-ਵੰਡ ਅਤੇ ਵਰਗ-ਵੰਡ ਦੇ ਇਸ ਯੁੱਗ ਵਿਚ ਨਾਰੀ ਦੀ ਸਥਿਤੀ ਕੁਝ ਇਸ ਪ੍ਰਕਾਰ ਸੀ :

ੳ. ਨਾਰੀ ਨੂੰ ਉਤਪਾਦਨ ਦੇ ਖੇਤਰ ਵਿਚੋਂ ਬਿਲਕੁਲ ਬਾਹਰ ਰੱਖਿਆ ਗਿਆ। ਉਸ ਦਾ ਕਾਰਜ-ਖੇਤਰ ਘਰ ਤਕ ਹੀ ਸੁੰਗੜਿਆ ਰਿਹਾ। ਸਮਕਾਲੀ ਸਮਾਜ ਵਿਚ ਗੁਲਾਮ ਮਨੁੱਖ ਜਿਥੇ ਆਪਣੇ ਮਾਲਕਾਂ ਦੀ ਸੰਪਤੀ ਸਨ, ਉਥੇ ਨਾਰੀ ਖੁਦ ਵੀ ਉਸ ਦੀ ਮਲਕੀਅਤ ਬਣ ਗਈ। ਇਸ ਢਾਂਚੇ ਵਿਚ ਨਾਰੀ ਦੋਹਰੀ-ਤੀਹਰੀ ਲੁੱਟ ਦਾ ਸ਼ਿਕਾਰ ਹੋਈ, ਜਿਵੇਂ ਹਾਕਮ ਜਾਂ ਲੋਟੂ ਸ਼੍ਰੇਣੀ ਦੇ ਪੁਰਸ਼ਾਂ ਤੇ ਇਸਤਰੀਆਂ ਦੀ ਗੁਲਾਮੀ ਅਤੇ ਪਤੀ ਦੀ ਅਧੀਨਗੀ।

ਅ. ਉਹ ਮਹਿਜ਼ ਪੁਰਸ਼ ਦੀ ਭੋਗ-ਸਾਮਗ੍ਰੀ ਅਤੇ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਬਣ ਕੇ ਰਹਿ ਗਈ। ਇਸ ਸੰਬੰਧ ਵਿਚ ਮਨੂੰ ਦਾ ਕਥਨ ਹੈ : "ਗਰਭ ਰੱਖਣ ਵਾਸਤੇ ਤ੍ਰੀਮਤ ਨੂੰ ਤੇ ਗਰਭ ਬਣਾਉਣ ਵਾਸਤੇ ਪੁਰਸ਼ ਨੂੰ ਉਤਪਤ ਕੀਤਾ ਗਿਆ ਹੈ।...ਵੇਦ ਵਿਚ ਔਰਤ ਮਰਦ ਦਾ ਇਹ ਸਿੱਧਾ ਸਾਦਾ ਧਰਮ ਹੈ।"[17]

ੲ. ਪੁੱਤਰ ਨੂੰ ਮੁਕਤੀ ਪ੍ਰਾਪਤੀ ਨਾਲ ਜੋੜਿਆ ਗਿਆ ਅਤੇ ਲੜਕੀ ਦੇ ਜਨਮ ਨੂੰ ਚੰਗਾ ਨਾ ਸਮਝਿਆ ਜਾਣ ਲੱਗਾ। ਸਗੋਂ ਉਹ ਜ਼ਿੰਮੇਂਵਾਰੀਆਂ, ਆਫ਼ਤ ਅਤੇ ਬੋਝ ਦਾ ਪ੍ਰਤੀਕ ਸਮਝੀ ਜਾਣ ਲੱਗੀ। ਪੁੱਤਰ ਨਾਲ ਧਾਰਮਿਕ ਭਾਵਨਾ ਜੁੜੀ ਹੋਣ ਸਦਕਾ ਪੁੱਤਰ ਨਾ ਹੋਣ ਦੀ ਸੂਰਤ ਵਿਚ ਪੁਰਸ਼ ਨੇ ਦੂਸਰਾ ਵਿਆਹ ਕਰਾਉਣਾ ਆਰੰਭ ਕਰ ਦਿੱਤਾ।

ਸ. ਇਸ ਯੁੱਗ ਵਿਚ ਇਕ ਵਿਆਹ ਕਰਾਉਣ ਦਾ ਰਿਵਾਜ਼ ਪ੍ਰਚਲਿਤ ਸੀ, ਪਰ ਇਹ ਬੰਦਿਸ਼ ਵਧੇਰੇ ਕਰਕੇ ਨਾਰੀ ਉੱਪਰ ਹੀ ਲਾਗੂ ਸਮਝੀ ਜਾਂਦੀ ਸੀ। ਲੋਟੂ ਤੇ ਹਾਕਮ ਜਮਾਤ ਦੇ ਮਰਦ ਇਕ ਤੋਂ ਵੱਧ ਵਿਆਹ ਕਰਾਉਣ ਵਿਚ ਆਪਣੀ ਸ਼ਾਨ ਮਹਿਸੂਸ ਕਰਦੇ ਸਨ।

ਹ. ਨਿਪੁੰਸਕ ਹੋਣ ਦੀ ਸੂਰਤ ਵਿਚ ਪਤੀ ਆਪਣੀ ਪਤਨੀ ਨੂੰ ਉਸ ਦੀ ਮਰਜ਼ੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਪਰਵਾਹ ਕੀਤੇ ਬਿਨਾਂ ਆਪਣੇ ਭਰਾ, ਕਿਸੇ ਹੋਰ ਪੁਰਸ਼ ਜਾਂ ਰਿਸ਼ੀ ਨਾਲ ਸਰੀਰਕ ਸੰਬੰਧ ਬਣਾਉਣ ਦਾ ਆਦੇਸ਼ ਦੇ ਸਕਦਾ ਸੀ।

ਕ. ਪੁਰਸ਼ ਇਸਤਰੀ ਪਾਸੋਂ ਸੁਹਿਰਦ ਅਤੇ ਅਧੀਨ ਰਹਿਣ ਦੀ ਮੰਗ ਕਰਦਾ ਸੀ। ਇਸ ਸੰਬੰਧ ਵਿਚ ਮਨੂੰ ਦਾ ਕਥਨ ਵਰਣਨਯੋਗ ਹੈ : "ਇਸਤਰੀ ਭਾਵੇਂ ਕਿਸੇ ਉਮਰ ਦੀ ਹੋਵੇ, ਸੁਤੰਤਰ ਕੰਮ ਨ ਕਰੇ। ਬਾਲਪਨ ਵਿਚ ਪਿਤਾ ਦੀ, ਜੁਆਨੀ ਵਿਚ ਪਤੀ ਦੀ, ਰੰਡੀ ਹੋ ਕੇ ਪੁੱਤਰਾਂ ਦੀ ਆਗਿਆ ਪਾਲੇ। ਇਸਤ੍ਰੀ, ਪਿਤਾ, ਭਾਈ, ਪੁੱਤਰ ਦੀ ਆਗਿਆ ਦੇ ਉਲੰਘਣ ਦੀ ਕਦੀ ਇੱਛਾ ਨਾ ਕਰੇ। ਪਿਤਾ, ਭਾਈ ਜਿਸ ਨਾਲ ਜੋੜ ਦੇਣ ਉਸ ਪਤੀ ਦੀ ਸੇਵਾ ਕਰੇ ਅਰ ਰੰਡੀ ਹੋ ਕੇ ਪਰ ਪੁਰਸ਼ ਨਾਲ ਪਿਆਰ ਕਦੀ ਨਾ ਕਰੇ। ਭਾਵੇਂ ਪਤੀ ਬੇਗੁਣ, ਵਿਭਚਾਰੀ ਵੀ ਹੋਵੇ, ਪਤੀਬ੍ਰਤ ਇਸਤਰੀ ਉਸ ਦੀ ਸੇਵਾ ਤੋਂ ਮੂੰਹ ਨਾ ਮੋੜੇ। ਪਤੀਵ੍ਰਤਾ ਇਸਤਰੀ ਆਪਣੇ ਪਤੀ ਦੇ ਮਰ ਜਾਣ ਪਿਛੋਂ ਵੀ ਉਸ ਦੀ ਆਗਿਆ ਪਾਲੇ ਅਤੇ ਪਿਛੋਂ ਦੂਜਾ ਪਤੀ ਨਾ ਕਰੇ।"[18]

ਸੰਖੇਪ ਵਿਚ ਇਸ ਦੌਰ ਵਿਚ ਸਭਿਆਚਾਰਕ ਮੁੱਲਾਂ ਦਾ ਕੁਝ ਅਜਿਹਾ ਤਾਣਾ ਪੇਟਾ ਬੁਣਿਆ ਗਿਆ ਕਿ ਨਾਰੀ ਨੇ ਪੁਰਸ਼ ਦੀ ਪ੍ਰਭੁਤਾ ਨੂੰ ਸਵੀਕਾਰ ਕਰ ਲਿਆ ਅਤੇ ਉਸ ਪ੍ਰਤੀ ਵਫ਼ਾਦਾਰੀ ਦਾ ਜੀਵਨ ਬਤੀਤ ਕਰਦੀ ਹੋਈ ਪੂਰਨ ਅਧੀਨਗੀ ਦੀ ਅਵਸਥਾ ਵਿਚ ਵਿਚਰਣ ਲੱਗੀ।

ਗੁਲਾਮਦਾਰੀ ਪੜਾਅ ਤੋਂ ਬਾਦ ਜਾਗੀਰਦਾਰੀ, ਸਾਮੰਤਵਾਦੀ ਜਾਂ ਫਿਊਡਲ ਪੜਾਅ ਆਉਂਦਾ ਹੈ। ਇਸ ਪੜਾਅ ਉੱਪਰ ਪਿਛਲੇ ਗੁਲਾਮਦਾਰੀ ਪੜਾਅ ਦੇ ਗੁਣ ਸਹਿਜ ਰੂਪ ਵਿਚ ਹੀ ਪ੍ਰਵੇਸ਼ ਕਰ ਗਏ। ਜਾਗੀਰਦਾਰੀ ਦਾ ਆਧਾਰ ਜ਼ਮੀਨ ਉਤੇ ਜਗੀਰਦਾਰ ਦੀ ਮਾਲਕੀ ਹੈ। ਜ਼ਮੀਨ ਉਪਰ ਮਾਲਕੀ ਦੇ ਨਾਲ ਨਾਲ ਉਹ ਜ਼ਮੀਨ ਉੱਪਰ ਕੰਮ ਕਰਨ ਵਾਲਿਆਂ ਉੱਪਰ ਵੀ ਆਪਣੀ ਮਾਲਕੀ ਸਮਝਦਾ ਹੈ। ਇਸ ਪ੍ਰਬੰਧ ਵਿਚ ਕੰਮ ਕਰਨ ਵਾਲਿਆਂ ਪਾਸ, ਚਾਹੇ ਉਹ ਕਿਸਾਨ ਹੋਣ ਜਾਂ ਦਸਤਕਾਰ, ਪੈਦਾਵਾਰ ਦੇ ਆਪਣੇ ਸਾਧਨ ਹੁੰਦੇ ਹਨ। ਇਸ ਪੜਾਅ ਉਪਰ ਆਰਥਿਕ ਰਿਸ਼ਤਿਆਂ ਨੂੰ ਧਾਰਮਿਕ ਪਾਣ ਚਾੜ੍ਹ ਕੇ ਇਸ ਤਰ੍ਹਾਂ ਪੇਸ਼ ਕੀਤਾ ਜਾਣ ਲੱਗਾ ਕਿ ਸ਼ੋਸ਼ਿਤ ਧਿਰ ਨੂੰ ਆਪਣੀ ਮਿਹਨਤ ਦਾ ਬਹੁਤ ਸਾਰਾ ਹਿੱਸਾ ਸ਼ੋਸ਼ਕ ਧਿਰ ਨੂੰ ਦੇਣਾ ਪੈਂਦਾ। ਸ਼ੋਸ਼ਿਤ ਧਿਰ ਹਰ ਪ੍ਰਕਾਰ ਦੇ ਆਰਾਮ, ਸੁੱਖ ਤੇ ਚੈਨ ਨੂੰ ਪਾਰਲੌਕਿਕ ਜਗਤ ਵਿਚ ਸਾਕਾਰ ਹੋਣ ਵਿਚ ਵਿਸ਼ਵਾਸ ਰੱਖਦੀ। ਜਮਾਤੀ ਸਮਾਜ ਵਿਚਲੇ ਲੋਟੂ ਤੇ ਲੁੱਟੀਂਦੇ ਦੇ ਆਪਸੀ ਰਿਸ਼ਤਿਆਂ ਨੂੰ ਤਨਾਉ ਤੋਂ ਬਚਾਉਣ ਲਈ ਧਾਰਮਿਕ ਰੰਗਣ ਵਿਚ ਰੰਗੀ ਵਰਣ-ਵੰਡ ਦਾ ਸਹਾਰਾ ਲਿਆ ਗਿਆ. ਜਿਸ ਅਨੁਸਾਰ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰਾਂ ਨੂੰ ਕ੍ਰਮਵਾਰ ਬ੍ਰਹਮਾ ਦੇ ਮੂੰਹ, ਬਾਹਾਂ, ਲੱਤਾਂ ਅਤੇ ਪੈਰਾਂ ਆਦਿ ਵਿਚੋਂ ਪੈਦਾ ਹੋਏ ਦਸਿਆ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਲੰਬੂ ਸਮਾਜ ਵਿਚ, ਦੇਹਾਲਾਂ ਅਤੇ ਨੂੰਹਾਂ ਦੀ ਗੁਲਾਮੀ ਭੋਗਣੀ ਪਈ। ਇਸ ਪੜਾਅ ਉਪਰ ਨਾਰੀ 'ਨੂੰ ਜੰਜ਼ੀਰਾਂ ਵਿਚ ਬੰਨ੍ਹ ਕੇ ਜਾਨਵਰਾਂ ਦੀ ਤਰ੍ਹਾਂ ਘਰ ਦੀ ਚਾਰਦੀਵਾਰੀ ਅੰਦਰ ਰੱਖਿਆ ਜਾਣ ਲੱਗਾ। ਉਸ ਦੇ ਅਧਿਕਾਰ ਨਾਂ ਦੀ ਕੋਈ ਚੀਜ਼ ਨਾ ਰਹੀ। ਜ਼ਿਮੀਦਾਰ ਜਦੋਂ ਚਾਹੁੰਦਾ ਉਸ ਨੂੰ ਆਪਣੇ ਘਰੋਂ ਕੱਢ ਕੇ ਹਵੇਲੀ ਵਿਚ ਸੱਦ ਲੈਂਦਾ। ਇਕ ਰਾਜੇ ਦੀਆਂ ਸੈਂਕੜੇ ਰਾਣੀਆਂ ਹੁੰਦੀਆਂ ਸਨ, ਏਥੋਂ ਤਕ ਕਿ ਸਿਰਫ਼ ਇਨ੍ਹਾਂ ਦੀਆਂ ਭਾਵਨਾਵਾਂ ਨਾਲ ਹੀ ਖਿਲਵਾੜ ਨਹੀਂ ਸੀ ਕੀਤਾ ਜਾਂਦਾ. ਸਗੋਂ ਕੈਦਣਾਂ ਦੇ ਰੂਪ ਵਿਚ ਵੀ ਰਾਜਾ ਉਨ੍ਹਾਂ ਦਾ ਦੁਰ-ਉਪਯੋਗ ਕਰਦਾ ਸੀ...ਉਹ ਦੇਵ ਦਾਸੀ ਦੇ ਰੂਪ ਵਿਚ ਆਪਣੇ ਸਮੇਂ ਦੇ ਦੇਵਤਾ ਜਗੀਰਦਾਰ ਦੀ ਵਹਿਸ਼ੀ ਹਵਸ਼ ਦਾ ਸ਼ਿਕਾਰ ਬਣਦੀ।"[19] ਲੁੱਟ ਖਸੁਟ ਉੱਪਰ ਆਧਾਰਿਤ ਇਸ ਦੌਰ ਵਿਚ ਨਾਰੀ ਜਗੀਰਦਾਰ ਦੀ ਐਸ਼ ਤੇ ਆਰਾਮ ਵਿਚ ਵਾਧਾ ਕਰਨ ਦਾ ਇਕ ਮਾਤਰ ਸਾਧਨ ਬਣ ਗਈ। ਘਰ ਦੀ ਚਾਰ ਦੀਵਾਰੀ ਵਿਚ ਕੈਦ ਰੱਖਣ ਦੀ ਪ੍ਰਥਾ ਤਾਂ ਗੁਲਾਮਦਾਰੀ ਯੁੱਗ ਵਿਚ ਹੀ ਸੀ ਪਰ ਇਸ ਪੜਾਅ ਉਪਰ ਉਸ ਨੂੰ ਹੋਰ ਪੱਕਾ ਕਰ ਦਿੱਤਾ ਗਿਆ। ਜਿਥੇ ਪਹਿਲਾਂ ਹੀ ਲੜਕੀ ਦੇ ਜਨਮ ਨੂੰ ਸ਼ੁੱਭ ਸ਼ਗਨ ਨਹੀਂ ਸੀ ਸਮਝਿਆ ਜਾਂਦਾ, ਉਥੇ ਇਸ ਦੌਰ ਵਿਚ ਇਸ ਮੁੱਲ ਨੇ ਭਿਅੰਕਰ ਰੂਪ ਅਖਤਿਆਰ ਕਰ ਲਿਆ। ਇਸ ਦਾ ਨਤੀਜਾ ਇਹ ਹੋਇਆ ਕਿ ਬਹੁਤੀ ਵਾਰੀ ਲੜਕੀ ਨੂੰ ਜੰਮਦਿਆਂ ਹੀ ਮਾਰ ਦਿੱਤਾ ਜਾਣ ਲੱਗਾ। ਲੜਕੀ ਨੂੰ ਘਰ-ਖਾਨਦਾਨ ਦੀ ਇੱਜ਼ਤ ਲਈ ਖਤਰਾ ਸਮਝਿਆ ਜਾਣ ਲੱਗਾ ਅਤੇ ਇਸ ਇੱਜ਼ਤ ਨੂੰ ਮਹਿਫੂਜ਼ ਰੱਖਣ ਲਈ ਬਾਲ ਵਿਆਹ ਦੀ ਰਸਮ ਨੇ ਜਨਮ ਲਿਆ। ਵਿਆਹ ਤੋਂ ਪਹਿਲਾਂ ਲੜਕੀ ਨੂੰ ਕਿਸੇ ਪੁਰਸ਼ ਨਾਲ ਕਾਮ ਸੰਬੰਧ ਸਥਾਪਿਤ ਕਰਨ ਦੀ ਸਖ਼ਤ ਮਨਾਹੀ ਸੀ ਅਤੇ ਅਜਿਹੇ ਸੰਬੰਧ ਸਥਾਪਿਤ ਕਰਨ ਨੂੰ ਆਚਰਣਕ ਅਪਵਿੱਤਰਤਾ ਸਮਝਿਆ ਜਾਂਦਾ ਸੀ, ਜੋ ਕਿ ਕਿਸੇ ਪਰਿਵਾਰ ਜਾਂ ਖਾਨਦਾਨ ਦੀ ਇੱਜ਼ਤ ਦੇ ਮਿੱਟੀ ਵਿਚ ਮਿਲ ਜਾਣ ਦੇ ਸਾਮਾਨ ਮੰਨੀ ਜਾਂਦੀ ਸੀ। ਇਸੇ ਲਈ ਬਾਲ ਵਿਆਹ ਦੀ ਰਸਮ ਪ੍ਰਚਲਿਤ ਹੋਈ। ਇਸ ਰਸਮ ਨੂੰ ਵੀ ਕੁਝ ਇਸ ਤਰ੍ਹਾਂ ਧਾਰਮਿਕ ਰੰਗਣ ਵਿਚ ਰੰਗਿਆ ਗਿਆ ਕਿ ਆਪਣੀ ਲੜਕੀ ਦਾ ਬਾਲ ਵਿਆਹ ਕਰਨ ਵਾਲੇ ਮਾਂ-ਬਾਪ ਨੂੰ ਸਵਰਗ ਪ੍ਰਾਪਤੀ ਦਾ ਧਾਰਮਿਕ ਸੁਪਨਾ ਦਿਖਾਇਆ ਗਿਆ।

00038

ਲੜਕੀ ਨੂੰ ਜਮੀਦਾਰਾਂ ਖਤਮ ਕਰ ਦੇਣਾ ਅਤੇ ਬਾਲ-ਵਿਆਹ ਤੋਂ ਇਲਾਵਾ ਵੇਸਵਾਗਮਨੀ ਤੇ ਸਤੀ ਦੀ ਰਸਮ ਆਦਿ ਵੀ ਨਾਰੀ ਪ੍ਰਤੀ ਇਸ ਸਮਾਜ ਦੇ ਵਤੀਰੇ ਨੂੰ ਸਪੱਸ਼ਟ ਕਰਨ ਵਾਲੇ ਨੁਕਤੇ ਹਨ। ਇਹ ਸਭ ਨੁਕਤੇ ਸਮਾਜ ਵਿਚ ਨਾਰੀ ਵਾਸਤੇ ਬੰਦਿਸ਼ ਭਰਪੂਰ ਅਣਸੁਖਾਵੇਂ, ਤਨਾਉਪੂਰਨ, ਘਿਰਣਾਮਈ ਤੇ ਅਪਮਾਨਜਨਕ ਵਾਤਾਵਰਣ ਦੀ ਮੌਜੂਦਗੀ ਦਾ ਪਤਾ ਦੇਂਦੇ ਹਨ। ਪਤੀ ਦੇ ਨਾਲ ਸਤੀ ਹੋ ਜਾਣ ਨੂੰ ਸਵਰਗ ਪ੍ਰਾਪਤੀ ਦਾ ਵਸੀਲਾ ਦਸਿਆ ਜਾਂਦਾ ਸੀ। ਜੇਕਰ ਸਤੀ ਦੀ ਰਸਮ ਕਿਸੇ ਤਰ੍ਹਾਂ ਨਾਲ ਥੋੜ੍ਹੀ ਬਹੁਤ ਘਟੀ ਜਾਂ ਉਸ ਉਪਰ ਸਮਾਜਕ ਅਪ੍ਰਵਾਨਗੀ ਦਾ ਲੇਬਲ ਲੱਗਾ ਤਾਂ ਫਿਰ ਵਿਧਵਾ ਵਿਆਹ ਉਪਰ ਰੋਕ ਲਗਾ ਦਿੱਤੀ ਗਈ। ਵਿਧਵਾ ਨਾਰੀਆ ਸਮਾਜ ਵਿਚ ਘਿਰਣਾਯੋਗ ਅਤੇ ਅਪਵਿੱਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਝੀਆਂ ਜਾਣ ਲੱਗੀਆਂ। ਨਾਰੀ ਦੀ ਇਸ ਸਥਿਤੀ ਦਾ ਵਰਣਨ **ਮਨੂੰ ਸਿਮ੍ਰਤੀ** ਵਿਚ ਇਸ ਤਰ੍ਹਾਂ ਕੀਤਾ ਗਿਆ ਹੈ :

ੳ. ਇਸਤਰੀ ਬਾਲ-ਅਵਸਥਾ ਵਿਚ ਆਪਣੇ ਪਿਤਾ ਦੇ ਅਧੀਨ ਰਹੇ। ਜਵਾਨੀ ਦੀ ਉਮਰ ਵਿਚ ਆਪਣੇ ਪਤੀ ਦੇ ਅਧੀਨ ਰਹੇ। ਪਤੀ ਦੀ ਮੌਤ ਤੋਂ ਪਿਛੋਂ ਆਪਣੇ ਪੁੱਤਰਾਂ ਦੀ ਅਧੀਨਗੀ ਵਿਚ ਰਹੇ। ਕਦੀ ਸੁਤੰਤਰ ਨਾ ਰਹੇ।[20]

ਅ. ਪਿਤਾ ਜਿਸ ਨਾਲ ਵਿਆਹ ਕਰ ਦੇਵੇ ਜਾਂ ਪਿਤਾ ਦੀ ਆਗਿਆ ਨਾਲ ਭਰਾ ਜਿਸ ਦੇ ਨਾਲ ਵਿਆਹ ਕਰ ਦੇਵੇ, ਉਸ ਦੀ ਸੇਵਾ ਵਿਚ ਤਤਪਰ ਰਹੇ ਅਤੇ ਪਤੀ ਦੀ ਮ੍ਰਿਤੂ ਤੋਂ ਪਿਛੋਂ ਕਿਸੇ ਦੂਸਰੇ ਪੁਰਸ਼ ਨਾਲ ਸੰਬੰਧ ਸਥਾਪਿਤ ਨ ਕਰੇ।[21]

ੲ. ਜੇਕਰ ਪਤੀ..ਦੂਸਰੀ ਇਸਤਰੀ ਨਾਲ ਪ੍ਰੀਤ ਰੱਖਦਾ ਹੋਵੇ ਅਥਵਾ ਗੁਣਹੀਨ ਹੋਵੇ ਤਾਂ ਵੀ ਪਤੀਵ੍ਰਤਾ ਇਸਤਰੀ ਹਮੇਸ਼ਾਂ ਲਈ ਉਸ ਦੀ ਸੇਵਾ ਕਰੇ।[22]

ਆਰਥਿਕ ਪੱਖ ਤੋਂ ਪੁਰਸ਼ ਉੱਪਰ ਨਿਰਭਰਤਾ ਨੇ ਉਸ ਨੂੰ ਜੀਵਨ ਦੇ ਹਰ ਖੇਤਰ ਵਿਚ ਉਸਦੀ ਅਧੀਨਗੀ ਸਵੀਕਾਰ ਕਰਨ ਵਾਸਤੇ ਮਜਬੂਰ ਕਰ ਦਿੱਤਾ। ਪੁਰਸ਼ ਜ਼ਮੀਨ ਵਾਂਗ ਔਰਤ ਉੱਪਰ ਵੀ ਆਪਣੀ ਮਾਲਕੀ ਸਮਝਣ ਲੱਗਾ। ਇਸੇ ਸਦਕਾ ਉਹ ਮਹਿਜ਼ ਵਾਸ਼ਨਾ ਪੂਰਤੀ ਜਾਂ ਮਨਪਰਚਾਵੇ ਦਾ ਸਾਧਨ ਬਣ ਕੇ ਰਹਿ ਗਈ। ਨਾਰੀ ਦੀ ਇਸ ਯੁੱਗ ਵਿਚ ਹਾਲਤ ਏਨੀ ਤਰਸਯੋਗ ਸੀ ਕਿ ਪੁਰਸ਼ ਉਸ ਨੂੰ ਹੋਰ ਬਾਜ਼ਾਰੂ ਵਸਤਾਂ ਵਾਂਗ ਵੇਚਦਾ, ਖਰੀਦਦਾ ਅਤੇ ਇਥੋਂ ਤਕ ਕਿ ਕਈ ਵਾਰ ਜੂਏ ਵਿਚ ਵੀ ਹਾਰ ਦੇਦਾ ਸੀ। "ਤੀਵੀਂ ਤੇ ਮਿੱਟੀ ਦਾ ਕੀ, ਜਿੰਨੀ ਕੁੱਟੋ ਉੱਨੀ ਵਧੀਆ" ਅਖਾਣ ਉਸ ਵੇਲੇ ਦੀ ਲੋਕ-ਮਾਨਸਿਕਤਾ ਨੂੰ ਪ੍ਰਤਿਬਿੰਬਤ ਕਰਦਾ ਹੈ। ਘਰ ਦੀ ਚਾਰ ਦੀਵਾਰੀ ਵਿਚ ਕੈਦ ਰਹਿਣ ਅਤੇ ਹਰ ਪ੍ਰਕਾਰ ਦੇ ਦਬਦਬੇ ਤੇ ਸਾਹ ਘੋਟੂ ਵਾਤਾਵਰਣ ਦਾ ਸ਼ਿਕਾਰ ਰਹਿਣ ਸਦਕਾ ਔਰਤ ਦਾ ਮਾਨਸਿਕ ਅਤੇ ਬੌਧਿਕ ਪੱਖ ਅਵਿਕਸਿਤ ਰਹਿ ਜਾਣਾ ਸੁਭਾਵਿਕ ਸੀ।

ਇਸ ਯੁੱਗ ਵਿਚ ਜਾਗੀਰਦਾਰ ਆਪਣੇ ਮੁਜ਼ਾਰਿਆਂ ਦੀ ਲੁੱਟ ਖਸੁੱਟ ਤਾਂ ਕਰਦਾ ਹੀ ਸੀ, ਨਾਲ ਹੀ ਉਨ੍ਹਾਂ ਦੀਆਂ ਧੀਆਂ ਅਤੇ ਨੂੰਹਾਂ ਨੂੰ ਵੀ ਆਪਣੀ ਕਾਮ ਭੁੱਖ ਦਾ ਸ਼ਿਕਾਰ ਬਣਾਉਂਦਾ ਸੀ। ਏਂਗਲਜ਼ ਨੇ ਲਿਖਿਆ ਹੈ ਕਿ "ਕਬੀਲੇ ਜਾਂ ਗੋਤ ਦਾ ਮੁਖੀ, ਕਾਸਿਕ, ਸਮਾਨ, ਪ੍ਰੋਹਤ, ਰਾਜਾ, ਭਾਵੇਂ ਉਹਦੀ ਪਦਵੀ ਕੋਈ ਕਿਉਂ ਨਾ ਹੋਵੇ-ਭਾਈਚਾਰੇ ਦੀ ਪ੍ਰਤੀ-ਨਿਧਤਾ ਕਰਦਾ ਹੈ ਅਤੇ ਲਾੜੀ ਨਾਲ ਪਹਿਲੀ ਰਾਤ ਬਿਤਾਉਣ ਦਾ ਹੱਕ ਵਰਤਦਾ ਹੈ।"[23] ਵੇਸ਼ਵਾਗਮਨੀ ਨੂੰ ਵੀ ਹਾਕਮ ਸ਼੍ਰੇਣੀ ਦਾ ਪੁਰਸ਼ ਆਪਣੇ ਜਨਮ ਸਿੱਧ ਅਧਿਕਾਰ ਵਾਂਗ ਵਰਤਦਾ ਸੀ। ਇਸ ਯੁੱਗ ਵਿਚ ਮੂਲ ਵਿਰੋਧਾਭਾਵ ਇਹ ਹੈ ਕੇ ਪੁਰਸ਼ ਨਾਰੀ ਪਾਸੋਂ ਤਾਂ ਮੁਕੰਮਲ ਸੁਹਿਰਦਤਾ ਤੇ ਵਫਦਾਰੀ ਦੀ ਮੰਗ ਕਰਦਾ ਸੀ ਪਰ ਆਪ ਆਪਣੀ ਕਾਮ ਤ੍ਰਿਪਤੀ ਲਈ ਹਰ ਪ੍ਰਕਾਰ ਦੇ ਅਨੁਚਿਤ ਢੰਗ-ਤਰੀਕਿਆਂ ਦੀ ਵਰਤੋਂ ਕਰਦਾ ਸੀ। ਸੰਤ ਸਿੰਘ ਸੇਖੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਠੀਕ ਲਿਖਿਆ ਹੈ

> ਜਾਗੀਰਦਾਰੀ ਸਮਾਜ ਦੇ ਮੁੱਖ ਲੱਛਣਾਂ ਵਿਚ ਇਸਤਰੀ ਦੀ ਗੁਲਾਮੀ ਵੀ ਇਕ ਲੱਛਣ ਹੈ। ਉਸ ਸਮੇਂ ਇਸਤਰੀ ਪੁਰਸ਼ ਦੀ ਦਾਸੀ ਦਾ ਆਦਰਸ਼ ਹੀ ਪ੍ਰਧਾਨ ਸੀ। ਪਤੀ ਦੇ ਅਰਥ ਹੀ ਪ੍ਰਧਾਨ ਦੇ ਸਨ। ਪਤੀ ਇਸਤਰੀ ਦਾ ਪ੍ਰਭੂ ਸੀ।[24]

ਪੂੰਜੀਵਾਦ ਇਕ ਅਜਿਹੀ ਆਰਥਿਕ ਪ੍ਰਣਾਲੀ ਹੈ ਜਿਸ ਵਿਚ ਪੈਦਾਵਾਰੀ ਸਾਧਨਾਂ ਉੱਪਰ ਪੂੰਜੀਪਤੀਆਂ ਦਾ ਵਿਅਕਤੀਗਤ ਅਧਿਕਾਰ ਹੁੰਦਾ ਹੈ। ਉਦਯੋਗੀਕਰਣ ਦੀ ਦੇਣ ਉੱਪਰ ਆਧਾਰਿਤ ਇਹ ਪ੍ਰਣਾਲੀ ਵੱਧ ਤੋਂ ਵੱਧ ਸ਼ੋਸ਼ਣ ਅਤੇ ਮੁਨਾਫ਼ੇ ਨੂੰ ਆਪਣਾ ਅੰਤਿਮ ਨਿਸ਼ਾਨਾ ਮਿਥਦੀ ਹੈ। ਜਿਥੇ ਜਾਗੀਰਦਾਰੀ ਪ੍ਰਬੰਧ ਵਿਚ ਕਿਸਾਨ ਤੇ ਮੁਜਾਰਿਆਂ ਦੀ ਲੁੱਟ ਖਸੁੱਟ ਹੁੰਦੀ ਹੈ ਉਥੇ ਪੂੰਜੀਵਾਦੀ ਪ੍ਰਬੰਧ ਵਿਚ ਉਦਯੋਗਾਂ ਵਿਚ ਕੰਮ ਕਰਨ ਵਾਲੀ ਮਜ਼ਦੂਰ ਸ੍ਰੇਣੀ ਸੋਸ਼ਿਤ ਸ੍ਰੇਣੀ ਬਣਦੀ ਹੈ। ਇਸ ਸਮਾਜ ਵਿਚ ਕੰਮ ਕਰਨਾ ਬੋਝ ਸਮਝਿਆ ਜਾਂਦਾ ਹੈ ਅਤੇ ਕੰਮ ਕਰਨ ਵਾਲਾ ਨੀਵਾਂ, ਨੀਚ ਸਮਝਿਆ ਜਾਂਦਾ ਹੈ, ਜਦੋਂ ਕਿ ਕੰਮ ਨਾ ਕਰਨ ਵਾਲਾ ਉੱਚਾ, ਭੱਦਰ ਜਾਂ ਵੱਡਾ ਸਮਝਿਆ ਜਾਂਦਾ ਹੈ। ਇਸ ਸਮਾਜ ਵਿਚ ਰਾਜਸੱਤਾ ਲੁਟੇਰੀ ਜਮਾਤ ਦੇ ਹੱਥਾਂ ਵਿਚ ਹੁੰਦੀ ਹੈ। ਮਜ਼ਦੂਰ ਦਾ ਇਸ ਸਮਾਜ ਵਿਚ ਵੱਧ ਤੋਂ ਵੱਧ ਸ਼ੋਸ਼ਣ ਹੁੰਦਾ ਹੈ। ਉਸ ਪਾਸੋਂ ਵੱਧ ਤੋਂ ਵੱਧ ਕੰਮ ਲਿਆ ਜਾਂਦਾ ਹੈ ਅਤੇ ਉਸ ਦੀ ਕ੍ਰਿਤ ਦਾ ਵੱਡਾ ਹਿੱਸਾ ਸਰਮਾਏਦਾਰ ਹੜੱਪ ਜਾਂਦਾ ਹੈ। ਮਜ਼ਦੂਰ ਜਾਂ ਪ੍ਰੋਲੇਤਾਰੀ ਆਪਣੀ ਕਿਰਤ ਨੂੰ ਵੇਚ ਕੇ ਗੁਜ਼ਾਰਾ ਕਰਦਾ ਹੈ। ਪ੍ਰੋਲੇਤਾਰੀ ਦੀ ਜ਼ਿੰਦਗੀ ਜਾਂ ਮੌਤ ਕੰਮ ਮਿਲਣ ਜਾਂ ਨਾ ਮਿਲਣ ਉੱਪਰ ਮੁਨੱਸਰ ਕਰਦੀ ਹੈ। ਇਹ ਅਸਲ ਵਿਚ ਇਕ ਵਿਉਪਾਰਕ ਸਮਾਜ ਹੈ ਜਿਸ ਵਿਚ ਮਾਨਵ ਨੂੰ ਮਾਨਵੀ ਦ੍ਰਿਸ਼ਟੀ ਤੋਂ ਦੇਖਣ ਦੀ ਬਜਾਏ ਆਰਥਿਕ ਦ੍ਰਿਸ਼ਟੀ ਤੋਂ ਦੇਖਿਆ ਜਾਂਦਾ ਹੈ।

ਪੂੰਜੀਵਾਦੀ ਪ੍ਰਬੰਧ ਵਾਲੇ ਸਮਾਜ ਵਿਚ ਨਾਰੀ ਦੀ ਅਵਸਥਾ ਵਿਚ ਇਕ ਵਿਸ਼ੇਸ਼ ਪਰਿਵਰਤਨ ਦ੍ਰਿਸ਼ਟੀਗੋਚਰ ਹੁੰਦੀ ਹੈ। ਵੱਡੇ ਵੱਡੇ ਉਦਯੋਗ ਖੁੱਲ੍ਹਣ ਨਾਲ ਗਰੀਬ ਵਰਗ ਦੀਆਂ ਔਰਤਾਂ ਦਾ ਇਕ ਵੱਡਾ ਹਿੱਸਾ ਇਨ੍ਹਾਂ ਉਦਯੋਗਾਂ ਵਿਚ ਕੰਮ ਕਰਨ ਲੱਗ ਪੈਂਦਾ ਹੈ। ਕੰਮ ਮਿਲਣ ਦਾ ਕਾਰਣ ਨਾਰੀ ਵਲੋਂ ਸਸਤੇ ਦਰਾਂ ਉੱਪਰ ਮਜ਼ਦੂਰੀ ਕਰਨ ਲਈ ਰਜ਼ਾਮੰਦ ਹੋਣਾ ਹੈ। ਇਸ ਯੁੱਗ ਵਿਚ ਸਮਾਜਕ ਉਤਪਾਦਨ ਵਿਚ ਨਾਰੀ ਦੀ ਸ਼ਮੂਲੀਅਤ ਇਕ ਸ਼ੁਭ ਸ਼ਗਨ ਹੈ ਕਿਉਂਕਿ ਇਸ ਵਿਚੋਂ ਉਸ ਦੀ ਆਤਮ-ਨਿਰਭਰਤਾ ਨੇ ਜਨਮ ਲਿਆ ਹੈ। ਨਾਰੀ ਵਰਗ ਨੂੰ ਕਾਰਖਾਨਿਆਂ ਵਿਚ ਕੰਮ ਮਿਲਣ ਦਾ ਅਰਥ ਉਨ੍ਹਾਂ ਦੇ ਕੰਮ-ਕਾਰ ਨੂੰ ਸਮਾਜਕ ਪ੍ਰਵਾਨਗੀ ਮਿਲਣੀ ਹੈ। ਸਮਾਜਕ ਉਤਪਾਦਨ ਦੇ ਕੰਮਾਂ ਵਿਚ ਸ਼ਮੂਲੀਅਤ ਨਾਲ ਵੱਡਾ ਲਾਭ ਇਹ ਹੋਇਆ ਹੈ ਕਿ ਉਹ ਘਰ ਦੀ ਸਾਹ ਘੁਟਵੀਂ ਕੈਦ ਵਿਚੋਂ ਬਾਹਰ ਨਿਕਲੀ ਹੈ। ਪਰ ਇਸ ਦਾ ਇਹ ਅਰਥ ਕਦਾਚਿਤ ਨਹੀਂ ਕਿ ਇਸ ਦੌਰ ਵਿਚ ਉਨ੍ਹਾਂ ਦਾ ਸ਼ੋਸ਼ਣ ਘਟਿਆ ਹੈ, ਬਲਕਿ ਉਸ ਦੀ ਹਾਲਤ ਵਿਚ ਬੁਨਿਆਦੀ ਪਰਿਵਰਤਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਈ ਨਹੀਂ ਹੋਇਆ। ਔਰਤਾਂ ਦੇ ਉਦਯੋਗਾਂ ਵਿਚ ਕੰਮ ਕਰਨਨਾਲ ਉਨ੍ਹਾਂ ਦੇ ਬੱਚਿਆਂ ਤੇ ਪਰਿਵਾਰ ਦੀ ਦੁਰਦਸ਼ਾ ਹੋਈ ਹੈ। ਇਸ ਤੋਂ ਇਲਾਵਾ ਪੂੰਜੀਵਾਦੀ ਵਿਉਪਾਰਕ ਯੁੱਗ ਵਿਚ ਔਰਤ ਮੰਡੀ ਦੀਆਂ ਹੋਰ ਜਿਨਸਾਂ ਵਾਂਗ ਹੀ ਇਕ ਜਿਨਸ ਬਣ ਕੇ ਰਹਿ ਗਈ ਹੈ। ਪਰ ਇਸ ਯੁੱਗ ਵਿਚਲੇ ਅਮਾਨਵੀ ਸ਼ੋਸ਼ਣ ਨੇ ਉਸ ਨੂੰ ਆਪਣੇ ਹੱਕਾਂ ਪ੍ਰਤਿ ਜਾਗ੍ਰਿਤ ਵੀ ਕੀਤਾ ਹੈ।[26] ਘਰ ਦੀ ਕੈਦ ਵਿਚੋਂ ਬਾਹਰ ਨਿਕਲਣ ਸਦਕਾ ਗਿਆਨ ਦੀ ਰੌਸ਼ਨੀ ਵੀ ਪ੍ਰਾਪਤ ਹੋਣੀ ਆਰੰਭ ਹੋਈ ਹੈ।

ਪੂੰਜੀਵਾਦੀ ਯੁੱਗ ਵਿਚ ਸ਼ੋਸ਼ਕ ਧਿਰ ਵੱਧ ਤੋਂ ਵੱਧ ਮੁਨਾਫਾ ਕਮਾਉਣ ਲਈ ਨਾਰੀ-ਮਜ਼ਦੂਰਾਂ ਨੂੰ ਘੱਟ ਤੋਂ ਘੱਟ ਮਿਹਨਤਦਾਨਾ ਦੇਂਦਾ ਹੈ ਅਤੇ ਮਜ਼ਦੂਰ ਨਾਰੀ ਵਰਗ ਆਪਣੇ ਮਿਹਨਤਤਾਨੇ ਨੂੰ ਵਧਾਉਣ ਲਈ ਆਪਣੀ ਕ੍ਰਿਤ-ਸ਼ਕਤੀ ਨੂੰ ਵਧਾਉਣ ਦੇ ਨਾਲ ਨਾਲ ਆਪਣੀ ਆਕਰਸ਼ਣ ਸ਼ਕਤੀ ਨੂੰ ਵੀ ਵਧਾਉਣ ਵੱਲ ਰੁਚਿਤ ਹੁੰਦਾ ਹੈ। ਇੰਜ ਉਸ ਨੂੰ ਅਜਿਹੇ ਕਿੱਤੇ ਪ੍ਰਾਪਤ ਹੁੰਦੇ ਹਨ ਜਿਹੜੇ ਉਸ ਦੀ ਬਾਹਰੀ ਸੁੰਦਰਤਾ ਤੇ ਆਕਰਸ਼ਣ ਉੱਪਰ ਆਧਾਰਿਤ ਹਨ। ਇਸ ਸਥਿਤੀ ਦਾ ਨਾਂਹਮੁੱਖ ਪੱਖ ਇਹ ਹੈ ਕਿ ਨਾਰੀ ਕਈ ਵਾਰ ਬੁਰਜੂਆ ਸਮਾਜ ਦੇ ਸੁੰਦਰਤਾ ਪ੍ਰਤਿ ਚਕਾਚੌਂਧ ਕਰ ਦੇਣ ਵਾਲੇ ਸੰਕਲਪਾਂ ਵਿਚ ਘਿਰ ਕੇ ਆਪਣਾ ਸਰੀਰ ਵੇਚਣ ਲਈ ਮਜਬੂਰ ਹੋ ਜਾਂਦੀ ਹੈ। ਇਸ ਯੁੱਗ ਵਿਚ ਦਿਖਾਵਾ, ਛਲ ਤੇ ਕਪਟ ਆਪਣੇ ਸਿਖ਼ਰ ਤੇ ਹੈ। ਇਸ ਸਭ ਕੁਝ ਦੀ ਅਨਿਵਾਰਿਤਾ ਵੱਲ ਇਸ਼ਾਰਾ ਕਰਦੇ ਹੋਏ ਲੈਨਿਨ ਨੇ ਠੀਕ ਲਿਖਿਆ ਹੈ ਕਿ "ਜਦੋਂ ਤੀਕ ਉਜਰਤ ਗੁਲਾਮੀ ਕਾਇਮ ਰਹਿੰਦੀ ਹੈ, ਸਪੱਸ਼ਟ ਹੈ ਕਿ ਉਦੋਂ ਤਕ ਵੇਸ਼ਵਾਗਮਨੀ ਵੀ ਲਾਜ਼ਮੀ ਤੌਰ ਤੇ ਰਹੇਗੀ।"[26]

ਪੂੰਜੀਵਾਦੀ ਯੁੱਗ ਵਿਚ ਪਵਿਤਰ ਰਿਸ਼ਤਿਆਂ ਦੇ ਨਾਂ ਤੇ ਅਨਾਚਾਰ ਵੀ ਫੈਲਦਾ ਹੈ ਅਤੇ ਨਵੇਂ ਰਿਸ਼ਤੇ ਜਿਵੇਂ "ਬੁਆਏ ਫਰੈਂਡ" "ਗਰਲ ਫਰੈਂਡ", "ਕਜ਼ਨ" ਆਦਿ ਜਨਮ ਫੀ ਲੈਂਦੇ ਹਨ। ਰਿਸ਼ਤਿਆਂ ਦੇ ਪਰਦਿਆਂ ਪਿੱਛੇ ਛੁਪਕੇ ਕਾਮ-ਭੁੱਖ ਨੂੰ ਮਿਟਾਉਣਾ ਇਸ ਯੁੱਗ ਦਾ ਖਾਸਾ ਹੋ ਨਿਬੜਦਾ ਹੈ। ਸਿੱਟੇ ਵਜੋਂ ਰਿਸ਼ਤਿਆਂ ਵਿਚੋਂ ਸੁਹਿਰਦਤਾ ਫਰਗੀ ਸ਼ੈਅ ਗੁੰਮ ਹੋ ਜਾਂਦੀ ਹੈ ਅਤੇ ਇਕ ਦੂਸਰੇ ਨੂੰ ਧੋਖਾ ਦੇਣ ਦੀ ਪ੍ਰਵਿਰਤੀ ਆਪਣੇ ਸਿਖਰ ਵੱਲ ਵਧਣੀ ਸ਼ੁਰ ਹੋ ਜਾਂਦੀ ਹੈ। ਇਸ ਵਿਵਸਥਾ ਵਿਚ ਵਿਆਹ-ਪ੍ਰਣਾਲੀ ਦੋ ਤਰ੍ਹਾਂ ਦੀ ਹੁੰਦੀ ਹੈ। ਪਹਿਲੀ ਕਿਸਮ ਦੇ ਵਿਆਹ ਵਿਚ ਕੁੜੀ ਤੇ ਮੁੰਡੇ ਦੇ ਮਾਤਾ ਪਿਤਾ ਵਰ ਦੀ ਚੋਣ ਕਰਦੇ ਹਨ। ਅਜਿਹੇ ਵਿਆਹਾਂ ਵਿਚ ਮੁੰਡਿਆਂ ਦੇ ਮੁੱਲ ਪੈਂਦੇ ਹਨ ਅਤੇ ਕੁੜੀ ਦੇ ਮਾਂ ਬਾਪ ਨੂੰ ਕਈ ਸੂਰਤਾਂ ਵਿਚ ਵੱਧ ਤੋਂ ਵੱਧ ਤੰਗ ਕੀਤਾ ਜਾਂਦਾ ਹੈ। ਇਥੋਂ ਤੀਕ ਕਿ ਵਿਆਹ ਤੋਂ ਪਿੱਛੋਂ ਵੀ ਕੁੜੀ ਨੂੰ ਆਪਣੇ ਮਾਂ-ਬਾਪ ਪਾਸੋਂ ਪੈਸਾ ਤੇ ਕੀਮਤੀ ਚੀਜ਼ਾਂ ਲਿਆਉਣ ਲਈ ਮਜਬੂਰ ਕੀਤਾ ਜਾਂਦਾ ਹੈ। ਮਜਬੂਰੀ ਸਦਕਾ ਕਈ ਵਾਰ ਉਸ ਨੂੰ ਖੁਦਕਸ਼ੀ ਕਰਨੀ ਪੈਂਦੀ ਹੈ ਤੇ ਕਈ ਵਾਰ ਉਸ ਦੇ ਸਹੁਰਿਆਂ ਵਲੋਂ ਕਿਸੇ ਨਾ ਕਿਸੇ ਤਰ੍ਹਾਂ ਉਸਦਾ ਸਫਾਇਆ ਕਰ ਦਿਤਾ ਜਾਂਦਾ ਹੈ। ਇਸ ਵਿਆਹ-ਪ੍ਰਬੰਧ ਵਿਚ ਰਿਸ਼ਤੇ ਸ਼ੁੱਧ ਆਰਥਿਕਤਾ ਉੱਤੇ ਉੱਸਰੇ ਹੁੰਦੇ ਹਨ ਅਤੇ ਸੌਦੇਬਾਜ਼ੀ ਪੂਰੇ ਜ਼ੋਰਾਂ ਉੱਤੇ ਹੁੰਦੀ ਹੈ। ਇਸ

CC-0. In Public Domain. Gurukul Kangri Collection, Haridwar

ਪ੍ਰਣਾਲੀ ਵਿਚ ਨਾਰੀ ਦੇ ਅੰਦਰਲੇ ਗੁਣਾਂ ਦੀ ਬਜਾਏ ਬਾਹਰਲੀ ਦਿੱਖ ਉੱਪਰ ਬਲ ਦਿਤਾ
Digitized by Arya Samaj Foundation Chennai and eGangotri
ਜਾਂਦਾ ਹੈ ਅਤੇ ਕਈ ਵਾਰ, ਜਿਥੇ ਪੈਸ ਅਤੇ ਮਾਲ ਦੀ ਵਧਰ ਆਸ ਹੁੰਦੀ ਹੈ ਉਥੇ ਬਾਹਰੀ ਸੁੰਦਰਤਾ ਨੂੰ ਵੀ ਨਜ਼ਰ ਅੰਦਾਜ਼ ਕਰ ਦਿੱਤਾ ਜਾਂਦਾ ਹੈ। ਦੂਸਰੀ ਕਿਸਮ ਦੇ ਵਿਆਹਾਂ ਵਿਚ ਮੁੰਡੇ ਕੁੜੀ ਦੀ ਥੋੜ੍ਹੀ ਬਹੁਤ ਮਰਜ਼ੀ ਵੀ ਸ਼ਾਮਲ ਹੁੰਦੀ ਹੈ ਪਰ ਅਜਿਹੇ ਵਿਆਹਾਂ ਵਿਚ ਵੀ ਅੰਦਰਲੇ ਗੁਣਾਂ ਤੋਂ ਵਧੇਰੇ ਬਾਹਰੀ ਦਿੱਖ ਹੀ ਸੰਬੰਧ-ਸਥਾਪਤੀ ਦਾ ਆਧਾਰ ਬਣਦੀ ਹੈ। ਇਸੇ ਲਈ ਕਈ ਵਾਰ ਇਨ੍ਹਾਂ ਸੰਬੰਧਾਂ ਦਾ ਅੰਤ ਤੋੜ ਵਿਛੋੜੇ ਤੇ ਤਲਾਕ ਨਾਲ ਹੁੰਦਾ ਹੈ। "ਇਸ ਹਾਲਤ ਵਿਚ ਮਰਦ ਹਿਤੀਰੀਵਾਦ ਅਰਥਾਤ ਵੇਸ਼ਵਾਗਮਨੀ ਉੱਤੇ ਘੱਟ ਸਰਗਰਮੀ ਨਾਲ ਅਮਲ ਕਰਦਾ ਹੈ ਅਤੇ ਇਸਤ੍ਰੀ ਵਲੋਂ ਵਿਭਚਾਰ ਇਨਾਂ ਆਮ ਨਹੀਂ ਹੁੰਦਾ.....ਇਕ-ਪਤੀ ਇਕ-ਪਤਨੀ ਵਿਆਹ ਦਾ ਸਿੱਟਾ ਅਤਿਅੰਤ ਅਕੇਵੇਂ ਵਾਲਾ ਵਿਆਹੁਤਾ ਜੀਵਨ ਹੁੰਦਾ ਹੈ, ਜਿਸ ਨੂੰ ਘਰੇਗੀ ਆਨੰਦ ਕਿਹਾ ਜਾਂਦਾ ਹੈ।"[27] ਤਲਾਕਸ਼ੁਦਾ ਨਾਰੀ ਨਾਲ ਅੱਗੋਂ ਸਮਾਜ ਸੁਖਾਵਾਂ ਵਿਹਾਰ ਨਹੀਂ ਕਰਦਾ। ਇਸ ਯੁੱਗ ਵਿਚ ਪੜ੍ਹੀ ਲਿਖੀ, ਜ਼ਹੀਨ, ਕੰਮ ਕਰਨ ਵਾਲੀ ਅਤੇ ਤਲਾਕਸ਼ੁਦਾ ਜਾਂ ਪਤੀ ਤੋਂ ਅਲੱਗ ਰਹਿ ਰਹੀ ਨਾਰੀ ਕਈ ਵਾਰ ਐਸੇ ਮਾਨਸਿਕ ਤਨਾਉ ਦਾ ਸ਼ਿਕਾਰ ਵੀ ਹੁੰਦੀ ਹੈ ਜਿਹੜਾ ਉਸ ਲਈ ਜਾਨ-ਲੇਵਾ ਵੀ ਸਾਬਤ ਹੋ ਸਕਦਾ ਹੈ, "ਬੁਰਜੂਆ ਵਿਆਹ ਦੇ ਮੁਸ਼ਕਲ ਨਾਲ ਟੁੱਟਣ, ਇਸ ਦੇ ਪਤੀ ਲਈ ਖੁੱਲ੍ਹਾ ਅਤੇ ਪਤਨੀ ਲਈ ਬੇੜੀਆਂ, ਅਤੇ ਉਸ ਦੇ ਘਿਨਾਉਣੇ ਅਤੇ ਝੂਠੇ ਲਿੰਗ-ਸਦਾਚਾਰ ਅਤੇ ਸੰਬੰਧਾਂ ਦੀ ਬਰਬਾਦੀ, ਸੜ੍ਹਾਂਦ ਰੰਗੇ ਅਤੇ ਆਤਮਕ ਤੌਰ ਤੇ ਸਰਗਰਮ ਲੋਕਾਂ ਨੂੰ ਵੀ ਮਾਯੂਸੀ-ਗ੍ਰਸਤ ਕਰ ਦਿੰਦੇ ਹਨ।"[28]

ਪੂੰਜੀਵਾਦ ਤੋਂ ਅਗਲਾ ਦੌਰ ਸਮਾਜਵਾਦ ਦਾ ਹੈ ਜੋ ਲੁੱਟ ਖਸੁੱਟ ਦੀ ਬਜਾਏ ਬਰਾਬਰੀ ਦੇ ਸੰਬੰਧਾਂ ਉੱਪਰ ਉੱਸਰਿਆ ਹੁੰਦਾ ਹੈ। ਬਰਾਬਰੀ ਤੋਂ ਭਾਵ ਹੈ ਇਸਤਰੀ ਪੁਰਸ਼ ਦੋਵਾਂ ਨੂੰ ਬਿਨਾ ਕਿਸੇ ਪ੍ਰਕਾਰ ਦੇ ਵਿਤਕਰੇ ਦੇ ਬਰਾਬਰ ਦੇ ਅਧਿਕਾਰ ਪ੍ਰਾਪਤ ਹੋਣ। ਬਰਾਬਰੀ ਸਦਕਾ ਸਮਾਜਕ ਢਾਂਚੇ ਅਤੇ ਜੀਵਨ-ਮੁੱਲਾਂ ਵਿਚ ਐਸੇ ਬੁਨਿਆਦੀ ਪਰਿਵਰਤਨ ਆਉਂਦੇ ਹਨ ਕਿ ਮੁੰਡੇ ਕੁੜੀ ਦੇ ਜਨਮ ਨੂੰ ਇਕ ਸਮਾਨ ਮਹੱਤਵ ਦਿੱਤਾ ਜਾਂਦਾ ਹੈ। ਪੂੰਜੀਵਾਦੀ ਦੌਰ ਵਾਂਗ ਨਾ ਬੱਚੇ ਦੇ ਜੰਮਣ ਤੋਂ ਪਹਿਲਾਂ ਟੈਸਟ ਕਰਵਾ ਕੇ ਲੜਕੀ ਨੂੰ ਮਾਰ ਦਿੱਤਾ ਜਾਂਦਾ ਹੈ, ਨਾ ਉਸ ਨੂੰ ਅਣਚਾਹੀ ਸੰਤਾਨ ਸਮਝਿਆ ਜਾਂਦਾ ਹੈ। ਉਸ ਨੂੰ ਨਾ ਤਾਂ ਉੱਚ ਵਿਦਿਆ ਤੋਂ ਮਹਿਰੂਮ ਰਖਿਆ ਜਾਂਦਾ ਹੈ ਅਤੇ ਨਾ ਹੀ ਉਸ ਦਾ ਬਾਲ ਵਿਆਹ ਕਰਕੇ ਸਿਰੋਂ ਭਾਰ ਲਾਹਿਆ ਜਾਂਦਾ ਹੈ। ਲੜਕੀ ਦੇ ਵਿਆਹ ਦਾ ਫੈਸਲਾ ਉਸ ਦੇ ਮਾਂ-ਬਾਪ ਉਸ ਦੀ ਮਰਜ਼ੀ ਦੇ ਖਿਲਾਫ਼ ਨਹੀਂ ਕਰਦੇ ਅਤੇ ਨਾ ਉਸ ਨੂੰ ਸਹੁਰੇ ਘਰ ਜਾਕੇ ਆਰਥਿਕ ਕਾਰਣਾਂ ਸਦਕਾ, ਮੌਤ ਕਬੂਲਣੀ ਪੈਂਦੀ ਹੈ। ਕਿਸੇ ਦੁਰਘਟਨਾ ਵੱਸ ਪਤੀ ਦੀ ਮੌਤ ਹੋਣ ਪਿੱਛੋਂ ਉਸ ਨੂੰ ਦੁਖਾਂਤਕ ਵਿਧਵਾ ਜੀਵਨ ਵੀ ਬਸਰ ਨਹੀਂ ਕਰਨਾ ਪੈਂਦਾ। ਨਾ ਉਹ ਮੰਡੀ ਦੀ ਸ਼ੈਅ ਬਣਕੇ ਬਾਜ਼ਾਰਾਂ ਵਿਚ ਵਿਕਦੀ ਹੈ ਅਤੇ ਨਾ ਹੀ ਵੇਸਵਾਗਮਨੀ ਜੇਹੀ ਲਾਅਨਤ ਦਾ ਸ਼ਿਕਾਰ ਹੁੰਦੀ ਹੈ। ਇਨ੍ਹਾਂ ਗਲਤ ਸਮਾਜਕ ਕੀਮਤਾਂ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਕਤ ਜੀਵਨ ਗੁਜ਼ਾਰਦੀ ਹੋਈ ਉਹ ਸਮਾਜ ਵਲੋਂ ਆਪਣੀ ਸ਼ਖਸੀਅਤ ਦੇ ਵਿਕਾਸ ਲਈ ਬਹੁਪੱਖੀ ਮੌਕੇ ਪ੍ਰਾਪਤ ਕਰਦੀ ਹੈ। ਸੁਖਾਵਾਂ ਸਮਾਜਕ ਵਾਤਾਵਰਣ ਮਿਲਣ ਸਦਕਾ ਉਹ ਸਮਾਜਕ ਵਿਕਾਸ ਦੇ ਹਰ ਅਮਲ ਵਿਚ ਹਿੱਸਾ ਪਾਉਂਦੀ ਹੈ। ਇਕ ਪਾਸੇ ਉਹ ਆਰਥਿਕ ਤੌਰ ਤੇ ਸ੍ਵੈ-ਨਿਰਭਰ ਹੁੰਦੀ ਹੈ ਅਤੇ ਦੂਸਰੇ ਪਾਸੇ ਪੂੰਜੀਵਾਦੀ ਸਮਾਜ ਵਾਂਗ ਉਸ ਉੱਪਰ ਪਰਿਵਾਰਿਕ ਅਤੇ ਸਮਾਜਕ ਅਤਿਆਚਾਰ ਨਹੀਂ ਹੁੰਦੇ। ਇਸ ਲਈ ਉਹ ਇਕ ਵਿਸ਼ੇਸ਼ ਕਿਸਮ ਦੀ ਮਨੋ-ਖੁਸ਼ੀ ਅਤੇ ਸ੍ਵੈ-ਵਿਸ਼ਵਾਸ ਦੀ ਭਾਵਨਾ ਦਾ ਅਨੁਭਵ ਕਰਦੀ ਹੈ। ਲੈਨਿਨ ਨੇ ਸਮਾਜਵਾਦ ਦੀ ਵਿਆਖਿਆ ਕਰਦੇ ਹੋਏ ਇਸ ਵਿਚ ਔਰਤ ਦੀ ਸੁਤੰਤਰਤਾ ਨੂੰ ਲਾਜ਼ਮੀ ਮੰਨਿਆ ਹੈ। ਉਸਦੇ ਸ਼ਬਦਾਂ ਅਨੁਸਾਰ :

> ਅਗਰ ਅਸੀਂ ਔਰਤਾਂ ਨੂੰ ਸਮਾਜਕ ਜੀਵਨ ਵਿਚ, ਸੈਨਾ ਵਿਚ, ਰਾਜਨੀਤੀ ਵਿਚ ਨਹੀਂ ਲਿਆ ਸਕਦੇ, ਅਗਰ ਅਸੀਂ ਉਨ੍ਹਾਂ ਨੂੰ ਰਸੋਈ ਦੇ ਨੀਰਸ ਵਾਤਾਵਰਣ ਵਿਚੋਂ ਬਾਹਰ ਨਹੀਂ ਕੱਢ ਸਕਦੇ ਤਾਂ ਵਾਸਤਵਿਕ ਸੁਤੰਤਰਤਾ ਹਾਸਲ ਕਰਨਾ ਇਕਦਮ ਅਸੰਭਵ ਹੈ, ਸਮਾਜਵਾਦ ਦੀ ਗੱਲ ਤਾਂ ਬਹੁਤ ਦੂਰ, ਜਨਤੰਤਰ ਦੀ ਸਥਾਪਨਾ ਵੀ ਸੰਭਵ ਨਹੀਂ ਹੈ।[29]

ਪੂੰਜੀਵਾਦੀ ਦੌਰ ਦੇ ਉਲਟ ਸਮਾਜਵਾਦੀ ਯੁੱਗ ਵਿਚ ਮਨੁੱਖ ਦੇ ਸਮਾਜਕ ਤੇ ਵਿਅਕਤੀਗਤ ਹਿਤ ਇਕ ਦੂਸਰੇ ਦੇ ਵਿਚ ਸਮਾ ਜਾਂਦੇ ਹਨ। ਧਨ-ਸੰਪਤੀ ਉੱਪਰ ਨਿਜੀ ਮਾਲਕੀ ਦਾ ਦਬਦਬਾ ਖਾਤਮਾ ਹੋ ਜਾਂਦਾ ਹੈ ਜਿਸ ਦੇ ਫਲਸਰੂਪ ਇਸਤਰੀ ਪੁਰਸ਼ ਦੋਵੇਂ ਸ੍ਵੈ-ਅਧੀਨ ਹੋ ਜਾਂਦੇ ਹਨ ਅਤੇ ਦੰਪਤੀ ਜੀਵਨ ਵਿਚਲੇ ਰਿਸ਼ਤੇ ਉਚੇਰੇ ਮਾਨਵੀ ਮੁੱਲਾਂ ਦੀ ਬੁਨਿਆਦ ਉੱਪਰ ਆ ਖਲੋਂਦੇ ਹਨ। ਇਸ ਦੌਰ ਵਿਚ ਸਹੀ ਅਰਥਾਂ ਵਿਚ ਔਰਤ ਮਰਦ ਦੇ ਸਮਾਨ ਅਧਿਕਾਰਾਂ ਦੀ ਸਥਾਪਨਾ ਹੁੰਦੀ ਹੈ, ਕਿਉਂਕਿ ਇਸਤਰੀ ਪੁਰਸ਼ ਦੋਵੇਂ ਬਰਾਬਰ ਰੂਪ ਵਿਚ ਕਾਨੂੰਨੀ, ਸਮਾਜਕ ਅਤੇ ਪਰਿਵਾਰਿਕ ਅਧਿਕਾਰਾਂ ਦਾ ਇਸਤੇਮਾਲ ਕਰਦੇ ਹਨ। ਇਸ ਤੋਂ ਇਲਾਵਾ ਇਸ ਸਮਾਜਕ ਢਾਂਚੇ ਵਿਚ ਔਰਤ ਰਾਜਨੀਤਕ, ਆਰਥਿਕ, ਧਾਰਮਿਕ, ਅਤੇ ਸਮਾਜਕ ਦਬਾਵਾਂ ਦਾ ਸ਼ਿਕਾਰ ਵੀ ਨਹੀਂ ਰਹਿੰਦੀ, ਸਗੋਂ ਉਹ ਇਨ੍ਹਾਂ ਸਾਰੇ ਖੇਤਰਾਂ ਵਿਚ ਮਰਦ ਦੇ ਸਮਾਨ ਅਧਿਕਾਰਾਂ ਦੀ ਵਰਤੋਂ ਕਰਦੀ ਹੈ। ਇਸ ਬਰਾਬਰੀ ਅਤੇ ਸ੍ਵੈ-ਨਿਰਭਰਤਾ ਦਾ ਹੀ ਸਿੱਟਾ ਹੁੰਦਾ ਹੈ ਕਿ ਅਣਜੋੜ ਵਿਆਹਾਂ ਦੀ ਸਮੱਸਿਆ ਵੀ ਨਹੀਂ ਆਉਂਦੀ ਅਤੇ ਹੋਰ ਬਹੁਤ ਸਾਰੀਆਂ ਸਮਾਜਕ ਕੁਰੀਤੀਆਂ ਜਿਵੇਂ ਸਤੀਪ੍ਰਥਾ, ਵੇਸਵਾ ਬਿਰਤੀ, ਦਾਜ ਦੀ ਲਾਅਨਤ ਅਤੇ ਬੁਰਜੂਆ ਵਿਆਹ ਤੋਂ ਵੀ ਨਾਰੀ ਨੂੰ ਛੁਟਕਾਰਾ ਮਿਲ ਜਾਂਦਾ ਹੈ। ਇਹ ਹਕੀਕਤ ਹੈ ਕਿ ਆਰਥਿਕ ਬੁਨਿਆਦ ਵਿਚ ਪਰਿਵਰਤਨ ਆਉਣ ਨਾਲ ਸਮਾਜਕ ਢਾਂਚੇ ਵਿਚ ਵੀ ਬੁਨਿਆਦੀ ਤਬਦੀਲੀ ਆਉਂਦੀ ਹੈ ਅਤੇ ਉਸ ਤਬਦੀਲੀ ਨਾਲ ਨਾਰੀ ਅਤੇ ਪੁਰਸ਼ ਦੇ ਸੰਬੰਧਾਂ ਵਿਚ ਵੀ ਪਰਿਵਰਤਨ ਆਉਣਾ ਸੁਭਾਵਿਕ ਹੁੰਦਾ ਹੈ। ਵਰਗਹੀਣ ਅਤੇ ਸ਼ੋਸ਼ਣ ਰਹਿਤ ਸਮਾਜ ਵਿਚ ਹੀ ਨਾਰੀ ਪੁਰਸ਼ ਵਿਚਾਲੇ ਜ਼ੁਲਮ ਤੇ ਦਮਨ ਤੋਂ ਰਹਿਤ ਸੁਖਾਵੇਂ ਸੰਬੰਧਾਂ ਦੀ ਕਲਪਨਾ ਕੀਤੀ ਜਾ ਸਕਦੀ ਹੈ ਇਸ ਅਵਸਥਾ ਵਿਚ ਸਮਾਜਕ ਵਿਕਾਸ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਰੀ ਤੇ ਪੁਰਸ਼ ਦਾ ਰੋਲ ਬਰਾਬਰ ਤਾਂ ਹੁੰਦਾ ਹੀ ਹੈ, ਨਾਲ ਹੀ ਨਾਲ ਉਨ੍ਹਾਂ ਵਿਚਕਾਰ ਨਾਰੀ ਪੁਰਸ਼ ਵਾਲੀ ਵੰਡ ਕਰਨ ਦੀ ਬਜਾਏ ਉਨ੍ਹਾਂ ਨੂੰ ਬਰਾਬਰ ਦੇ ਸ਼ਹਿਰੀ ਸਮਝਿਆ ਜਾਂਦਾ ਹੈ। ਸਰੀਰਕ ਲੁੱਟ ਖਸੁੱਟ ਦੇ ਨਾਲ ਨਾਲ ਆਤਮਿਕ ਜਾਂ ਮਾਨਸਿਕ ਲੁੱਟ ਤੋਂ ਵੀ ਨਾਰੀ ਜਾਤੀ ਨੂੰ ਨਿਜਾਤ ਮਿਲਦੀ ਹੈ। ਨਾਰੀ ਪੁਰਸ਼ ਦੇ ਆਪਸੀ ਸੰਬੰਧਾਂ ਦਾ ਆਧਾਰ ਮਜਬੂਰੀ ਦੀ ਬਜਾਏ ਮਰਜ਼ੀ ਜਾਂ ਇੱਛਾ ਬਣਦੀ ਹੈ। ਇਸ ਸੁਖਾਵੇਂ ਵਾਤਾਵਰਣ ਵਿਚ ਹੀ ਆਪਸੀ ਪਿਆਰ, ਸਾਂਝ, ਮਿੱਤਰਤਾ, ਮਿਲਵਰਤਣ, ਮੋਹ ਅਤੇ ਸੁਹਿਰਦਤਾ ਦੇ ਠੀਕ ਅਰਥ ਉੱਭਰ ਕੇ ਸਾਮ੍ਹਣੇ ਆਉਂਦੇ ਹਨ ਅਤੇ ਧੋਖਾ-ਫਰੇਬ, ਸੁਆਰਥ, ਜ਼ਿਆਦਤੀ, ਬਲਾਤਕਾਰ, ਅਤੇ ਨਫ਼ਰਤ ਆਦਿ ਵਰਗੇ ਸ਼ਬਦ ਬੇਅਰਥ ਹੋ ਜਾਂਦੇ ਹਨ। ਇੰਜ ਹੀ ਅਤ੍ਰਿਪਤੀ, ਕਾਮ ਭੁੱਖ ਅਤੇ ਇਸ ਤੋਂ ਪੈਦਾ ਹੋਣ ਵਾਲੇ ਤਨਾਵਾਂ ਦਾ ਵੀ ਖਾਤਮਾ ਹੁੰਦਾ ਹੈ। ਇਸ ਦੌਰ ਵਿਚ ਨਾਰੀ ਦੀ ਆਜ਼ਾਦੀ ਨੂੰ ਠੀਕ ਅਰਥਾਂ ਵਿਚ ਗ੍ਰਹਿਣ ਕਰਦੇ ਹੋਏ ਇਸ ਤੋਂ ਭਾਵ ਉਸ ਦੀ ਪੁਰਸ਼ ਨਾਲ ਬਰਾਬਰੀ ਤੋਂ ਲਿਆ ਜਾਂਦਾ ਹੈ ਨਾ ਕਿ ਉਸ ਦੇ ਪੁਰਸ਼ ਉੱਪਰ ਕਿਸੇ ਪ੍ਰਕਾਰ ਦੇ ਦਬਾਓ ਤੋਂ।

ਏਥੇ ਪੱਛਮ ਵਿਚ ਪੈਦਾ ਹੋਈ ਨਾਰੀ-ਮੁਕਤੀ ਲਹਿਰ (women's lib) ਸੰਬੰਧੀ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਅਤੇ ਇਸ ਰਾਹੀਂ ਪੈਦਾ ਹੋ ਰਹੇ ਭਰਮ ਭੁਲੇਖਿਆ ਨੂੰ ਦੂਰ ਕਰਨ ਦੀ ਲੋੜ ਹੈ। ਅੰਤਰਰਾਸ਼ਟਰੀ ਨਾਰੀ ਵਰ੍ਹੇ ਲਈ ਮੈਕਸੀਕੋ ਵਿਚ 19 ਜੂਨ ਤੋਂ 2 ਜੁਲਾਈ, 1975 ਤਕ ਇਕ ਕਾਨਫਰੰਸ ਕੀਤੀ ਗਈ ਜੋ ਇਸ ਸੰਬੰਧ ਵਿਚ ਆਪਣੀ ਕਿਸਮ ਦੀ ਸਭ ਤੋਂ ਵੱਡੀ ਕਾਨਫਰੰਸ ਸੀ। ਭਾਵੇਂ ਇਸ ਕਾਨਫਰੰਸ ਵਿਚ ਤਿੱਖੇ ਵਿਰੋਧ ਵੀ ਪ੍ਰਗਟ ਹੋਏ, ਤਾਂ ਵੀ ਕੁਝ ਨੁਕਤਿਆਂ ਨੂੰ ਸਰਬ ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਇਸ ਕਾਨਫਰੰਸ ਵਿਚ ਸਮਾਜ ਦੇ ਨਾਰੀ ਪ੍ਰਤਿ ਬਿੰਬ ਵਿਚ ਬੁਨਿਆਦੀ ਤਬਦੀਲੀ ਲਿਆਉਣ ਲਈ ਇਕ ਦਸ ਸਾਲਾ ''World Plan of Actions'' ਬਣਾਈ ਗਈ, ਜਿਸ ਵਚ ਨਾਰੀ ਦੇ ਆਸਰਿਤ, ਨਿਸ਼ਕ੍ਰਿਅ (passive) ਤੇ ਜਿਗਿਆਸਾਹੀਣ ਹੋਣ ਸੰਬੰਧੀ ਸੰਦੇਹ ਖੜ੍ਹੇ ਕੀਤੇ ਗਏ। ਇਸ ਯੋਜਨਾ ਦੇ ਤਹਿਤ ਐਸੀਆਂ ਪਾਠ-ਪੁਸਤਕਾਂ ਲਿਖਣ ਦਾ ਪ੍ਰੋਗਰਾਮ ਵੀ ਬਣਾਇਆ ਗਿਆ ਜਿਸ ਵਿਚ ਨਾਰੀ-ਬਿੰਬ ਨੂੰ ਉਚਿਤ ਢੰਗ ਨਾਲ ਉਲੀਕਿਆ ਜਾਵੇ। ਅਮਰੀਕਾ ਤੇ ਕੁਝ ਹੋਰ ਪੱਛਮੀ ਮੁਲਕਾਂ ਵਿਚ ਇਸ ਲਹਿਰ ਦਾ ਉਭਾਰ ਹੋਇਆ ਹੈ ਤੇ ਇਸ ਲਹਿਰ ਨੇ ਪਰੰਪਰਾਗਤ ਮਰਦ-ਪ੍ਰਧਾਨ ਸਮਾਜਕ ਪ੍ਰਬੰਧ ਦੀਆਂ ਜੜ੍ਹਾਂ ਨੂੰ ਉਖੇੜਨ ਦਾ ਦਾਅਵਾ ਵੀ ਕੀਤਾ ਹੈ। ਇਸ ਲਹਿਰ ਦੇ ਬਾਨੀਆਂ ਅਤੇ ਸੰਸਥਾਪਕਾਂ ਵਿਚ ਗ੍ਰਮੇਨ ਗ੍ਰੀਅਰ (Germaine Greer), ਐਨੇ ਨੁਰਾਕੀਨ (Anne Nurakin) ਅਤੇ ਕੇਟ ਮਲੇਟ (Kate Millett) ਦੇ ਨਾਂ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ। ਇਹ ਲਹਿਰ ਪ੍ਰਮੁੱਖ ਰੂਪ ਵਿਚ ਮੇਲ ਸ਼ਾਵਨਿਜ਼ਮ ਜਾਂ ਪੁਰਖ ਪ੍ਰਭੁਤਾ (Male Chauvinism) ਦੇ ਖਿਲਾਫ਼ ਵੱਖ ਵੱਖ ਪੱਧਰਾਂ ਉੱਪਰ ਜਹਾਦ ਖੜ੍ਹਾ ਕਰਨ ਪ੍ਰਤਿ ਵਚਨਬਧਤਾ ਦਾ ਇਜ਼ਹਾਰ ਕਰਦੀ ਹੋਈ ਕਾਮਵਾਦ (sexism), ਜਾਤੀਵਾਦ (racism), ਜ਼ੁਲਮ ਜਾਂ ਅਤਿਆਚਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(violene) ਅਤੇ ਗਰੀਬੀ (poverty) ਪ੍ਰਤਿ ਆਪਣੀ ਲੜਾਈ ਨੂੰ ਮੁੱਖ ਨਿਸ਼ਾਨਾ ਮਿਥਦੀ ਹੈ। ਇਸ ਤੋਂ ਇਲਾਵਾ ਇਸ ਨੇ ਸਰਮਾਏਦਾਰੀ ਢਾਂਚੇ ਵਿਚ ਵਿਆਹ-ਪ੍ਰਬੰਧ ਦੇ ਵਰਤਮਾਨ ਰੂਪ ਨੂੰ ਵੀ ਚੁਨੌਤੀ ਦਿਤੀ ਹੈ ਅਤੇ ਸੰਚਾਰ-ਸਾਧਨਾਂ ਜਿਵੇਂ ਰੇਡੀਓ, ਪ੍ਰੈਸ ਅਤੇ ਟੈਲੀਵਿਜ਼ਨ ਨੂੰ ਵੀ ਆਪਣੀ ਤਿੱਖੀ ਆਲੋਚਨਾ ਦਾ ਨਿਸ਼ਾਨਾ ਬਣਾਇਆ ਹੈ, ਜਿਨ੍ਹਾਂ ਨੇ ਨਾਰੀ ਨੂੰ ਮਹਿਜ਼ ਕਾਮ-ਚਿੰਨ੍ਹ (sex symbol) ਬਣਾ ਕੇ ਰੱਖ ਦਿੱਤਾ ਹੈ ਅਤੇ ਜਿਨ੍ਹਾਂ ਨੂੰ ਨਾਰੀ ਦੇ ਅੰਗ ਪ੍ਰਦਰਸ਼ਨ ਤੋਂ ਬਿਨਾ ਹਰ ਤਰ੍ਹਾਂ ਦੀ ਇਸ਼ਹਾਰਬਾਜ਼ੀ ਅਧੂਰੀ ਪ੍ਰਤੀਤ ਹੁੰਦੀ ਹੈ।

ਪੱਛਮ ਵਿਚ ਨਾਰੀ ਮੁਕਤੀ (women's lib) ਲਹਿਰ ਦਾ ਆਰੰਭ ਫਰਾਂਸ ਦੀ ਲੇਖਿਕਾ ਸੀਮਾਨ ਦ ਬੁਵਾ ਦੀ ਪੁਸਤਕ *Tne Second Sex* (1949) ਨਾਲ ਹੋਇਆ। ਦਰਅਸਲ ਨਾਰੀ ਮੁਕਤੀ ਸੰਬੰਧੀ ਇਹ ਪਹਿਲੀ ਪੁਸਤਕ ਸੀ ਜਿਸਨੇ ਸੰਸਾਰ ਦੀ ਅੱਧੀ ਆਬਾਦੀ ਅਰਥਾਤ ਨਾਰੀ ਜਾਤੀ ਨੂੰ ਆਪਣੀ ਹੋਂਦ ਬਾਰੇ ਸੰਜੀਦਗੀ ਨਾਲ ਸੋਚਣ ਦੀ ਪ੍ਰੇਰਣਾ ਦਿਤੀ। ਇਸ ਤੋਂ ਮਗਰੋਂ 1963 ਵਿਚ ਫਰਾਈਡਨ ਦੀ ਪੁਸਤਕ *The Femine Mystic* ਪ੍ਰਕਾਸ਼ਿਤ ਹੋਈ ਜਿਸ ਨੇ ਸੀਮਾਨ ਤੋਂ ਪਿਛੋਂ ਨਾਰੀ ਜਾਤੀ ਦੀ ਆਪਣੇ ਅਸਤਿਤ੍ਵ ਪ੍ਰਤਿ ਚੇਤਨਾ ਨੂੰ ਹੋਰ ਤਿੱਖਾ ਕੀਤਾ। ਉਸ ਦਾ ਪ੍ਰਮੁੱਖ ਬਲ ਪੁਰਸ਼-ਪ੍ਰਧਾਨ ਸਮਾਜ ਵਲੋਂ ਨਾਰੀ ਉੱਪਰ ਪਾਏ ਜਾਂਦੇ ਅਣਲੋੜੀਂਦੇ ਦਬਾਓ ਉੱਪਰ ਸੀ। ਉਸ ਨੇ ਇਹ ਵੀ ਲਿਖਿਆ ਕਿ ਨਾਰੀ ਨੂੰ ਬਾਰ ਬਾਰ ਮਾਂ, ਪਤਨੀ ਜਾਂ ਗ੍ਰਹਿਣੀ ਦੇ ਰੂਪ ਵਿਚ ਪੇਸ਼ ਕਰਨਾ ਉਸ ਦੇ ਖਿਲਾਫ਼ ਇਕ ਗਹਿਰੀ ਸਾਜ਼ਿਸ਼ ਦਾ ਸਿੱਟਾ ਹੈ। ਇਸ ਪੁਸਤਕ ਨੇ ਪੱਛਮੀ ਸਮਾਜ ਉੱਪਰ ਏਨਾ ਪ੍ਰਭਾਵ ਪਾਇਆ ਕਿ 1970 ਤਕ ਅਮਰੀਕਾ ਦੇ ਵੱਡੇ ਵੱਡੇ ਸ਼ਹਿਰਾਂ ਦੀਆਂ ਔਰਤਾਂ "ਸਾਨੂੰ ਆਜ਼ਾਦ ਕਰੋ" ਦੇ ਨਾਅਰੇ ਲਗਾਉਂਦੀਆਂ ਹੋਈਆਂ ਸੜਕਾਂ ਉੱਪਰ ਆ ਗਈਆਂ। ਇਸ ਡੇਢ ਦਹਾਕੇ ਦਰਮਿਆਨ ਛਪੀਆਂ ਪੁਸਤਕਾਂ ਨੇ ਨਾਰੀ ਦੀ ਗੁਲਾਮ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਜਾਗਰੂਕ ਕਰ ਦਿੱਤਾ। ਜਿੱਥੋਂ ਤਕ ਨਾਰੀ ਅੰਦਰ ਉਸਦੇ ਅਸਤਿਤ੍ਵ ਪ੍ਰਤਿ ਚੇਤਨਾ ਤੇ ਜਾਗ੍ਰਿਤੀ ਪੈਦਾ ਕਰਨ ਦਾ ਸੁਆਲ ਸੀ, ਇਨ੍ਹਾਂ ਰਚਨਾਂਵਾਂ ਨੇ ਫੈਸਲਾਕੁਨ ਭੂਮਿਕਾ ਅਦਾ ਕੀਤੀ। ਪਰ ਗੱਲ ਇਥੇ ਖਤਮ ਨਹੀਂ ਹੋਈ। ਕੇਟ ਮਿਲੇਟ ਦੀ ਪੁਸਤਕ Sexual Politics ਛਪਣ ਮਗਰੋਂ ਇਸ ਅੰਦੋਲਨ ਨੇ ਅਤਿਵਾਦੀ ਰੂਪ ਧਾਰਣ ਕਰ ਲਿਆ। ਠੀਕ ਨਿਸ਼ਾਨੇ ਦੀ ਪਛਾਣ ਦੀ ਅਣਹੋਂਦ ਸਦਕਾ ਨਾਰੀ ਸੰਗਠਨਾਂ ਨੇ ਬੇਅਰਥ ਕਿਸਮ ਦੇ ਨਾਅਰੇ ਦਿੱਤੇ ਅਤੇ ਇਥੋਂ ਤਕ ਕਿ ਆਪਣੀ ਲੜਾਈ ਦਾ ਨਿਸ਼ਾਨਾ ਮਰਦ ਨੂੰ ਹੀ ਸਮਝ ਲਿਆ। ਸੁਤੰਤਰਤਾ ਦੀ ਮੰਗ ਸਿਰਫ ਕਾਮ-ਸੰਬੰਧਾਂ ਜਾਂ ਖੁਲ੍ਹੇ ਭੋਗ-ਵਿਲਾਸ ਤਕ ਸੁੰਗੜ ਗਈ। ਨੈਤਿਕ ਦੀ ਬਜਾਏ ਭੋਗਵਾਦੀ ਮੁੱਲਾਂ ਦੇ ਭਾਰੂ ਹੋਣ ਨਾਲ ਸਮੱਸਿਆ ਸੁਲਝਣ ਦੀ ਬਜਾਏ ਵਧੇਰੇ ਸੰਜੀਦਾ ਰੂਪ ਅਖਤਿਆਰ ਕਰ ਗਈ ਅਤੇ ਸਿੱਟਾ ਇਹ ਨਿਕਲਿਆ ਕਿ ਖੁਲ੍ਹੇ ਕਾਮ ਸੰਬੰਧ, ਭੋਗ ਵਿਲਾਸ, ਤਲਾਕ, ਹੱਤਿਆਵਾਂ ਅਤੇ ਆਤਮ ਹੱਤਿਆਵਾਂ ਵਿਚ ਵਾਧਾ ਹੋਣਾ ਆਰੰਭ ਹੋ ਗਿਆ। ਨਾਰੀ-ਮੁਕਤੀ ਲਹਿਰ ਦੇ ਕੁਝ ਹਾਂ-ਪੱਖੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਸ਼ਾਨੇ ਇਸ ਪ੍ਰਕਾਰ ਸਨ :

ੳ. ਹਰ ਪ੍ਰਕਾਰ ਦੇ ਅਸੰਤੁਲਨ ਤੇ ਨਾਬਰਾਬਰੀ ਨੂੰ ਖਤਮ ਕਰਕੇ ਨਾਰੀ ਨੂੰ ਹਰ ਖੇਤਰ ਜਿਵੇਂ ਸਮਾਜਕ, ਧਾਰਮਿਕ, ਆਰਥਿਕ, ਰਾਜਨੀਤਕ ਆਦਿ, ਵਿਚ ਇਕੋ ਜਿਹੇ ਅਧਿਕਾਰ ਦਿੱਤੇ ਜਾਣ ।

ਅ. ਉਸ ਉਪਰ ਹਰ ਪ੍ਰਕਾਰ ਦੇ ਜ਼ੁਲਮ ਅਤੇ ਅਤਿਆਚਾਰ ਨੂੰ ਬੰਦ ਕੀਤਾ ਜਾਵੇ ਅਤੇ ਉਸ ਨੂੰ ਹੀਣ, ਘਟੀਆ ਅਤੇ ਨਫ਼ਰਤਯੋਗ ਨਾ ਸਮਝਿਆ ਜਾਵੇ ।

ੲ. ਗਰਭਪਾਤ ਦੇ ਨੇਮਾਂ ਵਿਚ ਨਰਮਾਈ ਕੀਤੀ ਜਾਵੇ ਤਾਂ ਜੋ ਨਾਰੀ ਅਣਚਾਹੇ ਬੱਚਿਆਂ ਦੇ ਜਨਮ ਤੋਂ ਮੁਕਤੀ ਹਾਸਲ ਕਰ ਸਕੇ ।

ਸ. ਪੁਰਸ਼ ਤੋਂ ਬਗੈਰ ਨਾਰੀ ਦੇ ਅਧੂਰੇ ਹੋਣ ਦੇ ਵਿਚਾਰ ਨੂੰ ਵੀ ਇਹ ਲਹਿਰ ਰੱਦ ਕਰਦੀ ਹੈ ਅਤੇ ਨਾਰੀ ਨੂੰ ਕਮਜ਼ੋਰ, ਨਿਰਭਰ ਅਤੇ ਐਸਾ ਜੀਵ ਮੰਨਣ ਤੋਂ ਵੀ ਇਨਕਾਰੀ ਹੈ ਜੋ ਪੁਰਸ਼ ਦੇ ਰਹਿਮ ਉੱਪਰ ਜੀਊਂਦਾ ਹੈ ।

ਹ. ਵਿਆਹ-ਪ੍ਰਬੰਧ ਦੇ ਸੰਬੰਧ ਵਿਚ ਇਹ ਲਹਿਰ ਪੁਰਸ਼ ਅਤੇ ਨਾਰੀ ਵਲੋਂ ਪਰਿਵਾਰਕ ਜੀਵਨ ਵਿਚ ਇਕੋ ਜੇਹਾ ਬੋਝ ਉਠਾਏ ਜਾਣ ਨੂੰ ਤਰਜੀਹ ਦੇਂਦੀ ਹੈ ।

ਕ. ਇਹ ਲਹਿਰ ਇਸ ਵਿਚਾਰ ਨਾਲ ਸਹਿਮਤ ਨਹੀਂ ਕਿ ਨਾਰੀ ਦਾ ਕੰਮ ਰਸੋਈ ਘਰ ਵਿਚ ਫਿਚਰਨਾ ਜਾਂ ਬੱਚੇ ਪੈਦਾ ਕਰਨਾ ਹੀ ਹੈ, ਸਗੋਂ ਇਹ ਨਾਰੀ ਦੀ ਆਤਮ ਨਿਰਭਰਤਾ ਉੱਪਰ ਬਲ ਦੇਂਦੀ ਹੈ ।

ਖ. ਇਹ ਲਹਿਰ ਨਾਰੀ ਦੀ ਸੁਤੰਤਰ ਪਛਾਣ ਕਾਇਮ ਕਰਨ ਦੇ ਹੱਕ ਵਿਚ ਹੈ ।

ਗ. ਇਹ ਲਹਿਰ ਸੰਚਾਰ ਸਾਧਨਾ ਦੁਆਰਾ ਨਾਰੀ ਨੂੰ ਕਾਮ-ਚਿੰਨ੍ਹ ਵਜੋਂ ਪੇਸ਼ ਕਰਕੇ ਵੱਧ ਤੋਂ ਵੱਧ ਮੁਨਾਫਾ ਕਮਾਉਣ ਦੇ ਖਿਲਾਫ਼ ਵੀ ਹੈ ।

ਘ. ਇਹ ਇਸ ਧਾਰਣਾ ਦੇ ਵੀ ਖਿਲਾਫ਼ ਹੈ ਕਿ ਜੀਵ-ਵਿਗਿਆਨਕ ਤੌਰ ਉਪਰ ਸਮਾਜ ਵਿਚ ਨਾਰੀ ਦੀ ਭੂਮਿਕਾ ਨਿਸ਼ਚਿਤ ਹੈ । (her anatomy is her destiny) ਇਸ ਲਿੰਗਕ ਭਿੰਨਤਾ ਦਾ ਆਧਾਰ ਮਰਦ ਦੁਆਰਾ ਸਿਰਜਿਤ ਸਾਂਸਕ੍ਰਿਤਕ ਮੁੱਲ ਹਨ, ਇਸ ਲਈ ਇਹ ਪ੍ਰਵਾਨਯੋਗ ਨਹੀਂ ਹੈ ।

ਨਾਰੀ ਮੁਕਤੀ ਲਹਿਰ ਦਾ ਜਿਥੇ ਹਾਂ-ਪੱਖੀ ਪ੍ਰਭਾਵ ਇਹ ਪਿਆ ਕਿ ਨਾਰੀ ਵਿਚ ਆਪਣੀ ਦੂਸਰੇ ਦਰਜੇ ਦੀ ਸਮਾਜਕ ਸਥਿਤੀ ਪ੍ਰਤਿ ਆਪਣੇ ਹੱਕਾਂ ਪ੍ਰਤਿ ਜਾਗ੍ਰਿਤੀ ਪੈਦਾ ਹੋਈ ਉਥੇ ਇਸ ਲਹਿਰ ਨੇ ਗਲਤ ਦਿਸ਼ਾ ਅਖਤਿਆਰ ਕਰਕੇ ਕੁਝ ਨਾਂਹ ਪੱਖੀ ਪ੍ਰਭਾਵ ਵੀ ਪਾਏ । ਪਹਿਲੀ ਗੱਲ ਇਹ ਹੈ ਕਿ ਇਸ ਲਹਿਰ ਨੇ ਨਾਰੀ ਦੀ ਆਜ਼ਾਦੀ ਦਾ ਅਰਥ ਪੁਰਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਬਰਾਬਬਰੀ ਦੀ ਬਜਾਏ ਪੁਰਸ਼ ਉੱਪਰ ਦਾਬੇ ਜਾਂ ਪ੍ਰਭੁਤਾ ਨੂੰ ਸਮਝ ਲਿਆ। ਇਨ੍ਹਾਂ ਅਰਥਾਂ ਵਿਚ ਇਹ ਲਹਿਰ ਨਾਰੀ ਦੀ ਆਜ਼ਾਦੀ ਅਤੇ ਪੁਰਸ਼ ਦੀ ਵਿਰੋਧਤਾ ਵਿਚ ਸਾਕਾਰ ਹੁੰਦੀ ਪ੍ਰਤੀਤ ਹੁੰਦੀ ਹੈ। ਪਰ ਹਕੀਕਤ ਇਹ ਹੈ ਕਿ ਨਾਰੀ ਦੀ ਲੜਾਈ ਮਰਦ ਨਾਲ ਨਹੀਂ ਸਗੋਂ ਮਰਦ-ਪ੍ਰਧਾਨ, ਪਿਛਾਂਹ ਖਿੱਚੂ ਤੇ ਪਰੰਪਰਾਗਤ ਕੀਮਤਾਂ ਦੇ ਧਾਰਣੀ ਨਿਜ਼ਾਮ ਵਿਰੁੱਧ ਹੈ। ਇਸ ਲਈ ਉਸ ਨੂੰ ਉਸ ਗਲਤ ਸਿਸਟਮ ਦੀ ਪਛਾਣ ਅਤੇ ਉਸ ਨੂੰ ਬਦਲਣ ਦਾ ਪ੍ਰਯਤਨ ਕਰਨਾ ਚਾਹੀਦਾ ਹੈ, ਜਿਸ ਵਿਚ ਉਸ ਦੀ ਤ੍ਰਾਸਦੀ ਦੇ ਬੀਜ ਛੁਪੇ ਹੋਏ ਹਨ। ਉਸ ਦਾ ਵਿਰੋਧ ਐਸੇ ਨਿਜ਼ਾਮ ਨਾਲ ਹੋਣਾ ਚਾਹੀਦਾ ਹੈ ਜੋ ਉਸ ਨੂੰ ਬਾਜ਼ਾਰੂ ਵਸਤ, ਮੁਨਾਫ਼ੇ ਦੀ ਸ਼ੈਅ ਜਾਂ ਕਾਮ-ਚਿੰਨ੍ਹ ਬਣਾ ਕੇ ਪੇਸ਼ ਕਰਦਾ ਹੈ। ਨਾਰੀ ਜੇਕਰ ਸਮਾਜ ਵਿਚ ਗੁਲਾਮੀ ਭਰਿਆ ਤੇ ਮੁਥਾਜੀ ਵਾਲਾ ਜੀਵਨ ਬਸਰ ਕਰ ਰਹੀ ਹੈ ਤਾਂ ਇਸ ਦਾ ਕਾਰਣ ਨਿੱਜੀ ਜਾਇਦਾਦ ਉੱਪਰ ਟਿਕਿਆ ਸਮਾਜਕ ਪ੍ਰਬੰਧ ਅਤੇ ਉਸ ਦੇ ਕਾਨੂੰਨ ਹਨ। ਇਸ ਪ੍ਰਬੰਧ ਦੇ ਖਾਤਮੇ ਬਿਨਾਂ ਪਰਿਵਾਰਿਕ ਰਿਸ਼ਤਿਆਂ ਤੇ ਇਸਤਰੀ-ਪੁਰਸ਼ ਦੇ ਸੰਬੰਧਾਂ ਵਿਚਕਾਰ ਸੰਤੁਲਨ ਕਾਇਮ ਨਹੀਂ ਕੀਤਾ ਜਾ ਸਕਦਾ। ਦਰਅਸਲ ਬਹੁਤੀਆ ਸਮਾਜਕ ਕੁਰੀਤੀਆਂ ਤੇ ਸਮੱਸਿਆਵਾਂ ਦੀ ਜੜ੍ਹ ਨਿੱਜੀ ਜਾਇਦਾਦ ਹੀ ਹੈ, ਜਿਹੜੀ ਨਾਰੀ ਪ੍ਰਤਿ ਗਲਤ ਸਮਾਜਕ ਪ੍ਰਬੰਧ ਦੀ ਸਿਰਜਣਾ ਵੀ ਕਰਦੀ ਹੈ ਅਤੇ ਉਸ ਪ੍ਰਤਿ ਹਿੰਸਾਮਈ ਅਤੇ ਸ਼ੋਸ਼ਣਕਾਰੀ ਮਾਹੌਲ ਵੀ ਪੈਦਾ ਕਰਦੀ ਹੈ। ਮਿਸਾਲ ਵਜੋਂ ਦਾਜ ਨੂੰ ਕਿਸੇ ਕੱਲੇ-ਕਾਰੇ ਵਿਅਕਤੀ ਦੀ ਨਿੱਜੀ ਲਾਲਸਾ ਦਾ ਪ੍ਰਤੀਕ ਸਮਝਣ ਦੀ ਬਜਾਏ ਜਦੋਂ ਅਸੀਂ ਇਸ ਨੂੰ ਨਿੱਜੀ ਜਾਇਦਾਦ ਅਤੇ ਯੋਗ-ਅਯੋਗ ਢਗਾਂ ਨਾਲ ਵੱਧ ਤੋਂ ਵੱਧ ਪੈਸਾ ਇਕੱਠਾ ਕਰਨ ਵਾਲੀ ਬਿਰਤੀ ਨਾਲ ਜੋੜ ਕੇ ਵੇਖਦੇ ਹਾਂ ਤਾਂ ਇਹ ਨੁਕਤਾ ਵਧੇਰੇ ਠੀਕ ਪਰਿਪੇਖ ਵਿਚ ਉੱਭਰ ਕੇ ਸਾਮ੍ਹਣੇ ਆਉਂਦਾ ਹੈ। ਇਸ ਲਈ ਪਹਿਲੀ ਜ਼ਰੂਰਤ ਆਰਥਿਕ ਤੇ ਪਦਾਰਥਕ ਹਾਲਾਤ ਨੂੰ ਬਦਲਣ ਦੀ ਅਤੇ ਨਾਰੀ-ਦੋਖੀ ਸਮਾਜਕ, ਸਿਆਸੀ ਨਿਜ਼ਾਮ ਅਤੇ ਇਸ ਨੂੰ ਹਰ ਸੂਰਤ ਵਿਚ ਜਿਉਂ ਦਾ ਤਿਉਂ ਬਰਕਰਾਰ ਰੱਖਣ ਵਾਲੀਆਂ ਧਿਰਾਂ ਪ੍ਰਤੀ ਜੱਹਾਦ ਛੇੜਣ ਦੀ ਹੈ। ਇਹ ਨਾਰੀ-ਪੱਖੀ ਸੰਘਰਸ਼ ਹੀ ਸਮਾਜ ਵਿਚ ਉਸ ਪ੍ਰਤੀ ਪ੍ਰਚਲਿਤ ਗਲਤ ਤੇ ਪਰੰਪਰਾਗਤ ਧਾਰਨਾਵਾਂ, ਲਿੰਗ-ਵਿਤਕਰੇ ਅਤੇ ਮਰਦ ਹਉਂ ਨੂੰ ਠੀਕ ਰਾਹੇ ਤੋਰ ਸਕਦਾ ਹੈ। ਇਸ ਲਈ ਨਾਰੀ ਦੀ ਅਸਲ ਲੜਾਈ ਨੂੰ ਮਰਦ ਜਾਂ ਪੁਰਸ਼ ਵਿਰੁੱਧ ਦੱਸਣਾ ਨਾਰੀ-ਮੁਕਤੀ ਲਹਿਰ ਦਾ ਗਲਤ ਦੇ ਗੁਮਰਾਹਕੁਨ ਨਿਸ਼ਾਨਾ ਹੈ। ਇਸ ਲਹਿਰ ਨੇ ਨਾਰੀ ਦੀ ਆਜ਼ਾਦੀ ਨੂੰ ਠੀਕ ਪਰਿਪੇਖ ਵਿਚ ਸਮਝਣ ਦੀ ਬਜਾਏ ਉਸ ਨੂੰ ਸਥਾਪਤ ਪਰਿਵਾਰਿਕ ਢਾਂਚੇ ਵਿਰੁੱਧ ਬਗਾਵਤ ਕਰਨ ਲਈ ਉਕਸਾਇਆ ਹੈ। ਫਲਸਰੂਪ ਉਹ ਬੇਲਗਾਮ ਜਿਨਸੀ ਸੰਬੰਧਾਂ ਦਾ ਸ਼ਿਕਾਰ ਹੋ ਕੇ ਭਟਕਣਾ ਦੀ ਅਵਸਥਾ ਵਿਚ ਵਿਚਰ ਰਹੀ ਹੈ। ਨਾਰੀ-ਮੁਕਤੀ ਦੀ ਲਹਿਰ ਨੂੰ ਜਮਾਤੀ ਸੰਘਰਸ਼ ਤੋਂ ਵਿਛੁੰਨ ਕੇ ਇਕ ਆਜ਼ਾਦ ਤੇ ਸ੍ਵੈ-ਸੰਪੂਰਨ ਨਾਰੀ ਲਹਿਰ ਵਜੋਂ ਸਥਾਪਤ ਕਰਨਾ ਉਚਿਤ ਨਹੀਂ। ਜਮਾਤੀ ਸਮਾਜ ਦੇ ਖਾਤਮੇ ਦੇ ਨਾਲ ਹੀ ਮਰਦ ਦੀ ਔਰਤ ਉੱਪਰ ਪ੍ਰਭੁਤਾ ਵੀ ਸਮਾਪਤ ਹੋ ਜਾਵੇਗੀ।[30] ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜੋਕੇ ਪਰਿਵਾਰਿਕ ਢਾਂਚੇ ਦਾ ਮੁਖੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਰਦ ਹੈ ਪਰ ਉਹ ਆਪਣੀ ਸ਼ਕਤੀ ਨਿਜੀ ਜਾਇਦਾਦ ਉਪਰ ਉਸਰੇ ਨਿਜ਼ਾਮ ਪਾਸੋਂ ਲੈਂਦਾ ਹੈ। ਇਸ ਲਈ ਸਿਰਜਣਾ ਸਮੇਂ ਮਹਿਜ਼ ਉਸੇ ਨੂੰ ਆਪਣੀ ਚੋਟ ਦਾ ਨਿਸ਼ਾਨਾ ਬਣਾ ਲੈਣਾ ਉਚਿਤ ਨਹੀਂ। ਇਸ ਪ੍ਰਸੰਗ ਵਿਚ ਡਾ. ਹਰਿਭਜਨ ਸਿੰਘ ਦਾ ਕਥਨ ਬਹੁਤ ਢੁਕਵਾਂ ਹੈ :

> ਨਿਸ਼ਚੇ ਹੀ ਔਰਤ ਜ਼ਾਤ ਨੇ ਸਦੀਆਂ ਤਕ ਮਰਦ ਦੀ ਗਲਾਮੀ ਸਹੀ ਹੈ ਅਤੇ ਉਸ ਵਿਰੁਧ ਕੌੜੀ ਪ੍ਰਤੀਕ੍ਰਿਆ ਉਨ੍ਹਾਂ ਦੇ ਅਵਚੇਤਨ ਦਾ ਅੰਗ ਬਣ ਗਈ ਹੈ। ਪਰ ਔਰਤ ਦੀ ਕਵਿਤਾ ਕੇਵਲ ਇਸੇ ਕੁੜਿਤਣ ਦਾ ਸ਼ਿਕਾਰ ਹੋ ਕੇ ਨਾ ਰਹਿ ਜਾਏ। ਉਹ ਆਲੇ ਦੁਆਲੇ ਐਸੀ ਡੂੰਘੀ ਲਕੀਰ ਨਾ ਖਿਚੇ ਕਿ ਉਸ ਅੰਦਰ ਕੈਦ ਹੋ ਕੇ ਨਾ ਰਹਿ ਜਾਏ।[31]

ਨਾਰੀ ਦੀ ਮੁੱਖ ਚੋਟ ਜਾਂ ਨਿਸ਼ਾਨਾ ਲੁੱਟ-ਖਸੁੱਟ ਉੱਪਰ ਆਧਾਰਿਤ ਨਿਜ਼ਾਮ ਹੋਣਾ ਚਾਹੀਦਾ ਹੈ। ਇਸ ਵਿਚ ਰਤਾ ਵੀ ਸੰਦੇਹ ਨਹੀਂ ਕਿ ਨਾਰੀ ਸਮਾਜ ਦਾ ਮਹੱਤਵ ਪੂਰਨ ਅੰਗ ਹੈ ਅਤੇ ਪੁਰਸ਼ ਨਾਲ ਇਸ ਦੇ ਸਹਿਯੋਗ ਬਿਨਾ ਸੰਸਾਰ ਤੇ ਸੁੰਦਰ ਸਮਾਜ ਦੀ ਕਲਪਨਾ ਅਧੂਰੀ ਹੈ। ਜਦੋਂ ਮਾਨਵ ਜਾਤੀ ਦਾ ਚਿਰਾਂ ਤੋਂ ਸੁੰਨ ਪਿਆ ਅੱਧਾ ਹਿੱਸਾ ਚੇਤੰਨ ਤੇ ਜਾਗਰੂਕ ਹੋ ਕੇ ਆਪਣੇ ਠੀਕ ਨਿਸ਼ਾਨੇ ਵਲ ਅੱਗੇ ਵਧੇਗਾ ਤਾਂ ਸੱਚਮੁੱਚ ਹੀ ਨਾਰੀ-ਮੁਕਤੀ ਦੇ ਨਕਸ਼ ਉਭਰਣੇ ਆਰੰਭ ਹੋਣਗੇ।

ਵੀਹਵੀਂ ਸਦੀ ਦੇ ਅਠਵੇਂ ਦਹਾਕੇ ਵਿਚ ਸਾਹਿਤ ਦੀ ਨਾਰੀਵਾਦੀ ਸਮੀਖਿਆ ਸੰਬੰਧੀ ਵੀ ਵਿਚਾਰ ਚਰਚਾ ਤੁਰੀ ਹੈ। ਉਸਦੇ ਸੰਬੰਧ ਵਿਚ ਵੀ ਇਥੇ ਕੁਝ ਜ਼ਿਕਰ ਕਰਨਾ ਉਚਿਤ ਜਾਪਦਾ ਹੈ। ਰਮਨ ਸੈਲਡਨ ਨੇ ਇਸ ਨੂੰ ਸਾਹਿਤ ਦੀਆਂ ਦੂਸਰੀਆਂ ਪਹੁੰਚ-ਵਿਧੀਆਂ ਜਿਵੇਂ ਰੂਸੀ ਰੂਪਵਾਦ, ਮਾਰਕਸਵਾਦੀ ਆਲੋਚਨਾ, ਸੰਰਚਨਾਵਾਦੀ ਆਲੋਚਨਾ, ਉੱਤਰ ਸੰਰਚਨਾਵਾਦੀ ਆਲੋਚਨਾ ਦੇ ਬਰਾਬਰ ਦਾ ਮਹੱਤਵ ਦੇਂਦੇ ਹੋਏ ਇਸ ਸਮੀਖਿਆ-ਵਿਧੀ ਨੂੰ ਵਿਸ਼ਵ ਪੱਧਰ ਉੱਪਰ ਸਮੁੱਚੀਆਂ ਅਧਿਐਨ-ਪਹੁੰਚਾਂ ਦੀ ਪੁਨਰ-ਵਿਆਖਿਆ ਕਰਨ ਵਾਲਾ, ਵੱਖਰਾ ਤੇ ਕ੍ਰਾਂਤੀਕਾਰੀ ਦ੍ਰਿਸ਼ਟੀ-ਬਿੰਦੂ ਦਸਿਆ ਹੈ।[32] "ਨਾਰੀਵਾਦੀ ਸਮੀਖਿਆ" ਮੋਟੇ ਤੌਰ ਉੱਪਰ "ਅੰਤਰ ਅਨੁਸ਼ਾਸਨੀ ਜਾਂਚ ਦੀ ਇਕ ਅਜਿਹੀ ਸ਼ਾਖਾ ਹੈ ਜਿਹੜੀ ਕਿ ਲਿੰਗ ਨੂੰ ਅਨੁਭਵ ਦੀ ਮੁੱਢਲੀ ਸੰਗਠਿਤ ਸ਼੍ਰੇਣੀ ਮੰਨਦੀ ਹੈ। ਇਹ ਜਾਂਚ ਲਿੰਗ ਸੰਬੰਧੀ ਦੋ ਸੰਬੰਧਿਤ ਖੇਤਰਾਂ ਨੂੰ ਲੈਂਦੀ ਹੈ। ਪਹਿਲਾ ਇਹ ਕਿ ਲਿੰਗਾਂ ਦੀ ਅਸਮਾਨਤਾ ਨਾ ਤਾਂ ਜੀਵ ਵਿਗਿਆਨਕ ਦੇਣ ਹੈ ਅਤੇ ਨਾ ਹੀ ਰੱਬੀ ਫੁਰਮਾਨ, ਸਗੋਂ ਇਹ ਤਾਂ ਸਾਂਸਕ੍ਰਿਤਕ ਘਾੜਤ ਹੈ ਅਤੇ ਇਸ ਤਰ੍ਹਾਂ, ਇਹ ਕਿਸੇ ਵੀ ਮਾਨਵੀ ਅਨੁਸ਼ਾਸਨ ਦੇ ਅਧਿਐਨ ਲਈ ਇਕ ਢੁਕਵਾਂ ਵਿਸ਼ਾ ਹੈ। ਦੂਸਰਾ ਇਹ ਕਿ ਮਰਦ ਦ੍ਰਿਸ਼ਟੀਕੋਣ, ਜਿਸਨੂੰ ਸਰਬ ਵਿਆਪਕ ਮੰਨਿਆ ਜਾਂਦਾ ਹੈ, ਨੇ ਆਪਣੀਆਂ ਮਿਸਾਲਾਂ ਤੇ ਢੰਗ ਤਰੀਕਿਆਂ ਨਾਲ ਗਿਆਨ ਦੇ ਖੇਤਰਾਂ ਵਿਚ ਪ੍ਰਭੁਤਾ ਜਮਾਈ ਹੈ।[33] ਟੋਰਿਲ ਮੋਏ ਮੋਟੇ ਤੌਰ ਤੇ ਨਾਰੀਵਾਦੀ ਆਲੋਚਨਾ ਨੂੰ ਇਕ ਵਿਸ਼ੇਸ਼ ਭਾਂਤ ਦੇ "ਰਾਜਨੀਤਕ ਪ੍ਰਵਚਨ"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(political discourse) ਦਾ ਨਾਂ ਦੇ ਦੀ ਹੈ ਜਿਹੜਾ ਪਿਤ੍ਰਕ ਸਮਾਜ (patriarchy) ਅਤੇ ਕਾਮਵਾਦ ਦੇ ਖਿਲਾਫ਼ ਜਤੋਂ ਜਹਿਦ ਕਰ ਰਿਹਾ ਹੈ।[34] ਨਾਰੀਵਾਦੀ ਚਿੰਤਨ ਮੂਲ ਰੂਪ ਵਿਚ ਆਪਣੀ ਸ਼ਕਤੀ ਇਸ ਸਦੀ ਦੇ ਸੱਠਵਿਆਂ ਤੇ ਸੱਤਰਵਿਆਂ ਵਿਚ ਚੱਲੀ ਨਾਰੀ ਪੱਖੀ ਲਹਿਰ ਪਾਸੋਂ ਲੈਂਦਾ ਹੈ। ਵੱਖਰੀ ਗੱਲ ਹੈ ਕਿ ਇਹ ਮਗਰੋਂ ਸਮੁੱਚੀਆਂ ਚਿੰਤਨ ਵਿਧੀਆਂ ਦੀ ਤਿੱਖੀ ਆਲੋਚਨਾ ਕਰਕੇ ਸਮੁੱਚੇ ਚਿੰਤਨ ਦੀ ਨਵੇਂ ਸਿਰਿਓਂ ਵਿਆਖਿਆ ਕਰਨ ਅਤੇ ਉਸ ਦੇ ਲਈ ਲੋੜੀਂਦੇ ਨੇਮਾਂ, ਭਾਸ਼ਾ ਤੇ ਅਧਿਐਨ ਦੇ ਢੰਗ ਤਰੀਕਿਆਂ ਦੀ ਨਵੀਨ ਘਾੜਤ ਉੱਪਰ ਬਲ ਦੇਂਦਾ ਹੈ। ਇਨ੍ਹਾਂ ਨਾਰੀ-ਚਿੰਤਕਾਂ ਦੀ ਬੁਨਿਆਦੀ ਧਾਰਣਾ ਹੈ ਕਿ ਉਨ੍ਹਾਂ ਦੀ ਸਿਰਜਣਾ ਦਾ ਮੁਨਾਸਬ ਮੁੱਲ ਤਾਂ ਹੀ ਪੈ ਸਕਦਾ ਹੈ ਜੇਕਰ ਉਹ ਖੁਦ ਚਿੰਤਨ ਕਾਰਜ ਦਾ ਪ੍ਰਾਰੰਭ ਕਰਨ। ਇਨ੍ਹਾਂ ਦਾ ਮੁੱਖ ਇਤਰਾਜ਼ ਇਹ ਹੈ ਕਿ ਨਾਰੀ-ਬਿੰਬ ਦੀ ਸਾਹਿਤ ਵਿਚ ਨਾ ਤਾਂ ਉਚਿਤ ਢੰਗ ਨਾਲ ਸਿਰਜਣਾ ਹੋਈ ਹੈ ਅਤੇ ਨਾ ਹੀ ਨਾਰੀ ਦੁਆਰਾ ਸਿਰਜੇ ਗਏ ਸਾਹਿਤ ਦੀ ਹੀ ਉਚਿਤ ਵਿਆਖਿਆ, ਵਿਸ਼ਲੇਸ਼ਣ ਤੇ ਮੁਲਾਂਕਣ ਕੀਤਾ ਗਿਆ ਹੈ। ਮਨੁੱਖ, ਜਗਤ ਅਤੇ ਪ੍ਰਕਿਰਤੀ ਪ੍ਰਤਿ ਨਾਰੀ ਦਾ ਅਨੁਭਵ ਪੁਰਸ਼ ਨਾਲੋਂ ਅਸਲੋਂ ਭਿੰਨ ਹੈ, ਇਸ ਲਈ ਉਸ ਨੂੰ ਖੁਦ ਹੀ ਸਾਹਿਤ ਵਿਚ ਮਰਦ ਦੁਆਰਾ ਆਪਣੇ ਸਿਰਜੇ ਬਿੰਬ ਦੀ ਪ੍ਰਮਾਣਕਤਾ ਦੀ ਪੁਣ ਛਾਣ ਕਰਨੀ ਚਾਹੀਦੀ ਹੈ ਅਤੇ ਨਾਲ ਹੀ ਨਾਲ ਨਾਰੀ ਲੇਖਿਕਾਵਾਂ ਵਲੋਂ ਸਿਰਜੇ ਜਾ ਰਹੇ ਸਾਹਿਤ ਦਾ ਲੇਖਾ ਜੋਖਾ ਵੀ ਕਰਨਾ ਚਾਹੀਦਾ ਹੈ। ਪੁਰਸ਼ ਦੁਆਰਾ ਕੀਤੀ ਸਿਰਜਣਾ ਦੀ ਪਛਾਣ, ਨਾਰੀ ਦੁਆਰਾ ਨਵੀਨ ਸਿਰਜਣਾ ਅਤੇ ਉਸ ਦੀ ਵਿਆਖਿਆ ਤੇ ਵਿਸ਼ਲੇਸ਼ਣ ਇਸ ਪਹੁੰਚ-ਵਿਧੀ ਦਾ ਮਨੋਰਥ ਹੈ। ਇਹ ਨਾਰੀ-ਕੇਂਦਰਿਤ ਅਧਿਐਨ-ਵਿਧੀ ਪ੍ਰਯੋਜਨ ਦੇ ਪੱਖ ਤੋਂ ਨਾਰੀ ਪ੍ਰਤਿ ਸੁਖਾਵੇਂ ਸਮਾਜਕ ਵਾਤਾਵਰਣ ਤੇ ਪ੍ਰਬੰਧ ਦੀ ਸਿਰਜਣਾ ਪ੍ਰਤਿ ਆਪਣੀ ਵਚਨਬੱਧਤਾ ਦਾ ਅਕਸਰ ਇਜ਼ਹਾਰ ਕਰਦੀ ਹੈ। ਇਹ ਵਿਚਾਰ ਇਸ ਧੁਰੇ ਦੁਆਲੇ ਉੱਸਰਿਆ ਹੋਇਆ ਹੈ ਕਿ ਨਾਰੀ ਹੀ ਨਾਰੀ ਦੀ ਸੰਵੇਦਨਾ ਨੂੰ ਮੁਨਾਸਬ ਢੰਗ ਨਾਲ ਸਮਝ ਤੇ ਸਿਰਜ ਸਕਦੀ ਹੈ, ਉਸ ਦੀ ਸਮੱਸਿਆ ਦੇ ਠੀਕ ਕਾਰਣਾਂ ਦੀ ਭਾਲ ਕਰ ਸਕਦੀ ਹੈ ਅਤੇ ਉਸ ਸਿਸਟਮ ਦੀ ਪਛਾਣ ਕਰ ਸਕਦੀ ਹੈ ਜੋ ਇਨ੍ਹਾਂ ਸਮਸਿਆਵਾਂ ਦਾ ਜਨਮਦਾਤਾ ਹੈ। ਨਾਰੀਵਾਦੀ ਅਧਿਐਨ-ਪ੍ਰਣਾਲੀ ਦੀਆਂ ਕੁਝ ਪਛਾਣਯੋਗ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :

ੳ. ਕਿਸੇ ਵੀ ਪ੍ਰਕਾਰ ਦੇ ਨਾਰੀਵਾਦੀ ਚਿੰਤਨ ਦੀ ਸਿਰਜਣਾ ਨਾਰੀ ਦੇ ਆਪਣੇ ਤਜਰਬੇ ਅਤੇ ਅਵਚੇਤਨ ਦੇ ਆਧਾਰ ਉੱਪਰ ਹੀ ਸੰਭਵ ਹੈ।

ਅ. ਨਾਰੀ ਨੂੰ ਖੁਦ ਉਸ ਭਾਸ਼ਾ ਦੀ ਸਿਰਜਣਾ ਕਰਨੀ ਚਾਹੀਦੀ ਹੈ ਜਿਹੜੀ ਕਿ ਉਸ ਨੂੰ ਠੀਕ ਢੰਗ ਨਾਲ ਸਿਰਜ ਤੇ ਸਮਝ ਸਕੇ।

ੲ. ਇਸ ਨੂੰ ਖੁਦ ਆਪਣੇ ਸੰਕਲਪੀ ਢਾਂਚੇ ਦੀ ਸਿਰਜਣਾ ਕਰਨੀ ਚਾਹੀਦੀ ਹੈ, ਭਾਵੇਂ ਉਹ ਪੁਰਸ਼ ਨੂੰ ਤਰਕਸੰਗਤ ਨਾ ਵੀ ਲੱਗੇ।

ਸ. ਨਾਰੀ ਨੂੰ ਕਿੰਨੀਆਂ ਵੀ ਮੁਸ਼ਕਲਾਂ ਦਾ ਸਾਹਮਣਾ ਕਿਉਂ ਨਾ ਕਰਨਾ ਪਵੇ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਨੂੰ ਇਸ ਗੱਲ ਦਾ ਪੂਰਨ ਅਧਿਕਾਰ ਹੈ ਕਿ ਉਹ ਆਪਣੇ ਮੁੱਲਾਂ ਉੱਪਰ ਪਹਿਰਾ ਦੇਵੇ, ਆਪਣੇ ਚੇਤਨ-ਅਵਚੇਤਨ ਨੂੰ ਉਘਾੜੇ ਅਤੇ ਐਸੇ ਨਵੀਨ ਰੂਪਾਂ ਦੀ ਸਿਰਜਣਾ ਕਰੇ ਜਿਹੜੇ ਉਸਦੇ ਮੁੱਲਾਂ ਅਤੇ ਚੇਤਨਾ ਨੂੰ ਸੰਚਾਰਿਤ ਕਰਨ।

ਹ. ਕਿਉਂ ਕਿ ਸ਼ਕਤੀ ਦਾ ਤਵਾਜਨ ਹਮੇਸ਼ਾਂ ਪੁਰਸ਼ ਦੇ ਹੱਥ ਰਿਹਾ ਹੈ, ਇਸ ਲਈ ਅਤੀਤ ਵਿਚ ਮਨੁੱਖ ਦੁਆਰਾ ਸਾਹਿਤ ਤੇ ਨਾਰੀ ਨੂੰ ਸਮਝਣ ਲਈ ਸਿਰਜੇ ਗਏ ਪ੍ਰਤਿਮਾਨ ਵੀ ਪੁਨਰ ਵਿਆਖਿਆ ਅਤੇ ਪੁਨਰ-ਸਿਰਜਣਾ ਦੀ ਮੰਗ ਕਰਦੇ ਹਨ।[35]

ਪੁਰਖ-ਪ੍ਰਭੁਤਾ ਵਾਲੇ ਅਜੋਕੇ ਸਮਾਜ ਵਿਚ ਨਾਰੀ ਨੂੰ ਘਰ ਤੇ ਘਰ ਤੋਂ ਬਾਹਰ ਸਾਰੀਆਂ ਸਮੱਸਿਆਵਾਂ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਵਸਤੂ-ਸਥਿਤੀ ਇਹੀ ਮੰਗ ਕਰਦੀ ਹੈ ਕਿ ਇਕ ਸੰਵੇਦਨਸ਼ੀਲ ਨਾਰੀ ਆਪਣੇ ਦੁਆਲੇ ਉਸਰੀਆਂ ਗਲਤ ਸਾਂਸਕ੍ਰਿਤਕ ਮੁੱਲਾਂ ਦੀਆਂ ਵਲਗਣਾਂ ਨੂੰ ਆਪਣੀ ਸਿਰਜਣਾਤਮਕ ਸ਼ਕਤੀ ਰਾਹੀਂ ਦਰਸਾਏ ਤੇ ਢਾਹ ਢੇਰੀ ਕਰੇ। ਇਸ ਦੇ ਨਾਲ ਹੀ ਨਾਲ ਦੂਸਰੀ ਵੱਡੀ ਜ਼ਰੂਰਤ ਇਹ ਵੀ ਹੈ ਕਿ ਨਾਰੀ ਉਨ੍ਹਾਂ ਚਿੰਤਨ-ਵਿਧੀਆਂ ਨੂੰ ਰੱਦ ਕਰੇ ਜਿਹੜੀਆਂ ਮਰਦ-ਪ੍ਰਧਾਨ ਸਮਾਜ ਦੀ ਉਪਜ ਹਨ। ਇਨ੍ਹਾਂ ਚਿੰਤਨ-ਮਾਡਲਾਂ ਨੂੰ ਸੰਦੇਹ ਦੀ ਨਜ਼ਰ ਨਾਲ ਵੇਖਣਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਦਾ ਮੂਲ ਸੁਭਾਅ ਮਰਦ-ਪੱਖੀ ਹੈ। ਸਿੱਧਾਂਤਕ ਪੱਧਰ ਉੱਪਰ ਇਹ ਕਾਰਜ ਦਾਰਸ਼-ਨਿਕ ਚਿੰਤਨ ਦੀ ਮੰਗ ਕਰਦਾ ਹੈ, ਪਰੰਤੂ ਸਿਰਜਣਾ ਦੀ ਪੱਧਰ ਉੱਪਰ ਨਾਰੀ ਨੂੰ ਆਪਣੇ ਅਸਤਿਤਵ ਦੀ ਗਾਥਾ ਨੂੰ ਇਤਿਹਾਸਕ ਸੰਦਰਭਾਂ ਤੇ ਅਨੁਭਵ ਰਾਹੀਂ ਸਾਖਸ਼ਾਤ ਕਰਨਾ ਚਾਹੀਦਾ ਹੈ। ਵਰਤਮਾਨ ਸਮਾਜਕ ਪ੍ਰਬੰਧ ਵਿਚ ਨਾਰੀ ਇਕ ਬੇਪਛਾਣ ਅਸਤਿਤਵ ਵਜੋਂ ਵਿਚਰ ਰਹੀ ਹੈ। ਉਹ ਭਾਵੁਕ ਤੇ ਬੌਧਿਕ ਤੌਰ ਉੱਪਰ ਆਪਣੇ ਚੌਗਿਰਦੇ ਤੋਂ ਅਸੰਤੁਸ਼ਟ ਹੋਣ ਸਦਕਾ ਕਈ ਤਰ੍ਹਾਂ ਦੇ ਮਾਨਸਿਕ ਤਨਾਉ ਭੋਗ ਰਹੀ ਹੈ। ਉਹ ਅਣਚਾਹਿਆ ਜੀਵਨ ਬਸਰ ਕਰ ਰਹੀ ਹੈ ਅਤੇ ਸਮਾਜਕ ਕਿਰਿਆ-ਪ੍ਰਕਿਰਿਆ ਵਿਚ ਉਸ ਦੀ ਮਰਜ਼ੀ ਸ਼ਾਮਿਲ ਨਹੀਂ ਹੁੰਦੀ। ਇਸ ਤਨਾਉ ਦੇ ਪਾਸਾਰਾਂ ਨੂੰ ਪਛਾਨਣ ਨਾਲ ਹੀ ਵਸਤੂ-ਸਥਿਤੀ ਦੀ ਠੀਕ ਪਛਾਣ ਹੋ ਸਕਦੀ ਹੈ। ਇਸ ਵਿਚ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਜਦੋਂ ਨਾਰੀ ਆਪਣੇ ਵਜੂਦ ਅੰਦਰ ਚਲ ਰਹੀ ਕਸ਼ਮਕਸ਼ ਨੂੰ ਸਮੂਰਤ ਰੂਪ ਦੇਣ ਦਾ ਯਤਨ ਕਰੇਗੀ ਤਾਂ ਪਹਿਲੀ ਸਮੱਸਿਆ ਉਸ ਦੇ ਸਾਹਮਣੇ ਨਵੀਂ ਤੇ ਮੌਲਿਕ ਭਾਸ਼ਾ ਦੇ ਸਿਰਜਣ ਦੀ ਆਵੇਗੀ ਜਿਹੜੀ ਉਸ ਦੇ ਅੰਦਰਲੇ ਤਨਾਉ ਨੂੰ ਰੂਪਮਾਨ ਕਰੇ। ਅਜੇਹੀ ਸਿਰਜਣਾ ਦੀ ਪ੍ਰਕਿਰਤੀ ਸ੍ਵੈ-ਸਹਿਜ ਹੀ ਵਿਦਰੋਹੀ ਹੋਵੇਗੀ ਕਿਉਂਕਿ ਇਹ ਪ੍ਰਧਾਨ ਚਿੰਤਨ-ਮਾਡਲਾਂ ਨੂੰ ਨਕਾਰ ਕੇ ਉਨ੍ਹਾਂ ਦੇ ਸਮਾਨਾਂਤਰ ਇਕ ਪ੍ਰਤਿ-ਚਿੰਤਨ ਦੀ ਸਿਰਜਣਾ ਵਲ ਰਜੂਅ ਕਰੇਗੀ। ਨਾਰੀ ਪੱਖੀ ਸਾਹਿਤ ਨੂੰ ਨਾਰੀ ਜੀਵਨ ਦੇ ਬਹੁ-ਪਾਸਾਰੀ ਯਥਾਰਥ ਨੂੰ ਛੋਹਣਾ ਅਤੇ ਉਸ ਦੀ ਸਮੁੱਚੀ ਦਸ਼ਾ ਨੂੰ ਯਥਾਯੋਗ ਢੰਗ ਨਾਲ ਅਭਿਵਿਅਕਤ ਕਰਨਾ ਚਾਹੀਦਾ ਹੈ, ਨਾ ਕਿ ਉਸ ਦੇ ਮਰਦ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਖੌਤੀ ਕਿਸਮ ਦੇ ਵਿਰੋਧ ਨੂੰ ਭਾਵੁਕ/ਉਪਭਾਵੁਕ ਉਤੇਜਨਾ ਸਦਕਾ ਲੋੜ ਤੋਂ ਵਧੇਰੇ ਤੂਲ ਦੇਣੀ ਚਾਹੀਦੀ ਹੈ। ਇਸ ਗੱਲ ਵਿਚ ਰਤਾ ਜਿੰਨਾ ਵੀ ਸ਼ੱਕ ਨਹੀਂ ਕਿ ਨਾਰੀ ਦੇ ਵਜੂਦ ਨੂੰ ਖੰਡਿਤ ਕਰਨ ਵਿਚ ਇਤਿਹਾਸ ਦੀ ਵੱਡੀ ਭੂਮਿਕਾ ਹੈ। ਇਸ ਲਈ ਜ਼ਰੂਰਤ ਉਨ੍ਹਾਂ ਚਿੰਤਨ-ਮਾਡਲਾਂ ਉੱਪਰ ਚੋਟ ਕਰਨ ਦੀ ਹੈ ਜਿਨ੍ਹਾਂ ਨੇ ਉਸ ਦੀ ਸੋਚ ਤੇ ਵਜੂਦ ਦੁਆਲੇ ਕਈ ਕਿਸਮ ਦੀਆਂ ਰੁਕਾਵਟਾਂ ਖੜੀਆਂ ਕੀਤੀ ਰੱਖੀਆਂਹ ਨ। ਨਾਰੀ ਦੁਆਰਾ ਕੀਤੀ ਜਾਣ ਵਾਲੀ ਸਿਰਜਣਾ ਨੇ ਨਾਰੀ ਹੋਣ ਦੇ ਅਹਿਸਾਸ ਨਾਲ ਓਤਪੋਤ ਤਾਂ ਹੋਣਾ ਹੀ ਹੈ, ਨਾਲ ਹੀ ਨਾਲ ਉਸ ਦੀ ਸਿਰਜਣਾ ਵਿਚ ਨਾਰੀ ਦੀ ਗੁਲਾਮੀ, ਬੇਬਸੀ, ਬੰਧਨ, ਘੁਟਨ, ਖੰਡਿਤ-ਵਜੂਦ ਅਤੇ ਪੂੰਜੀਵਾਦੀ ਜ਼ਿਹਨੀਅਤ ਉੱਪਰ ਵਿਅੰਗ ਦੀ ਗੱਲ ਆਉਣੀ ਵੀ ਸੁਭਾਵਿਕ ਹੈ।

ਸਾਹਿਤ ਅਧਿਐਨ ਦੇ ਸਿੱਧਾਂਤਾਂ ਦਾ ਇਕ ਪ੍ਰਚਲਿਤ ਨੁਕਤਾ ਹੈ ਕਿ ਸਾਹਿਤ ਰਚਨਾ ਨੂੰ ਉਸ ਦੇ ਕਰਤਾ ਨਾਲੋਂ ਵਿਜੋਗ ਕੇ ਵੇਖਣਾ ਪਰਖਣਾ ਚਾਹੀਦਾ ਹੈ। ਇਸ ਮਤ ਦੀ ਪੁਸ਼ਟੀ ਲਈ ਇਹ ਸਿੱਧਾਂਤ ਪੇਸ਼ ਕੀਤਾ ਜਾਂਦਾ ਹੈ ਕਿ "ਕਵੀ ਦੀ ਵਿਆਖਿਆ ਨਾਲੋਂ ਕਵੀ ਦੀ ਕਿਰਤ ਉੱਪਰ ਹੀ ਵਿਸ਼ਵਾਸ ਕਰਨਾ ਉਚਿਤ ਹੋਵੇਗਾ। ਕਾਵਿ-ਅਭਿਵਿਅੰਜਨ ਨੂੰ ਸਮਝਣ ਲਈ ਕਵੀ-ਕਥਨ ਦੀ ਸਹਾਇਤਾ ਬੇਲੋੜੀ ਹੈ।"[36] ਪਰੰਤੂ ਨਾਰੀਵਾਦੀ ਸਮੀਖਿਆ ਆਪਣੇ ਧਿਆਨ ਦਾ ਪਹਿਲਾ ਕੇਂਦਰ-ਬਿੰਦੂ ਜਿਸ ਨੁਕਤੇ ਨੂੰ ਬਣਾਉਂਦੀ ਹੈ ਉਹ ਇਹ ਹੈ ਕਿ **ਕਿਸੇ ਵੀ ਸਿਰਜਣਾ ਦਾ ਸਿਰਜਕ ਕੌਣ ਹੈ ?** ਅਰਥਾਤ ਇਹ ਸਮੀਖਿਆ ਇਸ ਮਤ ਦੀ ਹਾਮੀ ਹੈ ਕਿ ਹਰ ਸਿਰਜਣਾ ਵਿਚੋਂ ਉਸ ਦੇ ਲੇਖਕ ਦੀ ਸ਼ਖਸੀਅਤ ਤੇ ਦ੍ਰਿਸ਼ਟੀ ਦੇ ਦੀਦਾਰ ਹੁੰਦੇ ਹਨ। ਇੰਜ ਇਹ ਸਮੀਖਿਆ-ਦ੍ਰਿਸ਼ਟੀ ਸਾਹਿਤ ਨੂੰ ਸ਼ੁੱਧ ਸਾਹਿਤ ਦੀ ਦ੍ਰਿਸ਼ਟੀ ਤੋਂ ਹੀ ਪਰਖਣ ਦੇ ਮਤ ਨੂੰ ਪ੍ਰਵਾਨ ਨਹੀਂ ਕਰਦੀ, ਕਿਉਂਕਿ ਨਾਰੀ ਦੁਆਰਾ ਰਚੇ ਗਏ ਸਾਹਿਤ ਦੀ ਭਾਸ਼ਾ, ਬਿੰਬਾਵਲੀ, ਪ੍ਰਤੀਕਾਵਲੀ, ਰੂਪ-ਚੇਤਨਾ, ਦ੍ਰਿਸ਼ਟੀਕੋਣ ਆਦਿ ਸਭ ਕੁਝ ਅਸਲੋਂ ਭਿੰਨ ਤੇ ਮੌਲਿਕ ਸੁਭਾਅ ਦੇ ਧਾਰਨੀ ਹੁੰਦੇ ਹਨ। ਇਸ ਨੁਕਤੇ ਤੋਂ ਸਾਹਿਤ ਦਾ ਅਧਿਐਨ ਕਰਨ ਨਾਲ ਬਿਲਕੁਲ ਵੱਖਰੇ ਨਤੀਜੇ ਸਾਮ੍ਹਣੇ ਆਉਂਦੇ ਹਨ। ਮਿਸਾਲ ਵਜੋਂ ਮੱਧਕਾਲ ਵਿਚ ਪੁਰਸ਼ਾਂ ਦੁਆਰਾ ਸਿਰਜੇ ਗਏ ਸਾਹਿਤ ਵਿਚੋਂ ਨਾਰੀ ਦਾ ਜੋ ਬਿੰਬ ਉਭਰਦਾ ਹੈ, ਉਸ ਉੱਪਰ ਪੁਰਸ਼ ਪ੍ਰਧਾਨ ਸਮਾਜ ਦੇ ਮੁੱਲ ਵਿਧਾਨ ਦੀ ਡੂੰਘੀ ਮੁਹਰ-ਛਾਪ ਲੱਗੀ ਹੋਈ ਹੈ। ਇਸੇ ਸਦਕਾ ਹੀ ਇਹ ਸਾਹਿਤ ਇਸ ਸੂਤਰ ਨੂੰ ਪੇਸ਼ ਕਰਦਾ ਹੈ ਕਿ ਨਾਰੀ ਸੁੰਦਰ ਹੈ, ਪ੍ਰੇਮ ਦੇ ਲਾਇਕ ਹੈ, ਪਰ ਨਾਲ ਹੀ ਨਾਲ ਉਹ ਮਰਦ ਨੂੰ ਖਰਾਬ ਵੀ ਕਰਦੀ ਹੈ। ਸਾਡੇ ਪ੍ਰਚਲਿਤ ਚਿੰਤਨ ਮਾਡਲਾਂ ਮੁਤਾਬਿਕ ਉਹ ਨਾਰੀ ਹੀ ਭਲੀ ਹੈ ਜੋ ਮਰਦ ਦੀ ਹਰ ਵਧੀਕੀ, ਭਲੇ ਬੁਰੇ ਨੂੰ ਬਿਨਾਂ ਕਿਸੇ ਪ੍ਰਤੀਕਿਰਿਆ ਦੇ ਸਹਿਨ ਕਰ ਜਾਂਦੀ ਹੈ। ਇੰਜ ਪੁਰਸ਼-ਪ੍ਰਧਾਨ ਸਮਾਜ ਦਾ ਅਵਚੇਤਨ ਨਾਰੀ ਦਾ ਬੇਜ਼ੁਬਾਨ ਹੋਣਾ ਲੋੜਦਾ ਹੈ। ਜੇਕਰ ਉਹ ਜ਼ੁਬਾਨ ਖੋਲ੍ਹੇ ਵੀ ਤਾਂ ਉਹ ਮਿੱਠੀ ਹੋਣੀ ਚਾਹੀਦੀ ਹੈ। ਇੰਜ ਹੀ, ਸਾਡੀ ਸੋਚ-ਵਿਧੀ ਵਿਚ ਚੇਤੰਨ ਨਾਰੀ ਦਾ ਕੋਈ ਸੰਕਲਪ ਆਪਣੀ ਹੋਂਦ ਨਹੀਂ ਰੱਖਦਾ। ਸਗੋਂ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂ ਨੀਵੀਂ ਨਜ਼ਰ ਰੱਖਣ ਵਾਲੀ ਤੇ ਖੂਬਸੂਰਤ/ਸੱਜੀ-ਸੰਵਰੀ ਹੋਣੀ ਚਾਹੀਦੀ ਹੈ। ਪੁਰਸ਼-ਪ੍ਰਧਾਨ ਸਮਾਜ ਦੇ ਇਸ ਅਵਚੇਤਨ ਨੂੰ ਮੱਧਕਾਲ ਦੇ ਵੱਖ ਵੱਖ ਸਾਹਿਤ-ਰੂਪਾਂ ਵਿਚ ਪ੍ਰਗਟ ਹੋਇਆ ਵੇਖਿਆ ਜਾ ਸਕਦਾ ਹੈ।

ਇਸ ਗੱਲ ਵਿਚ ਸ਼ੱਕ ਨਹੀਂ ਕਿ ਮਨੁੱਖ ਨਾਰੀ ਦੇ ਭਾਵਾਂ ਤੇ ਸੰਸਕਾਰਾਂ ਨੂੰ ਪੂਰਨ ਭਾਂਤ ਸਮਝ ਤੇ ਸਿਰਜ ਨਹੀਂ ਸਕਦਾ। ਸਮਾਜਕ ਸਿਸਟਮ ਵਿਚ ਨਾਰੀ ਦੀ ਸਥਿਤੀ ਤੇ ਉਸ ਦੀ ਆਜ਼ਾਦੀ ਲਈ ਨਾਰੀ ਹੀ ਸਕ੍ਰਿਅ ਤੇ ਕੇਂਦਰੀ ਭੂਮਿਕਾ ਨਿਭਾਅ ਸਕਦੀ ਹੈ। ਨਾਰੀ ਸਰੀਰਕ, ਭਾਵੂਕ ਤੇ ਮਾਨਸਿਕ ਪੱਧਰ ਉੱਪਰ ਪੁਰਸ਼ ਨਾਲੋਂ ਭਿੰਨਤਾ ਰੱਖਦੀ ਹੈ ਜਿਸ ਕਰਕੇ ਉਸ ਉੱਪਰ ਪੁਰਸ਼ ਦੇ ਸਿਰਜੇ ਸੋਚ-ਮਾਡਲ ਠੋਸੇ ਨਹੀਂ ਜਾ ਸਕਦੇ। ਪੁਰਸ਼ ਲਈ ਤਾਂ ਉਹ ਸੁੰਦਰ, ਕੋਮਲ, ਕਮਜ਼ੋਰ ਤੇ ਹੀਣੀ ਹੈ। ਪਰੰਤੂ ਨਾਰੀ ਇਸ ਸੋਚ ਨੂੰ ਸੁੰਦਰਤਾ, ਪ੍ਰੇਮ ਤੇ ਸ਼ਿਸ਼ਟਾਚਾਰ ਦਾ ਮਿਸ਼ਰਿਤ ਰੂਪ ਨਹੀਂ ਸਗੋਂ ਦਮਿਤ ਅਸਤਿਤਵ ਦਾ ਪ੍ਰਮਾਣ ਮੰਨਦੀ ਹੈ। ਨਾਰੀ ਨੂੰ ਕਿਉਂਕਿ ਸਮਾਜ ਵਿਚ ਮਰਦ ਵਰਗੀ ਬਰਾਬਰੀ ਤੇ ਸੁਤੰਤਰਤਾ ਹਾਸਲ ਨਹੀਂ, ਇਸ ਲਈ ਸਾਹਿਤ ਵਿਚ ਪੁਰਸ਼ ਵਿਚਲੇ ਇਸ ਅੰਤਰ ਦੀ ਸਹਿਜ ਅਭਿਵਿਅਕਤੀ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਨਾਰੀ ਇਕ ਸੰਵੇਦਨਸ਼ੀਲ ਪ੍ਰਾਣੀ ਹੈ। ਉਹ ਲੰਮਾ ਸਮਾਂ ਕਿਸੇ ਨਾ ਕਿਸੇ ਰੂਪ ਵਿਚ ਸਾਹਿਤ ਸਿਰਜਣਾ ਦਾ ਪ੍ਰੇਰਣਾ ਸੋਮਾ ਤਾਂ ਬਣਦੀ ਰਹੀ ਹੈ ਪਰ ਸਿਰਜਕ ਘੱਟ ਹੀ ਬਣੀ ਹੈ। ਨਾਰੀ ਜ਼ਾਤੀ ਦੇ ਇਤਿਹਾਸਕ ਪਿਛੋਕੜ ਉਪਰ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਦੇਸ਼, ਕੌਮ ਅਤੇ ਸਮਾਜ ਦੀ ਭਿੰਨਤਾ ਦੇ ਬਾਵਜੂਦ, ਉਸ ਉਪਰ ਮਰਦ-ਜ਼ਾਤ ਹਾਵੀ ਰਹੀ ਹੈ। ਸਮਾਜਕ, ਰਾਜਨੀਤਕ, ਆਰਥਿਕ ਤੇ ਧਾਰਮਿਕ ਕਾਰਣਾਂ ਨੇ ਹਮੇਸ਼ਾਂ ਨਾਰੀ ਨੂੰ ਅਧੀਨਗੀ ਵਾਲੀ ਸਥਿਤੀ ਦਾ ਸ਼ਿਕਾਰ ਰੱਖਿਆ ਹੈ। ਭਾਰਤੀ ਤੇ ਪੰਜਾਬੀ ਸਮਾਜ ਵਿਚ ਵੀ ਪੁਰਸ਼-ਪ੍ਰਭੁਤਾ ਅਤੇ ਨਾਰੀ-ਨਿਰਭਰਤਾ (male dominance and female dependence) ਵਾਲਾ ਨੇਮ ਪ੍ਰਚਲਿਤ ਰਿਹਾ ਹੈ। ਨਾਰੀ-ਜ਼ਾਤੀ ਸਦੀਆਂ ਤੋਂ ਪੁਰਸ਼ ਦੀ ਗੁਲਾਮ ਰਹੀ ਹੈ ਅਤੇ ਇਸ ਗੁਲਾਮੀ ਸਦਕਾ ਮਰਦ-ਪ੍ਰਧਾਨ ਸਮਾਜਕ ਪ੍ਰਬੰਧ ਪ੍ਰਤਿ ਇਕ ਕੁੜਿੱਤਣ ਉਸ ਦੇ ਅਵਚੇਤਨ ਦਾ ਅੰਗ ਬਣ ਗਈ ਹੈ। ਇਸ ਕੌੜੀ ਪ੍ਰਤੀਕਿਰਿਆ ਵਿਚੋਂ ਹੀ ਪੱਛਮ ਵਿਚ ਨਾਰੀ ਸੁਤੰਤਰਤਾ ਦੀਆਂ ਲਹਿਰਾਂ ਨੇ ਜਨਮ ਲਿਆ, ਜੋ ਆਪਣੇ ਕਈ ਗੁਣਾਂ ਦੇ ਬਾਵਜੂਦ, ਦਿਸ਼ਾਹੀਨਤਾ, ਅਤਿਵਾਦ ਤੇ ਫੋਕੀ ਨਾਅਰੇਬਾਜ਼ੀ ਦਾ ਸ਼ਿਕਾਰ ਹੋ ਗਈਆਂ ਹਨ। ਜ਼ਰੂਰਤ ਇਸ ਕੌੜੀ ਪ੍ਰਕਿਰਿਆ ਵਿਚੋਂ ਨਿਕਲ ਕੇ ਆਰਥਿਕ, ਸਮਾਜਕ, ਧਾਰਮਿਕ ਤੇ ਰਾਜਨੀਤਕ ਢਾਂਚੇ ਤੇ ਉਸ ਵਿਚ ਪ੍ਰਚਲਿਤ ਕਦਰਾਂ ਕੀਮਤਾਂ ਨੂੰ ਸਮਝਣ ਤੇ ਬਦਲਣ ਦੀ ਹੈ। ਨਾਰੀ ਜਾਤੀ ਨਾਲ ਹੁੰਦੀਆਂ ਸਮਾਜਕ-ਆਰਥਿਕ ਵਧੀਕੀਆਂ, ਪ੍ਰਤਿਕੂਲ ਸਮਾਜਕ ਮੁੱਲਾਂ, ਅਤੇ ਫਲਸਰੂਪ ਪੈਦਾ ਹੋਏ ਤਨਾਉ ਨੂੰ ਜਾਣਨ ਦੀ ਜ਼ਰੂਰਤ ਵੀ ਹੈ ਅਤੇ ਐਸੇ ਪ੍ਰਬੰਧ ਨੂੰ ਸਮਝਣ ਦੀ ਲੋੜ ਵੀ ਹੈ ਜੋ ਇਸ ਸਭ ਕਾਸੇ ਦਾ ਕਾਰਣ ਬਣਦਾ ਹੈ। ਇਸ ਪ੍ਰਬੰਧ ਨੂੰ ਜਾਣਨ ਅਤੇ ਬਦਲਣ ਨਾਲ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਰੀ ਨਾਲ ਹੁੰਦੇ ਜ਼ੁਲਮਾਂ ਤੇ ਅਤਿਆਚਾਰਾਂ ਦੀ ਕੱਸ ਢਿੱਲੀ ਪਵੇਗੀ ਅਤੇ ਇਸ ਵਿਚੋਂ ਹੀ ਨਾਰੀ ਦੀ ਬਰਾਬਰੀ ਦਾ ਕੋਈ ਠੋਸ ਤੇ ਸੰਤੁਲਿਤ ਸੰਕਲਪ ਉੱਭਰ ਕੇ ਸਾਹਮਣੇ ਆਵੇਗਾ।

ਹਵਾਲੇ ਤੇ ਟਿੱਪਣੀਆਂ

1. **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ 699.
2. ਉਹੀ.
3. ਉਹੀ, ਪੰਨਾ 248.
4. ੳ. "ਸੰਵੇਦਨਾ ਮਨੁੱਖ ਦੀ ਉਹ ਮਾਨਸਿਕ ਸ਼ਕਤੀ ਹੈ ਜਿਸ ਨਾਲ ਉਹ ਆਪਣੀਆਂ ਗਿਆਨ-ਇੰਦਰੀਆਂ ਦੇ ਸਨਮੁਖ ਆਉਣ ਵਾਲੀਆਂ ਵਸਤੂਆਂ ਦਾ ਪ੍ਰਭਾਵ ਗ੍ਰਹਿਣ ਕਰਦਾ ਹੈ।" – ਬਲਜੀਤ ਕੌਰ "ਅੰਮ੍ਰਿਤਾ ਪ੍ਰੀਤਮ ਦੀ ਕਾਵਿ ਸੰਵੇਦਨਾ", **ਪੰਜਾਬੀ ਦੁਨੀਆਂ**, ਅਗਸਤ-ਸਤੰਬਰ-ਅਕਤੂਬਰ-ਨਵੰਬਰ, 1982, ਪੰਨਾ 84.

   ਅ. "ਸੰਵੇਦਨਾ ਮਨੁਖ ਨੂੰ ਯਥਾਰਥ ਦਾ ਅਨੁਭਵ ਗ੍ਰਹਿਣ ਕਰਾਉਣ ਵਾਲੀ ਇਕੋ ਇਕ ਸ਼ਕਤੀ ਹੈ",—ਹਰਿਭਜਨ ਸਿੰਘ, **ਸਾਹਿਤ ਤੇ ਸਿਧਾਂਤ**, ਪੰਨਾ 15.
5. **ਮਾਨਵਿਕੀ ਪਰਿਭਾਸ਼ਕ ਕੋਸ਼** (ਸਾਹਿਤਯ ਖੰਡ), ਪੰਨਾ 234.
6. ਪੰਨਾ
7. "It links the quality of feeling sorry for ourself and conscious of one's ownwoes, with a morally praise-worthy quality, susceptibility to the sorrows of others" —*Encyclopaedia of Poetry & Poetics*, Pp. 761.
8. *The Second Sex*, p. 13-29.
9. ਵਿਮਲਾ ਡਾਂਗ, "ਅੰਤਿਕਾ", **ਔਰਤ ਅਤੇ ਪਰਿਵਾਰ ਵਿਚ ਹਿੰਸਾ**, ਪੰਜਾਬੀ ਪ੍ਰਕਾਸ਼ਣ), ਨਾਰੀ ਕੇਂਦਰ, ਪਰਕਾਸ਼ਨ, ਬੰਬਈ, 1988, ਪੰਨਾ (23).
10. Simone de Beauvoir, *The Second Sex*, p. 15. ਤੋਂ ਉਧਰਿਤ।
11. *Ibid*, p. 16.
12. ਵਣਜਾਰਾ ਬੇਦੀ, **ਪੰਜਾਬੀ ਲੋਕਧਾਰਾ ਵਿਸ਼ਵਕੋਸ਼**, ਜਿਲਦ 2 ਪੰਨਾ 329 ਵਿਚੋਂ।
13. **ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ**, ਪੰਨ 32.
14. ਉਹੀ.
15. **ਸੂਹੀ ਸਵੇਰ**. ਪੰਨਾ 12.
16. **ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ**, ਪੰਨਾ 221.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

17. **ਮਨੂ ਸਿਮ੍ਰਤੀ**, ਪੰਨਾ 450.
18. ਉਹੀ, ਪੰਨਾ 240.
19. ਸਵੈਸਾਚੀ, **ਸੂਹੀ ਸਵੇਰ**, ਪੰਨਾ 12-13.
20. **ਮਨੂ ਸਿਮ੍ਰਤੀ**, ਪੰਨਾ 240.
21. ਉਹੀ, ਪੰਨਾ 241.
22. ਉਹੀ, ਪੰਨਾ 242.
23. **ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ**, ਪੰਨਾ 73.
24. **ਪੰਜਾਬੀ ਕਾਵਿ ਸ਼ਿਰੋਮਣੀ**, ਪੰਨਾ 24.
25. "ਇਸ ਪੂੰਜੀਵਾਦੀ ਵਿਉਪਾਰਕ ਯੁੱਗ ਵਿਚ ਉਸ (ਔਰਤ) ਦੀ ਸੁੰਦਰਤਾ ਇਸ਼ਤਿਹਾਰਾਂ ਦਾ ਹੀ ਵਿਸ਼ਾ ਨਹੀਂ ਹੁੰਦੀ ਸਗੋਂ ਕਰਜ਼ਾ ਲੈਣ ਅਤੇ ਪਰਮਿਟ ਹਾਸਲ ਕਰਨ ਲਈ ਵੀ ਉਸ ਦੇ ਸੁੰਦਰ ਜਿਸਮ ਦਾ ਨਜਾਇਜ਼ ਫਾਇਦਾ ਉਠਾਇਆ ਜਾਂਦਾ ਹੈ। ਸਾਡੇ ਏਥੇ ਹਜ਼ਾਰਾਂ ਲੱਖਾਂ ਐਲਾਨੀਆਂ ਕੰਜਰੀਆਂ ਹੀ ਆਪਣੀ ਜਿਸਮ ਫਰੋਸ਼ੀ ਨਹੀਂ ਕਰਦੀਆਂ ਸਗੋਂ ਆਪਣੀ ਵਿਧਵਾ ਮਾਂ ਤੇ ਭੈਣ ਭਰਾਵਾਂ ਦਾ ਪਾਲਣ-ਪੋਸਣ ਕਰਨ ਲਈ ਹਜ਼ਾਰਾਂ ਮਾਸੂਮ ਲੜਕੀਆਂ ਅਤੇ ਵੱਡੇ ਵੱਡੇ ਸ਼ਹਿਰਾਂ ਵਿਚ ਅੱਤ ਦੀ ਮਹਿੰਗਾਈ ਵਿਚ ਆਪਣੇ ਪਰਿਵਾਰਿਕ ਮਿਆਰ ਨੂੰ ਕਾਇਮ ਰੱਖਣ ਲਈ ਮੱਧ ਵਰਗਾਂ ਦੀਆਂ ਅਨੇਕਾਂ ਔਰਤਾਂ ਆਪਣੇ ਜਿਸਮ ਵੇਚਣ ਲਈ ਮਜਬੂਰ ਹੋ ਜਾਂਦੀਆਂ ਹਨ। ਜਿਹੜਾ ਸਮਾਜ ਔਰਤ ਨੂੰ ਇਕ ਘਟੀਆ ਵਸਤੂ ਅਤੇ ਸਸਤੀ ਚੀਜ਼ ਵਿਚ ਬਦਲ ਦੇਂਦਾ ਹੈ, ਜਿਸ ਸਮਾਜ ਵਿਚ ਨਾਰੀ ਹੋਣਾ ਗੁਨਾਹ ਹੈ ਅਤੇ ਜਿਥੇ ਜਾਨਵਰ ਦੀ ਤਰ੍ਹਾਂ ਘਾਲ ਕਮਾਈ ਕਰਨ ਪਿਛੋਂ ਵੀ ਔਰਤ ਨੂੰ ਨਫ਼ਰਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ, ਕੀ ਅਜਿਹੇ ਸਮਾਜ ਦੀਆਂ ਜੜ੍ਹਾਂ ਪੁੱਟ ਕੇ ਉਸ ਨੂੰ ਨਾਸ ਕਰ ਦੇਣਾ ਜ਼ਰੂਰੀ ਨਹੀਂ।"
——ਸਵੈਸਾਚੀ, **ਸੂਹੀ ਸਵੇਰ**, ਪੰਨਾ 15.
26. ਵੀ. ਆਈ. ਲੈਨਿਨ, **ਔਰਤਾਂ ਦੀ ਬੰਦ ਖਲਾਸੀ ਬਾਰੇ**, ਪੰਨਾ 29.
27. ਏਂਗਲਜ਼, **ਉਹੀ ਰਚਨਾ**, ਪੰਨਾ 100.
28. ਵੀ. ਆਈ. ਲੈਨਿਨ, **ਉਹੀ ਰਚਨਾ**, ਪੰਨਾ 111.
29. ਉਹੀ
30. "The complete emancipation of woman, and her equality with men is the final goal of our social development, whose realisation no power on earth can prevent . and this realisation is possible only after a social change, that shall abolish the rule of man over man...hence also of capitalists over workingmen. Only then willthe,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

human race, reach its highest development. The 'Golden age' that man has been dreaming of for thousands of years, and for which they have been longing, will have come atlast. Class rule will have reached its end for all time, and along with it, the rule of man over women." —"E. M. S. Namboodiripad, "Forward", August Bebal, *Woman in the past, Present and Future* (n. p.).

31. "ਇਸਤਰੀ ਅਤੇ ਕਵਿਤਾ", (ਭੂਮਿਕਾ), ਮਹਿੰਦਰ ਕੌਰ ਗਿੱਲ, ਹੁਣ ਤੂੰ ਸਾਲਗ੍ਰਾਮ ਨਹੀਂ, ਪੰਨਾ 8.

32. ੳ. *Contemporary Literary Theory*, p. 5.

ਅ. "Terry Eagleton argues that the women's movement has succeeded in developing the most honest and challenging unification of political and cultural action." *Ibid*, p. 146.

33. Gayle Gr ene & Coppelia Kahn (eds.), *Making a Difference : Feminist Literary Criticism*, p. 1-2.

34. "Feminist Criticism...is a specific kind of political discourse : a critical and theoretical practice committed to the struggle against patriarchy and sexism ....." —"Feminist literary criticism", Ann Jefferson & David Robey, (eds.), *Modern Critical Theory*, p. 204.

35. Raman Seldon, *Op. cit*, p. 146.

36. ਹਰਿਭਜਨ ਸਿੰਘ, ਅਧਿਐਨ ਤੇ ਅਧਿਆਪਨ, ਪੰਨਾ 2.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਮ੍ਰਿਤਾ ਪ੍ਰੀਤਮ : ਨਾਰੀ ਸੰਵੇਦਨਾ

ਇਸ ਅਧਿਆਇ ਦਾ ਮੂਲ ਮਨੋਰਥ ਅੰਮ੍ਰਿਤਾ-ਕਾਵਿ ਵਿਚ ਨਾਰੀ-ਸੰਵੇਦਨਾ ਨਾਲ ਸੰਬੰਧਿਤ ਵਿਭਿੰਨ ਪਸਾਰਾਂ ਦੀ ਪਛਾਣ ਕਰਨਾ ਤੇ ਦੇਖਣਾ ਹੈ ਕਿ ਉਹ ਨਾਰੀ ਦੀਆਂ ਵਿਭਿੰਨ ਸਥਿਤੀਆਂ ਸੰਬੰਧੀ ਅਨੁਭਵ ਨੂੰ ਕਿਸ ਕਦਰ ਗ੍ਰਹਿਣ ਕਰਦੀ ਅਤੇ ਪਾਠਕਾਂ ਤਕ ਪਹੁੰਚਾਉਂਦੀ ਹੈ। ਨਿਰਸੰਦੇਹ ਸਾਡੇ ਮੂਲ ਪ੍ਰਸ਼ਨ ਇਹੀ ਹੋਣਗੇ ਕਿ ਉਹ ਮਰਦ-ਪ੍ਰਧਾਨ ਸਮਾਜ ਵਿਚ ਨਾਰੀ ਦੇ ਮਨੋਭਾਵਾਂ ਜਾਂ ਉਨ੍ਹਾਂ ਦੀਆਂ ਕਿੰਨ੍ਹਾਂ ਪਰਤਾਂ ਨੂੰ ਚਿਤਰਦੀ ਹੈ ਜਾਂ ਉਹ ਨਾਰੀ-ਮਨ ਦੀ ਤਰਜਮਾਨੀ ਨਾਰੀ ਦੇ ਦ੍ਰਿਸ਼ਟੀਕੋਣ ਤੋਂ ਕਿਵੇਂ ਕਰਦੀ ਹੈ ? ਪਰ ਇਨ੍ਹਾਂ ਪ੍ਰਸ਼ਨਾਂ ਦੇ ਠੀਕ ਉੱਤਰ ਉਸ ਦੇ ਕਾਵਿ ਵਿਚੋਂ ਢੂੰਡਣ ਤੋਂ ਪਹਿਲਾਂ ਅਸੀਂ ਲੇਖਿਕਾ ਦੇ ਕਾਵਿ ਦੇ ਇਸ ਪੱਖ ਸੰਬੰਧੀ ਚਿੰਤਕਾਂ ਦੀਆਂ ਵਿਭਿੰਨ ਰਾਵਾਂ ਨਾਲ ਵਾਕਫ਼ੀ ਪਾਉਣ ਦਾ ਉੱਦਮ ਵੀ ਕਰਾਂਗੇ।

ਇਸ ਤੱਥ ਪ੍ਰਤਿ ਰਤਾ ਜਿੰਨਾ ਵੀ ਸੰਦੇਹ ਨਹੀਂ ਕਿ ਕਾਵਿ ਦੇ ਖੇਤਰ ਵਿਚ ਅੰਮ੍ਰਿਤਾ ਪ੍ਰੀਤਮ ਇਕ ਜਾਣਿਆ ਪਛਾਣਿਆਂ ਤੇ ਪ੍ਰਮਾਣਕ ਹਸਤਾਖ਼ਰ ਹੈ। ਉਸ ਨੇ ਵੀਹਵੀ ਸਦੀ ਦੇ ਚੌਥੇ-ਦਹਾਕੇ ਦੇ ਅੱਧ ਵਿਚ ਕਾਵਿ-ਸਾਧਨਾ ਆਰੰਭ ਕੀਤੀ ਅਤੇ ਅੱਧੀ ਸਦੀ ਤੋਂ ਵੀ ਵੱਧ ਅਰਸੇ ਤੋਂ ਇਸ ਖੇਤਰ ਵਿਚ ਨਿਰੰਤਰ ਕ੍ਰਿਆਸ਼ੀਲ ਹੈ। ਇਸ ਕ੍ਰਿਆਸ਼ੀਲਤਾ ਸਦਕਾ ਹੀ ਉਸ ਨੂੰ ਵੱਡੇ ਤੋਂ ਵੱਡੇ ਇਨਾਮ (**ਸਾਹਿਤ ਅਕਾਦਮੀ** ਅਤੇ **ਗਿਆਨ ਪੀਠ**) ਪ੍ਰਾਪਤ ਹੋਏ ਹਨ। ਕਵਿੱਤਰੀ ਦੇ ਤੌਰ 'ਤੇ ਅੰਮ੍ਰਿਤਾ ਦੀ ਰਚਨਾ ਗਿਣਤੀ ਵਿਚ ਕਾਫ਼ੀ ਹੈ ਤੇ ਵਿਸ਼ੇ ਦੇ ਪੱਖ ਤੋਂ ਵੀ ਵਿਸ਼ਾਲ ਹੈ। ਉਸਨੇ ਹੁਣ ਤਕ ਲਗਭਗ ਵੀਹ ਕਾਵਿ-ਸੰਗ੍ਰਿਹਿਆਂ ਦੀ ਸਿਰਜਣਾ ਕੀਤੀ ਹੈ। ਏਨੀ ਕਾਵਿ-ਰਚਨਾ ਪ੍ਰਤਿ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਸਾਹਿਤ ਚਿੰਤਕਾਂ ਦੁਆਰਾ ਅਣਗੌਲੀ ਰਹੀ ਹੈ। ਪੰਜਾਬੀ ਦਾ ਸ਼ਾਇਦ ਹੀ ਕੋਈ ਪਛਾਨਣਯੋਗ ਸਾਹਿਤ ਚਿੰਤਕ ਹੋਵੇਗਾ ਜਿਸ ਨੇ ਅੰਮ੍ਰਿਤਾ ਪ੍ਰੀਤਮ ਕਾਵਿ ਸੰਬੰਧੀ ਕੋਈ ਨਾ ਕੋਈ ਟਿੱਪਣੀ, ਰਾਇ ਜਾਂ ਵਿਸ਼ਲੇਸ਼ਣ ਪੇਸ਼ ਨਾ ਕੀਤਾ ਹੋਵੇ। ਉਸ ਦੀ ਕਾਵਿ ਸਿਰਜਣਾ ਉੱਪਰ ਵੱਖ ਵੱਖ ਯੂਨੀਵਰਸਿਟੀਆਂ ਵਿਚ ਐਮ. ਏ. ਤੋਂ ਲੈ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੀ-ਐਚ. ਡੀ ਤਕ ਦੇ ਖੋਜ-ਨਿਬੰਧ ਤੇ ਖੋਜ-ਪ੍ਰਬੰਧ ਵੀ ਲਿਖੇ ਗਏ ਹਨ, ਵਿਸ਼ੇਸ ਅੰਕ (**ਸਾਹਿਤ ਸਮਾਚਾਰ ਤੇ ਪੰਜਾਬੀ ਦੁਨੀਆਂ**) ਆਦਿ ਵੀ ਪ੍ਰਕਾਸ਼ਿਤ ਹੋਏ ਹਨ, ਉਚੇਚੇ ਤੌਰ ਉਪਰ ਉਸ ਦੀ ਸਾਹਿਤ ਸਾਧਨਾ ਸੰਬੰਧੀ ਸੈਮੀਨਾਰ ਵੀ ਹੋਏ ਹਨ, ਵਿਕੋਲਿਤਰੇ ਖੋਜ ਪੱਤਰ ਤੇ ਆਲੋਚਨਾਤਮਕ ਲੇਖ ਵੀ ਲਿਖੇ ਗਏ ਹਨ ਅਤੇ ਟਿੱਪਣੀਆਂ ਦੀ ਸ਼ਕਲ ਵਿਚ ਲਗਭਗ ਸਾਰੇ ਸਾਹਿਤ ਇਤਿਹਾਸਾਂ ਵਿਚ ਉਸਦੇ ਬਾਰੇ ਜ਼ਿਕਰ ਵੀ ਹੈ। ਆਧੁਨਿਕ ਕਾਲ ਦੇ ਥੋੜ੍ਹੇ ਜਹੇ ਪੰਜਾਬੀ ਸਾਹਿਤਕਾਰਾਂ ਦੀ ਰਚਨਾ ਨੂੰ ਹੀ ਏਨਾ ਭਰਪੂਰ ਹੁੰਗਾਰਾ ਮਿਲਿਆ ਹੈ। ਜੇਕਰ ਇਕ ਪਾਸੇ ਉਸ ਦੇ ਸਾਰੇ ਕਾਵਿ ਸੰਗ੍ਰਹਿਆਂ ਨੂੰ ਰਖ ਲਿਆ ਜਾਵੇ ਅਤੇ ਦੂਜੇ ਪਾਸੇ ਉਸ ਦੇ ਕਾਵਿ ਸੰਬੰਧੀ ਪ੍ਰਸਤੁਤ ਚਿੰਤਨ ਨੂੰ ਤਾਂ ਦੂਸਰਾ ਪਹਿਲੇ ਨਾਲੋਂ ਕਿਸੇ ਪਾਸੋਂ ਵੀ ਘੱਟ ਨਹੀਂ। ਅਜੋਕੇ ਸਾਹਿਤ ਸਭਿਆਚਾਰਕ ਵਿਚ, ਜਿਸ ਵਿਚ ਅਕਸਰ ਲੇਖਕ ਅਣਗੌਲੇ ਰਹਿ ਜਾਣ ਦਾ ਗਿਲਾ ਕਰਦੇ ਹਨ, ਅੰਮ੍ਰਿਤਾ ਦੀ ਇਹ ਪ੍ਰਾਪਤੀ ਬਹੁਤ ਮਹੱਤਵਪੂਰਨ ਹੈ। ਭਾਵੇਂ ਉਸ ਨੂੰ ਆਪਣੇ ਸਮਕਾਲੀ ਸਾਹਿਤਕਾਰਾਂ ਪ੍ਰਤਿ ਵਧੇਰੇ ਕਰਕੇ ਇਸ ਗੱਲ ਦਾ ਸ਼ਿਕਵਾ ਰਿਹਾ ਹੈ ਕਿ ਉਹ ਉਸ ਦੇ ਬਾਰੇ ਤੇ ਉਸ ਦੇ ਸਾਹਿਤ ਸੰਸਾਰ ਪ੍ਰਤਿ ਤ੍ਰਿਸਕਾਰਭਾਵੀ ਰਵੱਈਆ ਰੱਖਦੇ ਹਨ ਤਾਂ ਵੀ ਉਸ ਦੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਉਸ ਦੇ ਕਾਵਿ ਪ੍ਰਤਿ ਪੇਸ਼ ਰਾਵਾਂ ਵਿਚ ਬਹੁਤੀ ਅਜੋੜਤਾ ਨਹੀਂ। ਲਗਭਗ ਬਹੁਤੀਆਂ ਰਾਵਾਂ ਉਸ ਦੇ ਕਾਵਿ ਦੇ ਇਕ ਜਾਂ ਦੂਸਰੇ ਪੱਖ ਨੂੰ ਖੋਲ੍ਹਦੀਆਂ ਜਾਂ ਉਸ ਦਾ ਵਿਸ਼ਲੇਸ਼ਣ-ਮੁੱਲਾਂਕਣ ਕਰਦੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਦੇ ਕਾਵਿ ਸੰਬੰਧੀ ਵਿਸ਼ਲੇਸ਼ਣ ਤੋਂ ਵਿਛੁੰਨੀਆਂ ਟਿੱਪਣੀਆਂ ਵੀ ਪ੍ਰਾਪਤ ਹਨ। ਏਥੇ ਸਾਡਾ ਮਨੋਰਥ ਉਸ ਦੇ ਕਾਵਿ ਦੇ ਵਿਭਿੰਨ ਥੀਮਿਕ ਪਾਸਾਰਾਂ ਨਾਲ ਵਾਕਫ਼ੀ ਪਾਉਣਾ ਨਹੀਂ, ਸਗੋਂ ਵਿਸ਼ੇ ਦੀ ਸੀਮਾਂ ਅਨੁਸਾਰ, ਇਹ ਵੇਖਣਾ ਹੈ ਕਿ ਉਹ ਨਾਰੀ ਦੇ ਜੀਵਨ ਦੇ ਕਿਹੜੇ ਪਾਸਾਰ/ਪਾਸਾਰਾਂ ਨੂੰ ਚੁਣਦੀ ਹੈ ਅਤੇ ਉਨ੍ਹਾਂ ਪਾਸਾਰਾਂ ਪ੍ਰਤਿ ਉਸ ਦਾ ਅਨੁਭਵ ਕਿਸ ਹੱਦ ਤੱਕ ਸਰਬੰਗੀ ਤੇ ਪ੍ਰਮਾਣਕ ਹੈ।

ਓਪਰੀ ਨਜ਼ਰੇ ਦੇਖੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਕਾਵਿ ਵਿਚ ਆਧੁਨਿਕ ਕਾਲ ਵਿਚ ਹੋਰ ਕੋਈ ਅੰਮ੍ਰਿਤਾ ਪ੍ਰੀਤਮ ਜੇਹੀ ਇਸਤਰੀ-ਕਵੀ ਨਹੀਂ ਜਿਸ ਨੇ ਜੀਵਨ ਪ੍ਰਤਿ ਏਨੇ ਸਰਬੰਗੀ ਅਨੁਭਵ ਨੂੰ ਪ੍ਰਸਤੁਤ ਕੀਤਾ ਹੈ। ਨਾਰੀ ਕਾਵਿ ਸਿਰਜਣਾ ਸਮੇਂ ਮਨੁੱਖ ਦੀ ਪ੍ਰੇਰਣਾ ਦਾ ਸੋਮਾ ਤਾਂ ਆਦਿ ਜੁਗਾਦਿ ਤੋਂ ਬਣਦੀ ਚਲੀ ਆ ਰਹੀ ਹੈ ਪਰ ਸਿਰਜਣਾ ਦਾ ਕਾਰਜ ਖੁਦ ਉਸ ਨੇ ਸੁਚੇਤ ਪੱਧਰ ਅਜੋਕੇ ਯੁਗ ਵਿਚ ਹੀ ਆਰੰਭਿਆ ਹੈ। ਵੀਹਵੀਂ ਸਦੀ ਤੋਂ ਪਹਿਲਾਂ ਇਸਤਰੀ-ਕਵੀਆਂ ਦੁਆਰਾ ਕੀਤੀ ਰਚਨਾ ਵਿਚੋਂ ਇਸਤਰੀ ਜਾਂ ਇਸਤਰੀਤਵ ਗਾਇਬ ਹੈ। "ਰਚਨਾ ਕਰਤਾਰੀ ਅਮਲ ਹੈ ਤੇ ਸਾਡੇ ਸਭਿਆਚਾਰ ਵਿਚ ਕਰਤਾ ਨੂੰ ਪੁਰਖ ਮਿਥਿਆ ਹੈ। ਕਰਤਾ ਪੁਰਖ ਤਾਂ ਧਾਰਮਿਕ ਸੰਕਲਪ ਹੈ, ਇਸ ਲਈ ਪਵਿਤਰ ਹੈ, ਅਤੇ ਤੋਲ-ਪਰਖ ਦੇ ਦਾਇਰੇ ਤੋਂ ਪਰ੍ਹਾਂ ਹੈ...ਪੁਰਖ ਦਾ ਤਾਂ ਇਸਤਰੀ-ਲਿੰਗ ਰੂਪ ਇਸਤਰੀ ਹੈ, ਪਰ ਹੈਰਾਨੀ ਦੀ ਗੱਲ ਹੈ ਕਿ 'ਕਰਤਾ' ਦਾ ਇਸਤਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਿੰਗ ਰੂਪ ਕੋਈ ਨਹੀਂ। ਔਰਤ ਹਜ਼ਾਰਾਂ ਕਾਰਜਾਂ ਵਿਚ ਸ਼ਾਮਲ ਹੋ ਕੇ ਅਜੇ ਤਕ ਕਰਤਾ ਪਦ ਦੀ ਅਧਿਕਾਰੀ ਨਹੀਂ ਬਣ ਸਕੀ । ਇਉਂ ਜਾਪਦਾ ਹੈ ਕਿ ਸਾਡੀ ਸਮਾਜਕਤਾ ਦੇ ਧੁਰ ਡੂੰਘ ਵਿਚ ਕਿਤੇ ਵਿਸ਼ਵਾਸ ਪਿਆ ਹੈ ਕਿ "ਕਰਨ" ਦਾ ਅਧਿਕਾਰ ਕੇਵਲ ਪੁਰਖ ਨੂੰ ਹੈ। ਇਸਤਰੀ ਪੁਰਖ ਦੇ ਬਹੁਮੁਖ ਕਾਰਜਾਂ ਵਿਚ ਕੇਵਲ ਨਿਸਕ੍ਰਿਅ ਰੋਲ ਹੀ ਅਦਾ ਕਰ ਸਕਦੀ ਹੈ।"[1] ਅੰਮ੍ਰਿਤਾ ਪ੍ਰੀਤਮ ਸਾਡੇ ਇਸ ਅਚੇਤ ਬਣੇ ਵਿਸ਼ਵਾਸ ਉੱਪਰ ਆਪਣੀ ਤੀਖਣ ਅਨੁਭੂਤੀ ਰਾਹੀਂ ਕਰੜੀ ਚੋਟ ਮਰਦੀ ਪ੍ਰਤੀਤ ਹੁੰਦੀ ਹੈ। ਇੰਜ ਉਹ ਪੂਰੀ ਤਨਦੇਹੀ ਤੇ ਸਾਬਤ ਕਦਮੀ ਨਾਲ ਨਾਰੀ ਸੰਬੰਧੀ ਕਾਵਿ-ਸਿਰਜਣਾ ਕਰਕੇ ਨਾਰੀ-ਸੰਵੇਦਨਾ ਦੇ ਵਿਕਸਣ ਵਿਚ ਇਤਿਹਾਸਕ ਭੂਮਿਕਾ ਅਦਾ ਕਰਦੀ ਹੈ। ਇਹ ਕਾਰਜ ਉਸ ਦੀ ਨਿੱਜੀ ਸਾਧਨਾ ਤੋਂ ਅੱਗੇ ਫੈਲ ਕੇ ਦੂਸਰੀਆਂ ਕਵਿਤਰੀਆਂ ਲਈ ਪ੍ਰੇਰਨਾ-ਸਰੋਤ ਦਾ ਕੰਮ ਵੀ ਕਰਦਾ ਹੈ।

ਜੇ ਅਸੀਂ ਵੀਹਵੀਂ ਸਦੀ ਦੇ ਚੌਥੇ ਦਹਾਕੇ ਦੇ ਅੱਧ ਤੋਂ ਪਹਿਲਾਂ ਵੱਲ ਨਜ਼ਰ ਮਾਰੀਏ ਤਾਂ ਪੰਜਾਬੀ ਸਾਹਿਤ ਖੋਜੀ ਦੋ-ਤਿੰਨ ਇਸਤਰੀ-ਕਵੀਆਂ ਦਾ ਜ਼ਿਕਰ ਕਰਦੇ ਪ੍ਰਤੀਤ ਹੁੰਦੇ ਹਨ। ਪਹਿਲਾ ਹਸਤਾਖਰ ਇਸਤਰੀ ਕਵੀ "ਪੀਰੋ" ਦਾ ਹੈ ਜਿਸ ਬਾਰੇ ਪਹਿਲੀ ਵਾਰ ਜ਼ਿਕਰ ਡਾ. ਦੇਵਿੰਦਰ ਸਿੰਘ ਵਿਦਿਆਰਥੀ ਨੇ ਖੋਜ ਦਰਪਣ ਵਿਚ ਪ੍ਰਕਾਸ਼ਿਤ ਹੋਏ ਆਪਣੇ ਖੋਜ ਪੱਤਰ "ਪੰਜਾਬੀ ਦੀ ਪਹਿਲੀ ਇਸਤਰੀ ਕਵੀ"[2] ਵਿਚ ਕੀਤਾ ਹੈ। ਉਸ ਦਾ ਮੱਤ ਹੈ ਕਿ ਪੀਰੋ ਦੀਆਂ ਤਿੰਨ ਰਚਨਾਵਾਂ ਉਪਲਬਧ ਹਨ ਜਿਨ੍ਹਾਂ ਵਿਚੋਂ ਦੋ ਸੈਂਟਰਲ ਸਟੇਟ ਲਾਇਬਰੇਰੀ ਪਟਿਆਲਾ ਵਿਚ ਹਨ ਅਤੇ ਇਕ ਡਾ. ਕਰਤਾਰ ਸਿੰਘ ਸੂਰੀ ਦੇ ਨਿੱਜੀ ਪੁਸਤਕਾਲਿਆ ਵਿਚ ਹੈ। ਡਾ. ਵਿਦਿਆਰਥੀਆ ਨੇ ਉਸ ਦਾ ਸਮਾਂ 1832 ਤੋਂ 1872 ਈ. ਦੱਸਿਆ ਹੈ। ਪੀਰੋ ਦੀ ਕਵਿਤਾ ਵਧੇਰੇ ਕਰਕੇ ਤੁਕਬੰਦੀ ਹੈ। ਵੈਰਾਗ, ਪੀਰ, ਮੁਰਸ਼ਦ ਤੇ ਮਹਿਬੂਬ ਦੀ ਸਿਫ਼ਤ-ਸਲਾਹ ਉਸ ਦੀ ਰਚਨਾ ਵਿਚ ਪ੍ਰਾਪਤ ਹੈ। ਵੈਰਾਗ ਸਦਕਾ ਉਸ ਦੀ ਰਚਨਾ ਵਿਚੋਂ ਉਦਾਸੀਨਤਾ ਦੀ ਝਲਕ ਵੀ ਪੈਂਦੀ ਹੈ। ਉਦਾਹਰਣ ਵਜੋਂ :

ਜਲ ਜਵਾਣਾ ਅਸੀਂ ਪ੍ਰਦੇਸ਼ ਸਈਓ,
ਤੁਰਕ ਹਿੰਦੂਆਂ ਪਰੇ ਕਹਾਵਣਾ ਈ।
ਅਸੀਂ ਤਿਆਗ ਜਾਣਾ ਮੱਤ ਹਿੰਦੂਆਂ ਦਾ।
ਨਹੀਂ ਤੁਰਕਾਂ ਦਾ ਕੁਝ ਧਰਾਵਨਾ ਈ।
ਜਿਥੇ ਪਹੁੰਚ ਨਾ ਤੁਰਕ ਤੇ ਹਿੰਦੂਆਂ ਦੀ,
ਸਈਓ ਐਸੇ ਮਕਾਨ ਮੈਂ ਜਾਵਣਾ ਈ।
ਪੀਰੋ ਰਾਮ ਝਰੋਖੜੇ ਬੈਠ ਕੇ ਨਹੀਂ,
ਮੁਜਰਾ ਕੁਲ ਜਹਾਨ ਦਾ ਪਾਵਣਾ ਈ।[3]

ਪੀਰੋ-ਕਾਵਿ ਵਿਚਲੀ ਉਦਾਸੀਨਤਾ ਤੇ ਵੈਰਾਗ ਦੀ ਸੁਰ ਨੂੰ ਵੇਖ ਇਹ ਸਿੱਟਾ ਕੱਢਣਾ ਠੀਕ ਨਹੀਂ ਕਿ ਉਹ "ਮਰਦ ਦੇ ਅਤਿਆਚਾਰ ਵਿਰੁਧ ਰੋਸ"[4] ਦਾ ਪ੍ਰਗਟਾਵਾ ਕਰ ਰਹੀ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂ ਉਸ ਦੀ ਕਵਿਤਾ "ਮਰਦ ਦੇ ਜਬਰ ਜ਼ੁਲਮ ਦੇ ਵਿਰੋਧ ਵਿਚੋਂ ਪੈਦਾ ਹੋਈ",[5] ਸਗੋਂ ਉਸ ਦੇ ਕਾਵਿ ਦੇ ਅੰਦਰਲੀ ਗਵਾਹੀ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਉਸ ਦੀ ਰਚਨਾ ਵਿਚ ਤਸਵੱਫ ਦਾ ਰੰਗ ਪ੍ਰਧਾਨ ਹੈ ਅਤੇ ਇਸੇ ਸਦਕਾ ਹੀ ਉਹ ਪੀਰ, ਮੁਰਸ਼ਦ ਅਤੇ ਮਹਿਬੂਬ ਦੇ ਇਸ਼ਕ ਦੀ ਗੱਲ ਕਰਦੀ ਹੈ। ਇਹ ਮੱਧਕਾਲੀਨ ਧਾਰਮਿਕ-ਅਧਿਆਤਮਕ ਸੰਵੇਦਨਾ ਦੀ ਸ਼ਾਇਰੀ ਹੈ ਜਿਸ ਨੂੰ ਕਿਸੇ ਵੀ ਢੰਗ ਨਾਲ ਨਾਰੀ ਦੀ ਆਧੁਨਿਕ ਸੰਵੇਦਨਾ ਨਾਲ ਜੋੜਨਾ ਅਨੁਚਿਤ ਹੈ।

ਪੀਰੋ ਤੋਂ ਪਿੱਛੋਂ ਇਕ ਹੋਰ ਇਸਤਰੀ ਕਵੀ ਦਾ ਜ਼ਿਕਰ ਡਾ. ਧਰਮ ਸਿੰਘ ਨੇ "ਪੂਰਵ ਅੰਮ੍ਰਿਤਾ ਯੁੱਗ ਦਾ ਇਸਤਰੀ-ਸਾਹਿਤ"[6] ਵਿਚ ਕੀਤਾ ਹੈ। ਇਸ ਇਸਤਰੀ ਕਵੀ ਦਾ ਨਾਂ ਮਖਫ਼ੀ ਹੈ। ਲੇਖਕ ਦੇ ਕਹਿਣ ਮੁਤਾਬਿਕ ਇਸ ਦੀਆਂ ਤਿੰਨ ਰਚਨਾਵਾਂ ਮਖਫ਼ੀ ਅਸਰਾਹ, ਤਾਲੀਮ ਉਲ ਕਿੱਸਾ ਅਤੇ ਇਸ਼ਕ ਹਕਾਨੀ ਹਨ। ਲੇਖਕ ਖ਼ੁਦ ਮੰਨਦਾ ਹੈ ਕਿ ਉਹ ਮਧਕਾਲੀ ਰੁਚੀਆਂ ਵਿਚ ਪ੍ਰਬਲ ਵਿਸ਼ਵਾਸ ਰੱਖਣ ਵਾਲੀ ਇਸਤਰੀ ਹੈ। ਇਸ ਲਈ ਇਸ ਦੇ ਕਾਵਿ ਵਿਚੋਂ ਵੀ ਨਾਰੀ-ਸੰਵੇਦਨਾ ਦੀ ਭਾਲ ਕਰਨੀ ਉਚਿਤ ਨਹੀਂ। ਇਸ ਤੋਂ ਇਲਾਵਾ ਈਸ਼ਰ ਕੌਰ ਕਲੀ ਅਤੇ ਜੀਵਨ ਕੌਰ ਦੇ ਨਾਵਾਂ ਦਾ ਜ਼ਿਕਰ ਵੀ ਪੂਰਵ-ਅੰਮ੍ਰਿਤਾ ਯੁੱਗ ਦੀਆਂ ਇਸਤਰੀ-ਕਵੀਆਂ ਵਿਚ ਕੀਤਾ ਜਾਂਦਾ ਹੈ। ਇਨ੍ਹਾਂ ਦੋਵਾਂ ਇਸਤਰੀ ਕਵੀਆਂ ਦੀਆਂ ਸੁਧਾਰਵਾਦੀ ਤੇ ਤੁਕਬੰਦੀ ਦੀ ਪੱਧਰ ਦੀਆਂ ਰਚਨਾਵਾਂ ਕੁਝ ਪੱਤ੍ਰਿਕਾਵਾਂ ਜਿਵੇਂ **ਇਸਤਰੀ ਸਮਾਚਾਰ** (ਰਜਿੰਦਰ ਕੌਰ, 1908, ਕੋਇਟਾ), **ਇਸਤਰੀ ਸੁਧਾਰ** (ਈਸ਼ਰ ਕੌਰ, 1914, ਲਾਹੌਰ), **ਇਸਤਰੀ ਜੀਵਨ** (ਰਜਿੰਦਰ ਕੌਰ, 1923, ਜਲੰਧਰ), **ਪੰਜਾਬੀ ਭੈਣ** (ਬੀਰ ਸਿੰਘ ਫ਼ਿਰੋਜ਼ਪੁਰ) ਅਤੇ **ਫੁਲੇਰਨ** (ਹੀਰਾ ਸਿੰਘ ਦਰਦ ਅਤੇ ਇੰਦਰਜੀਤ ਕੌਰ, 1926, ਲਾਹੌਰ) ਆਦਿ ਵਿਚ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਹਨ। ਇਨ੍ਹਾਂ ਦੀਆਂ ਕਾਵਿ ਰਚਨਾਵਾਂ ਵਿਚ ਇਸਤਰੀਆਂ ਨੂੰ ਸਾਧਾਰਣ ਕਿਸਮ ਦੀ ਸਿਖਿਆ ਜਿਵੇਂ ਫੈਸ਼ਨਾਂ ਤੋਂ ਬਚਣਾ, ਛੂਤ ਛਾਤ ਦਾ ਸੁਧਾਰ, ਜ਼ਾਤ-ਪਾਤ ਦਾ ਸੁਧਾਰ, ਬਾਲ ਵਿਧਵਾ ਵਿਆਹ ਆਦਿ ਵਿਸ਼ੇ ਦੁਹਰਾਏ ਗਏ ਹਨ। ਭਾਵੇਂ ਕਥਨ ਦੀ ਪੱਧਰ ਉਪਰ ਐਸੀਆਂ ਉਕਤੀਆਂ ਹਨ ਜਿਵੇਂ :

ਹੱਕ ਅਸਾਂ ਦੇ ਅਸਾਂ ਨੂੰ ਮਿਲਣ ਵਾਪਿਸ
ਐਸਾ ਡਟ ਕੇ ਮੋਰਚਾ ਲਾਓ ਭੈਣੋ (ਜੀਵਨ ਕੌਰ)[7]

ਪ੍ਰਾਪਤ ਹੁੰਦੀਆਂ ਹਨ ਪਰ ਇਨ੍ਹਾਂ ਦੀ ਰਚਨਾ ਵਧੇਰੇ ਕਰਕੇ ਸੁਧਾਰਵਾਦੀ ਸੁਰ ਵਾਲੀ ਹੀ ਹੈ। ਸੰਖੇਪ ਵਿਚ ਪੂਰਵ ਅੰਮ੍ਰਿਤਾ ਯੁਗ ਵਿਚ ਸਾਨੂੰ ਕੋਈ ਵੀ ਅਜਿਹੀ ਇਸਤਰੀ ਕਵੀ ਪ੍ਰਾਪਤ ਨਹੀਂ ਜਿਸ ਦੇ ਕਾਵਿ ਵਿਚੋਂ ਨਾਰੀ ਦੀ ਸੰਵੇਦਨਾ ਪ੍ਰਤਿ ਭਰਵੇਂ ਸੰਕੇਤ ਪ੍ਰਾਪਤ ਹੁੰਦੇ ਹੋਣ। ਉਸ ਤੋਂ ਪੂਰਵਲੇ ਯੁੱਗ ਵਿਚ ਜੇਕਰ ਇਸਤਰੀਆਂ ਦੁਆਰਾ ਕਾਵਿ-ਰਚਨਾ ਹੋਈ ਵੀ ਹੈ ਤਾਂ ਉਸ ਦੀ ਉਭਰਵੀਂ ਸੁਰ ਧਾਰਮਿਕ ਅਤੇ ਸੁਧਾਰਵਾਦੀ ਕਿਸਮ ਦੀ ਹੀ ਹੈ। ਸਾਨੂੰ ਇਹ ਮੰਨਣ ਵਿਚ ਸੰਕੋਚ ਨਹੀਂ ਹੋਣਾ ਚਾਹੀਦਾ ਕਿ ਮਰਦ ਪ੍ਰਧਾਨ ਸਮਾਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਨਾਰੀ ਦੀ ਸੰਵੇਦਨਾ ਨੂੰ ਭਰਵੇਂ ਤੇ ਭਰਪੂਰ ਰੂਪ ਵਿਚ ਚਿਤਰ ਕੇ ਅੰਮ੍ਰਿਤਾ ਪ੍ਰੀਤਮ ਨੇ ਇਤਿਹਾਸਕ ਭੂਮਿਕਾ ਅਦਾ ਕੀਤੀ ਹੈ।

ਇਸ ਤੋਂ ਪਹਿਲਾਂ ਕਿ ਅੰਮ੍ਰਿਤਾ ਪ੍ਰੀਤਮ ਦੇ ਕਾਵਿ ਵਿਚੋਂ ਨਾਰੀ-ਸੰਵੇਦਨਾ ਦੇ ਵਿਭਿੰਨ ਪਾਸਾਰਾਂ ਨੂੰ ਪਛਾਣਿਆ ਜਾਵੇ ਉਸ ਦੇ ਕਾਵਿ ਦੇ ਇਸ ਪੱਖ ਪ੍ਰਤਿ ਆਲੋਚਕਾਂ ਦੇ ਵਿਚਾਰਾਂ ਨਾਲ ਵਾਕਫ਼ੀ ਪਾਉਣੀ ਜ਼ਰੂਰੀ ਹੈ। ਨਿਸਚੇ ਹੀ ਇਹ ਵਾਕਫ਼ੀ ਕਿਸੇ ਤਰ੍ਹਾਂ ਸਾਡੇ ਅਧਿਐਨ ਉੱਪਰ ਭਾਰੂ ਹੋਣ ਦੀ ਬਜਾਏ ਸਾਡਾ ਮਾਰਗ-ਦਰਸ਼ਨ ਕਰੇਗੀ। ਇਹ ਠੀਕ ਹੈ ਕਿ ਅੰਮ੍ਰਿਤਾ ਪ੍ਰੀਤਮ ਦੇ ਕਾਵਿ ਵਿਚੋਂ ਸਾਨੂੰ ਜੀਵਨ ਦੀ ਭਰਪੂਰਤਾ ਨੂੰ ਚਿਤਰਦੀਆਂ ਕਈ ਉਭਰਵੀਆਂ ਥੀਮਿਕ ਸੁਰਾਂ ਸੁਣਾਈ ਦੇਂਦੀਆਂ ਹਨ ਪਰ ਅਸੀਂ, ਵਿਸ਼ੇ ਦੀ ਸੀਮਾ ਅਨੁਸਾਰ, ਉਸ ਦੇ ਕਾਵਿ ਵਿਚਲੇ ਨਾਰੀ-ਸੰਵੇਦਨਾ ਦੇ ਪੱਖ ਸੰਬੰਧੀ ਆਲੋਚਕਾਂ ਦੇ ਵਿਚਾਰਾਂ ਨਾਲ ਸਾਂਝ ਸਥਾਪਿਤ ਕਰਨ ਦਾ ਯਤਨ ਕਰਾਂਗੇ। ਅੰਮ੍ਰਿਤਾ ਪ੍ਰੀਤਮ ਦੀਆਂ ਕਾਵਿ ਪੁਸਤਕਾਂ ਹੇਠ ਲਿਖੇ ਨਾਲ ਕ੍ਰਮ ਅਨੁਸਾਰ ਪ੍ਰਕਾਸ਼ਿਤ ਹੋਈਆਂ ਹਨ :

1. **ਠੰਡੀਆਂ ਕਿਰਣਾਂ**, 1935.
2. **ਅੰਮ੍ਰਿਤ ਲਹਿਰਾਂ** 1936.
3. **ਜੀਉਂਦਾ ਜੀਵਨ**, 1938.
4. **ਤ੍ਰੇਲ ਧੋਤੇ ਫੁੱਲ**, 1941.
5. **ਓ ਗੀਤਾਂ ਵਾਲਿਆ**, 1942.
6. **ਬੱਦਲਾਂ ਦੇ ਪੱਲੇ ਵਿਚ**, 1943.
7. **ਸੰਝ ਦੀ ਲਾਲੀ**, 1943.
8. **ਨਿੱਕੀ ਜਿਹੀ ਸੁਗਾਤ**, 1944.
9. **ਲੋਕ ਪੀੜ**, 1944.
10. **ਪੱਥਰ ਗੀਟੇ**, 1946.
11. **ਲੰਮੀਆਂ ਵਾਟਾਂ**, 1949,
12. **ਮੈਂ ਤਵਾਰੀਖ ਹਾਂ ਹਿੰਦੀ ਦੀ**, 1950.
13. **ਸਰਘੀ ਵੇਲਾ**, 1951.
14. **ਨਵੀਂ ਸਵੇਰ**, (ਮਿਤੀਹੀਨ)
15. **ਸੁਨੇਹੜੇ**, 1955.
16. **ਅਸ਼ੋਕਾਚੇਤੀ** 1957.
17. **ਕਸਤੂਰੀ** 1959.
18. **ਨਾਗਮਣੀ**, 1964.
19. **ਕਾਗਜ਼ ਤੇ ਕੈਨਵਸ**, 1970,
20. **ਮੈਂ ਜਮ੍ਹਾਂ ਤੂੰ**, 1977.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਮ੍ਰਿਤਾ ਪ੍ਰੀਤਮ ਦੀਆਂ ਉਪਰੋਕਤ ਪੁਸਤਕਾਂ ਦੀਆਂ ਭੂਮਿਕਾਵਾਂ ਵੀ ਲਿਖੀਆਂ ਗਈਆਂ ਹਨ, ਉਨ੍ਹਾਂ ਸੰਬੰਧੀ ਰਿਵਿਊ ਵੀ ਲਿਖੇ ਗਏ ਹਨ ਤੇ ਲੇਖ ਦੀ, ਸੁਤੰਤਰ ਪੁਸਤਕਾਂ ਵੀ ਹੋਂਦ ਵਿਚ ਆਈਆਂ ਹਨ ਅਤੇ ਅੰਕ ਵੀ ਪ੍ਰਕਾਸ਼ਿਤ ਹੋਏ ਹਨ। ਉਸ ਦੇ ਕਾਵਿ ਸੰਬੰਧੀ ਟਿੱਪਣੀ ਕਰਨ ਵਾਲਿਆਂ ਵਿਚ ਪੰਜਾਬੀ ਦੇ ਪ੍ਰਮੁੱਖ ਸਾਹਿਤਕਾਰ ਵੀ ਸ਼ਾਮਿਲ ਹਨ ਅਤੇ ਪ੍ਰਸਿੱਧ ਸਮੀਖਿਅਕ ਵੀ। ਇਸ ਤੋਂ ਇਲਾਵਾ ਐਮ. ਫਿਲ ਅਤੇ ਪੀ. ਐਚ. ਡੀ. ਦੀ ਪੱਧਰ ਉਪਰ ਉਸ ਦੇ ਕਾਵਿ ਦੇ ਵਿਭਿੰਨ ਪਸਾਰਾਂ ਸੰਬੰਧੀ ਉਪਾਧੀ-ਸਾਪੇਖ ਕਾਰਜ ਵੀ ਹੋਇਆ ਹੈ। ਉਸ ਦੇ ਕਾਵਿ ਸੰਬੰਧੀ ਹੋਏ ਇਸ ਕਾਰਜ ਵਿਚ ਕਾਫ਼ੀ ਕਿਰਤਾਂ ਵਿਚ ਉਸ ਦੇ ਕਾਵਿ ਦੇ ਨਾਰੀ ਸੰਵੇਦਨਾ ਨਾਲ ਸੰਬੰਧਿਤ ਪੱਖ ਬਾਰੇ ਟਿੱਪਣੀ ਦੀ ਪੱਧਰ ਉਪਰ ਜਾਂ ਵਿਸ਼ਲੇਸ਼ਣ ਤੋਂ ਵਿਛੂੰਨੇ ਵਿਸਤਾਰ ਨਾਲ ਚਰਚਾ ਕੀਤੀ ਗਈ ਹੈ। ਕੁਝ ਕੁ ਵਿਦਵਾਨ ਐਸੇ ਵੀ ਹਨ ਜਿਨ੍ਹਾਂ ਨੇ ਉਸ ਦੇ ਕਾਵਿ ਦੇ ਇਸ ਪੱਖ ਸੰਬੰਧੀ ਉਸ ਦੀਆਂ ਵੱਖ ਵੱਖ ਪੁਸਤਕਾਂ ਵਿਚੋਂ ਟੂਕਾਂ ਦਾ ਇਕੱਤ੍ਰੀਕਰਣ ਵੀ ਕੀਤਾ ਹੈ। ਉਸ ਦੀ ਪੁਸਤਕ **ਅੰਮ੍ਰਿਤ-ਲਹਿਰਾਂ** ਸੰਬੰਧੀ ਪੰਜਾਬੀ ਦੇ ਪ੍ਰਤੀਨਿਧ ਕਵੀ ਧਨੀ ਰਾਮ ਚਾਤ੍ਰਿਕ ਨੇ ਭਾਵੁਕ ਤੇ ਪ੍ਰਸੰਸਾਮਈ ਸੁਰ ਵਿਚ ਟਿੱਪਣੀ ਕਰਦੇ ਸਮੇਂ ਅਜਿਹੀ ਚਰਚਾ ਦਾ ਆਰੰਭ ਕੀਤਾ ਸੀ। ਟਿੱਪਣੀ ਇਸ ਪ੍ਰਕਾਰ ਹੈ :

> ਇਹ ਮੰਨਣ ਤੋਂ ਸੰਕੋਚ ਨਹੀਂ ਕਿ ਇਹ ਰਚਨਾ ਬੜੇ ਮੁੱਲ ਦੀ ਚੀਜ਼ ਹੈ, ਜਿਸ ਵਿਚ ਬੜਾ ਚਿਰ ਜੀਊਂਦੇ ਰਹਿਣ ਦੀ ਸੱਤਾ ਹੈ। **ਬੀਬੀਆਂ ਵਾਸਤੇ ਤਾਂ ਇਹ ਚਾਨਣ ਮੁਨਾਰਾ ਹੀ ਹੈ**, ਮਰਦਾਂ ਵਾਸਤੇ ਭੀ ਇਸ ਵਿਚ ਬਹੁਤ ਕੁਝ ਹੈ।[8]

ਆਰੰਭਲੇ ਦੌਰ ਵਿਚਲੇ ਪੰਜਾਬੀ ਦੇ ਕੁਝ ਅਧਿਏਤਾ ਅਜਿਹੇ ਵੀ ਹਨ ਜਿਵੇਂ ਕਾਨ੍ਹ ਸਿੰਘ ਨਾਭਾ, ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਅਤੇ ਪ੍ਰਿੰ. ਤੇਜਾ ਸਿੰਘ ਆਦਿ ਜਿਨ੍ਹਾਂ ਨੇ ਉਸ ਦੇ ਕਾਵਿ ਵਿਚਲੇ ਨਾਰੀ-ਸੰਵੇਦਨਾ ਵਾਲੇ ਪੱਖ ਦੀ ਪਛਾਣ ਤੇ ਵਿਸ਼ਲੇਸ਼ਣ ਕਰਨ ਦੀ ਬਜਾਏ ਇਕ ਕਵਿਤਰੀ ਦੇ ਸਿਰਜਕ ਬਣਨ ਦੇ ਪੱਖ ਨੂੰ ਸਲਾਹਿਆ ਭਾਵੇਂ ਕਿ ਉਨ੍ਹਾਂ ਦੀ ਸੁਰ ਭਾਵੁਕ, ਪ੍ਰਭਾਵਵਾਦੀ ਤੇ ਪ੍ਰਸੰਸਾਮਈ ਹੀ ਹੈ। ਮਿਸਾਲ ਵਜੋਂ ਕਾਨ੍ਹ ਸਿੰਘ ਨਾਭਾ "ਪ੍ਰਸੰਸਾ" ਦੇ ਸਿਰਲੇਖ ਹੇਠ ਧਾਰਮਿਕ ਬਿਰਤੀ ਨਾਲ ਉਸ ਦੇ ਕਾਵਿ ਨੂੰ "ਮੋਏ ਮੁਰਝਾਏ ਅੰਤਹਕਰਣਾਂ ਨੂੰ ਜੀਵਿਤ ਤੇ ਪ੍ਰਫੁਲਿਤ ਕਰਨ" ਵਾਲਾ ਦੱਸਦਾ ਹੋਇਆ "ਕਾਕੀ ਦੀ ਅਵਸਥਾ ਨੂੰ ਵੇਖ ਕੇ" ਅੰਦਾਜ਼ਾ ਲਗਾਉਂਦਾ ਹੈ ਕਿ "ਇਸ ਤੇ ਕਰਤਾਰ ਦੀ ਅਪਾਰ ਕ੍ਰਿਪਾ ਹੈ।"[9] ਗੁਰਬਖ਼ਸ਼ ਸਿੰਘ ਨੂੰ ਇਹ ਕਵਿਤਾ "ਪ੍ਰੇਮ-ਭੁੱਖੇ ਕੰਨਾਂ ਨੂੰ ਟੁਣਕਾਰਦੀ"[10] ਤੇ ਪ੍ਰਿੰ. ਤੇਜਾ ਸਿੰਘ ਨੂੰ "ਪੰਜਾਬ ਦੀ ਆਵਾਜ਼" ਪ੍ਰਤੀਤ ਹੁੰਦੀ ਹੈ। ਦਰਅਸਲ ਕਰਤਾਰ ਸਿੰਘ ਦੁੱਗਲ, ਜਿਸ ਨੇ ਅੰਮ੍ਰਿਤਾ ਦੇ ਕਾਵਿ ਸੰਗ੍ਰਹਿ **ਤ੍ਰੇਲ ਧੋਤੇ ਫੁੱਲ** ਦੀ ਭੂਮਿਕਾ ਵੀ ਲਿਖੀ, ਨੇ ਪਹਿਲੀ ਵਾਰ ਉਸ ਦੇ ਕਾਵਿ ਵਿਚੋਂ "ਔਰਤਪਨ ਵਿਚਲੀ ਕੋਮਲਤਾ" ਦੀ ਪਛਾਣ ਕੀਤੀ। ਉਸ ਦੇ ਕਹਿਣ ਮੁਤਾਬਕ "ਪੰਜਾਬੀ ਸਾਹਿਤ ਵਿਚ ਅੰਮ੍ਰਿਤ ਕੌਰ ਦਾ ਔਰਤਪਨ ਨਿਰ-ਸੰਦੇਹ ਓਨੀ ਕੁ ਕੋਮਲਤਾ ਤੇ ਰੰਗੀਨੀ ਦਾ ਜ਼ਿੰਮੇਵਾਰ ਹੈ ਜਿਤਨੀ ਨਵੀਨ ਹਿੰਦੁਸਤਾਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੋਲੀਆਂ ਦੇ ਲਿਟਰੇਚਰ ਵਿਚ ਕਦੀ ਵੀ ਕਿਸੇ ਇਕੱਲੀ ਔਰਤ ਨੇ ਲਿਆਂਦੀ।"[11] ਸਠਵਿਆਂ ਦੇ ਅੱਧ ਵਿਚ ਇਕ ਹੋਰ ਅਧਿਏਤਾ ਰਾਮ ਨਰੈਣ ਸਿੰਘ ਦਰਦੀ ਨੇ ਉਸ ਦੇ ਕਾਵਿ ਵਿਚਲੇ ਇਸ ਪੱਖ ਬਾਰੇ ਸੰਕੇਤਕ ਟਿੱਪਣੀ ਕੀਤੀ। ਦਰਦੀ ਨੇ ਭਾਵੇਂ ਇਸ ਪੱਖ ਤੋਂ ਅੰਮ੍ਰਿਤਾ ਪ੍ਰੀਤਮ ਕਾਵਿ ਦਾ ਵਿਸ਼ਲੇਸ਼ਣ ਤਾਂ ਨਹੀਂ ਕੀਤਾ (ਜਿਹੜਾ ਸ਼ਾਇਦ ਉਸ ਸਮੇਂ ਵਧੇਰੇ ਸੰਭਵ ਨਹੀਂ ਸੀ) ਪਰ ਤਾਂ ਵੀ ਉਸ ਦੀ ਟਿੱਪਣੀ ਕਾਫ਼ੀ ਮੁੱਲਵਾਨ ਹੈ :

> ਉਹ ਇਕ ਬਹਾਦਰ ਕਵੀ-ਇਸਤਰੀ ਹਨ, ਇਨ੍ਹਾਂ ਨੇ ਬੜੀ ਦਲੇਰੀ ਨਾਲ ਸਮਾਜ ਦੀ ਕੋਈ ਪਰਵਾਹ ਨਾ ਕਰਦੇ ਹੋਏ ਇਸਤਰੀ ਦੇ ਲੁਕੇ ਹੋਏ ਭਾਵਾਂ ਨੂੰ ਚਿਤਰਿਆ ਹੈ।[12]

ਸੁਰਿੰਦਰ ਸਿੰਘ ਕੋਹਲੀ ਨੇ ਉਸ ਦੀ ਕਵਿਤਾ ਵਿਚਲੇ ਇਸ ਪੱਖ ਵੱਲ ਸਿਰਫ਼ ਇਹ ਕਹਿ ਕੇ ਕਿ "ਨਾਰੀਤਵ ਦੇ ਵੱਖ ਵੱਖ ਅੰਗਾਂ ਨੂੰ ਪ੍ਰਗਟਾਣ ਵਿਚ ਅੰਮ੍ਰਿਤਾ ਸਫ਼ਲ ਰਹੀ ਹੈ,"[13] ਸੰਕੇਤ ਮਾਤਰ ਹੀ ਕੀਤਾ ਹੈ।

ਸੰਤ ਸਿੰਘ ਸੇਖੋਂ ਭਾਵੇਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਕਈ ਵਾਰ ਵਿਅੰਗ ਦੀ ਪੱਧਰ ਉੱਪਰ ਉਸ ਦੀ ਸਫ਼ਲਤਾ ਤੇ ਪ੍ਰਸਿੱਧੀ ਦਾ ਰਾਜ ਉਸ ਦੇ ਇਸਤਰੀ ਹੋਣ ਨੂੰ ਆਖਦਾ ਹੈ ਪਰ ਤਾਂ ਵੀ ਉਸ ਨੇ ਉਸ ਦੇ ਕਾਵਿ ਵਿਚਲੇ ਨਾਰੀ-ਸੰਵੇਦਨਾ ਵਾਲੇ ਪੱਖ ਬਾਰੇ ਵੀ ਮੁੱਲਵਾਨ ਟਿੱਪਣੀ ਕੀਤੀ ਹੈ :

> 1947 ਵਿਚ ਹੋਣ ਵਾਲੇ ਅਤਿਆਚਾਰਾਂ ਵਿਰੁੱਧ ਵਿਰਲਾਪ, ਕੀਰਨੇ, ਰੋਣ ਤੇ ਰੋਹ ਦੀ ਵਾਜ ਪਹਿਲਾਂ ਹੀ ਬਣੀ ਖਲੋਤੀ ਸੀ। ਉਹ ਜਿਸ ਨੇ ਇਸਤ੍ਰੀ ਜਾਤੀ ਦੀ ਭਿਅੰਕਰ ਹੋਣੀ ਨੂੰ ਪਹਿਲਾਂ ਹੀ ਅਨੁਭਵ ਕੀਤਾ ਹੋਇਆ ਸੀ, 1947 ਤੋਂ ਪਿੱਛੋਂ ਇਸਤਰੀ ਦੀ ਆਵਾਜ਼ ਬਣ ਕੇ ਇਸ ਤਰ੍ਹਾਂ ਕੁਰਲਾਈ, ਕੂਕੀ ਤੇ ਪਿੱਟੀ ਕਿ ਉਸ ਦਾ ਇਹ ਵਿਰਲਾਪ ਅਸਾਡੇ ਇਤਿਹਾਸ ਵਿਚ ਸਦਾ ਗੂੰਜਦਾ ਰਹੇਗਾ।[14]

ਇਸੇ ਤਰ੍ਹਾਂ ਕ੍ਰਿਪਾਲ ਸਿੰਘ ਕਸੇਲ ਤੇ ਪਰਮਿੰਦਰ ਸਿੰਘ ਵਲੋਂ ਲਿਖੀ ਗਈ ਪੁਸਤਕ **ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ** ਵਿਚ ਪੇਸ਼ ਟਿੱਪਣੀ ਸੇਖੋਂ ਦੀ ਟਿੱਪਣੀ ਵਾਂਗ ਵਧੇਰੇ ਵਿਸਤਾਰਮਈ ਹੈ, ਵੱਖਰੀ ਗੱਲ ਹੈ ਕਿ ਵਿਸ਼ਲੇਸ਼ਣ ਦਾ ਪੱਖ ਉਸ ਵਿਚ ਵੀ ਪੂਰੀ ਤਰ੍ਹਾਂ ਗੌਲਿਆ ਨਹੀਂ ਗਿਆ। ਮਿਸਾਲ ਵਜੋਂ :

> ਅੰਮ੍ਰਿਤਾ ਦੀ ਕਵਿਤਾ ਵਿਚ ਇਸਤਰੀ ਭਾਵ ਪੂਰੀ ਤੀਬਰਤਾ ਤੇ ਸੁਹਿਰਦਤਾ ਨਾਲ ਉਘੜੇ ਹਨ ਤੇ ਏਸੇ ਲਈ ਉਸ ਨੂੰ ਪੰਜਾਬੀ ਇਸਤਰੀ ਦੀ ਆਵਾਜ਼ ਕਿਹਾ ਜਾਂਦਾ ਹੈ...ਉਸ ਨੂੰ ਦੁੱਖ ਹੈ ਕਿ ਕਿਉਂਕਿ ਇਕ ਇਸਤਰੀ ਦੀ ਪ੍ਰੀਤ ਬਾਪੂ ਦੇ ਖੇਤਾਂ ਵਿਚੋਂ ਭੰਨ ਲਈ ਛੱਲੀ ਵਾਂਗ ਹੈ ਅਤੇ ਕਿਉਂ ਲੋਕੀਂ ਪ੍ਰੀਤ ਦੇ ਪਵਿਤਰ ਤੇ ਉਚ ਰਿਸ਼ਤੇ ਨੂੰ ਦਾਜ ਦੇ ਗਜ਼ਾਂ ਨਾਲ ਮਿਣਦੇ ਹਨ। ਸਮਾਜ ਵਿਚ ਜ਼ਬਰਨ ਬਣਾਈਆਂ ਗਈਆਂ ਵੇਸਵਾਵਾਂ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

> ਫਸਾਦਾਂ ਦੇ ਦੌਰਾਨ ਵਿਚ ਜਬਰੀ ਚੁਕੀਆਂ ਇਸਤਰੀਆਂ ਦੇ ਦੁੱਖਾਂ ਨਾਲ ਉਸ ਨੂੰ ਪੂਰੀ ਹਮਦਰਦੀ ਹੈ। ਉਹ ਕੇਵਲ ਆਪਣੀ ਪ੍ਰੀਤ ਦੇ ਸੁਨੇਹੜੇ ਹੀ ਨਹੀਂ ਭੇਜਦੀ ਸਗੋਂ ਸਮੁੱਚੀ ਇਸਤਰੀ ਜਾਤੀ ਦੇ ਪ੍ਰੇਮ ਪਰਵਾਹ ਨੂੰ ਬੇਰੋਕ ਵਗਦੇ ਦੇਖਣਾ ਚਾਹੁੰਦੀ ਹੈ।[15]

ਪ੍ਰੋ. ਹਰਬੰਸ ਸਿੰਘ ਨੇ ਆਪਣੀ ਪੁਸਤਕ *Aspects of Punjabi Literature* ਵਿਚ ਲਿਖਿਆ ਹੈ ਕਿ :

> ਉਸ ਨੇ (ਅੰਮ੍ਰਿਤਾ ਨੇ) ਪੰਜਾਬ ਦੀ ਦੁਖੀ ਅਤੇ ਦਰਦ ਭਰੀ ਆਤਮਾ ਨੂੰ ਆਪਣੇ ਆਤਮਿਕ ਅਨੁਭਵ ਅਤੇ ਦਰਦੀਲੇ ਬਿੰਬਾਂ ਰਾਹੀ ਅਭਿਵਿਅਕਤ ਕੀਤਾ ਹੈ। ਪੰਜਾਬ ਦੇ ਦੁੱਖਾਂ ਦਰਦਾਂ ਦੀ ਅਭਿਵਿਅਕਤੀ ਇਸ ਤੋਂ ਪਹਿਲਾਂ ਕਦੇ ਨਾਰੀ ਦੇ ਕੋਮਲ ਸਵਰ ਨੇ ਨਹੀਂ ਸੀ ਕੀਤੀ।[16]

ਇਸ ਟਿੱਪਣੀ ਤੋਂ ਸਪੱਸ਼ਟ ਹੈ ਕਿ ਅਧਿਏਤਾ ਦਾ ਬਲ ਨਾਰੀ ਸੰਵੇਦਨਾ ਉੱਪਰ ਨਹੀਂ "ਨਾਰੀ ਦੇ ਕੋਮਲ ਸਵਰ" ਉਪਰ ਹੈ ਜੋ "ਪੰਜਾਬ ਦੀ ਦੁਖੀ ਤੇ ਦਰਦਭਰੀ ਆਤਮਾ ਨੂੰ ਆਪਣੇ ਅਨੁਭਵ ਅਤੇ ਦਰਦੀਲੇ ਬਿੰਬਾਂ ਰਾਹੀਂ ਅਭਿਵਿਅਕਤ" ਕਰਦੀ ਹੈ।

ਪ੍ਰੋ. ਪਿਆਰ ਸਿੰਘ ਨੇ ਆਪਣੀ ਪੁਸਤਕ **ਪੰਜਾਬੀ ਕਵਿਤਾ : ਪਰੰਪਰਾ ਤੇ ਵਿਕਾਸ** ਵਿਚ ਅੰਮ੍ਰਿਤਾ ਨੂੰ "ਸਹੀ ਅਰਥਾਂ ਵਿਚ ਪੰਜਾਬ ਦੇ (ਵਡੇਰੇ ਭਾਗ) ਇਸਤ੍ਰੀ ਜਗਤ ਦੇ ਜਜ਼ਬਿਆਂ ਦੀ ਤਰਜਮਾਨ" ਦਸਿਆ ਹੈ। ਇਕ ਹੋਰ ਵਿਦਵਾਨ ਨੇ ਲਿਖਿਆ ਹੈ ਕਿ :

> ਅੰਮ੍ਰਿਤਾ ਇਕ ਇਸਤਰੀ ਹੈ—ਬੜੀ ਕਾਮਯਾਬੀ ਨਾਲ ਉਹ ਇਸਤਰੀ ਜਾਤੀ ਦੀ ਪ੍ਰਤਿਨਿਧਤਾ ਕਰਦੀ ਹੈ ਤੇ ਕੁਚਲੀ ਜਾਂਦੀ ਇਸਤ੍ਰੀਤਵ ਦੇ ਭਾਵਾਂ, ਜਜ਼ਬਿਆਂ ਤੇ ਪੀੜਾਂ ਨੂੰ ਉਲੀਕਦੀ ਹੈ—ਅੰਮ੍ਰਿਤਾ ਬਾਗੀ ਹੈ - ਵਿਅੰਗਮਈ ਚੋਟਾਂ ਲਾਉਣ ਵਿਚ ਉਹ ਪੂਰੀ ਉਸਤਾਦ ਹੈ।[17]

ਇਸੇ ਤਰ੍ਹਾਂ **ਸਾਹਿਤ ਸਮਾਚਾਰ** ਦੇ ਅੰਮ੍ਰਿਤਾ ਪ੍ਰੀਤਮ ਅੰਕ ਵਿਚ ਗੁਰਬਚਨ ਸਿੰਘ ਦੁਆਰਾ ਲਿਖਿਆ ਮਜ਼ਮੂਨ "ਅੰਮ੍ਰਿਤਾ ਦਾ ਇਸਤਰੀ ਪੱਖ"[18] ਵੀ ਧਿਆਨ ਦੀ ਮੰਗ ਕਰਦਾ ਹੈ। ਇਸ ਚਿੰਤਕ ਨੇ ਵੀ ਹੋਰ ਬਹੁਤ ਸਾਰੇ ਪੰਜਾਬੀ ਚਿੰਤਕਾਂ ਵਾਂਗ ਇਹ ਵਿਚਾਰ ਪੇਸ਼ ਕੀਤਾ ਹੈ ਕਿ ਅੰਮ੍ਰਿਤਾ ਨੇ ਇਸਤਰੀ ਤੇ ਹੋਏ ਜ਼ੁਲਮਾਂ ਤੇ ਅਨਿਆਂ ਨੂੰ ਵਿਅੰਗਮਈ ਰੂਪ ਵਿਚ ਵੇਖਿਆ ਹੈ। ਇਸ ਤੋਂ ਇਲਾਵਾ ਉਸ ਨੇ ਇਸਤਰੀ ਦੇ ਬਦਲਦੇ ਰੋਹ, ਨਾਬਰਾਬਰੀ ਦੀ ਚੇਤਨਾ ਦੀ ਪਛਾਣ ਵੀ ਉਸ ਦੇ ਕਾਵਿ ਵਿਚੋਂ ਕੀਤੀ ਹੈ।

ਡਾ. ਅਤਰ ਸਿੰਘ ਨੇ ਅੰਮ੍ਰਿਤਾ ਕਾਵਿ ਵਿਚ ਪ੍ਰਸਤੁਤ ਨਾਰੀ-ਮਰਦ ਦੇ ਸੰਬੰਧਾਂ ਨੂੰ ਸਮਾਜਕ, ਆਰਥਿਕ ਤੇ ਭਾਈਚਾਰਕ ਪਿਛੋਕੜ ਵਿਚ ਸਮਝਣ ਦਾ ਯਤਨ ਕੀਤਾ ਹੈ। ਉਹ ਜਾਗੀਰਦਾਰੀ ਨਿਜ਼ਾਮ ਦੇ ਮੂਲ ਸੁਭਾਅ, ਜੋ ਕਿ ਮਰਦ ਪ੍ਰਧਾਨ ਹੈ, ਨੂੰ ਪਛਾਣਦਾ ਹੈ ਅਤੇ ਇਸੇ ਆਧਾਰ ਉੱਪਰ ਇਹ ਸਿੱਟਾ ਕਢਦਾ ਹੈ ਕਿ "ਮਰਦ-ਪ੍ਰਧਾਨ ਸਮਾਜ ਦੀ ਵਿਆਹ ਸੰਸਥਾ ਇਸਤ੍ਰੀ ਨੂੰ ਗੌਲਦੀ ਨਹੀਂ।"[19] ਆਪਣੇ ਇਕ ਹੋਰ ਮਜ਼ਮੂਨ ਵਿਚ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸਦੀ ਉਭਰਵੀਂ ਸੁਰ ਪ੍ਰਸੰਸਾ ਦੀ ਹੈ, ਉਹ ਅੰਮ੍ਰਿਤਾ-ਕਾਵਿ ਦੀ ਵਿਕਾਸ-ਰੇਖਾ ਨੂੰ ਪਛਾਣਦਾ ਹੈ ਤੇ ਇਸ ਵਿਚੋਂ ਨਿਰੰਤਰ ਸੰਘਰਸ਼ ਦੇ ਮੂਲ ਤੱਤਾਂ ਨੂੰ ਲੱਭਦਾ ਹੈ। ਉਸ ਦੇ ਮਤ ਅਨੁਸਾਰ "ਅੰਮ੍ਰਿਤਾ ਦਾ ਨਿਵੇਕਲਾ ਤੇ ਇਕੱਲਾ ਸੰਘਰਸ਼ ਪੁਰਖ ਪ੍ਰਧਾਨ ਸਮਾਜ ਵਿਚ ਇਸਤਰੀ ਦੀ ਮਾਨਵੀ ਪਛਾਣ ਦਾ ਹੈ ਜੋ ਉਸ ਦੀ ਰਚਨਾਤਮਕ ਜਿੱਤ ਦੇ ਕੁਰਖੇਤਰ ਦਾ ਕੇਂਦਰੀ ਸੰਘਰਸ਼ ਹੈ।"[20] ਦਰਅਸਲ ਉਹ ਅੰਮ੍ਰਿਤਾ ਦੀ ਵੱਖਰਤਾ ਹੀ ਉਸਦੀ ਔਰਤ ਦੀ ਮਾਨਵੀ ਪਛਾਣ ਲਈ ਤਲਾਸ਼ ਵਿਚੋਂ ਵੇਖਦਾ ਹੈ। ਡਾ. ਪ੍ਰੇਮ ਸਿੰਘ ਨੇ ਆਪਣੀ ਪੁਸਤਕ **ਸਾਹਿਤ ਵਿਵੇਚਨ** ਵਿਚ ਉਸ ਦੇ ਕਾਵਿ ਦੇ ਇਸ ਪੱਖ ਸੰਬੰਧੀ ਲਿਖਿਆ ਹੈ :

> ਅੰਮ੍ਰਿਤਾ ਦਾ ਸਾਰਾ ਕਾਵਿ ਇਸਤ੍ਰੀ ਦੀਆਂ ਮਨੋਗਤ ਰੇਖਾਵਾਂ ਨਾਲ ਲਕੀਰਿਆ ਹੋਇਆ ਹੈ। ਉਸ ਦੇ ਅੰਤਹਕਰਣ ਦਾ ਹਰ ਰੰਗ ਏਥੇ ਝਲਕਦਾ ਹੈ। ਸਿੰਗਾਰ ਰੱਤੀ ਨਾਇਕਾ, ਬ੍ਰਿਹੋਂ-ਪੀੜਿਤ ਕਾਮਨੀ...ਸਨੇਹ ਸੂਰਤ ਪਰਕੀਯ ਵੰਨ ਸੁਵੰਨੇ ਹਿਰਦੇ ਤਸਵੀਰੇ ਹਨ। ਅੰਮ੍ਰਿਤਾ ਦੇ ਸਮਸਤ ਕਾਵਿ ਅਧਿਐਨ ਤੋਂ ਪਤਾ ਚਲਦਾ ਹੈ ਕਿ ਕਵਿਤ੍ਰੀ ਨੇ ਹਰ ਅੰਦਾਜ਼ ਵਿਚ ਨਾਰੀ-ਭਾਵਨਾ ਦਾ ਅਨੁਭਵ ਕੀਤਾ ਹੈ ਅਤੇ ਉਸ ਦੇ ਹਰ ਸੁਰ ਵਿਚ ਨਾਰੀ ਦਾ ਸਵਰ ਗੂੰਜਦਾ ਹੈ। ਸੱਚਮੁੱਚ ਅੰਮ੍ਰਿਤਾ ਇਸਤ੍ਰੀ ਦੀ ਸੱਚੀ ਤਰਜਮਾਨ ਤੇ ਇਸਤਰੀਅਤ ਦੀ ਸੁਖੜ ਰੇਖਾਕਾਰ ਹੈ।[21]

ਪ੍ਰੇਮ ਪ੍ਰਕਾਸ਼ ਸਿੰਘ ਨੇ ਭਾਰਤੀ ਚਿੰਤਨ ਪ੍ਰਤਿ ਆਪਣੀ ਸਮਝ ਦੇ ਆਧਾਰ ਉੱਪਰ ਅੰਮ੍ਰਿਤਾ ਪ੍ਰੀਤਮ ਕਾਵਿ ਵਿਚੋਂ ਨਾਰੀ ਦੇ ਅੰਤਹਕਰਣ ਦੀਆਂ ਵਿਭਿੰਨ ਰੇਖਾਵਾਂ ਨੂੰ ਪਛਾਣਨ ਦਾ ਯਤਨ ਕੀਤਾ ਹੈ। ਪੰਜਾਬੀ ਸਾਹਿਤ ਦੇ ਪ੍ਰਸਿੱਧ ਰੂਸੀ ਵਿਦਵਾਨ ਆਈ. ਸੇਰੇਬਰੀਆਕੋਵ ਨੇ ਉਸ ਦੀ ਕਵਿਤਾ ਵਿਚਲੇ ਇਸ ਪੱਖ ਭਾਵ ਨਾਰੀ ਸੰਵੇਦਨਾ ਨੂੰ ਇਕ ਪ੍ਰਮੁੱਖ ਵਿਸ਼ੇ ਵਜੋਂ ਮਹੱਤਵ ਦੇਂਦੇ ਹੋਏ ਲਿਖਿਆ ਹੈ ਕਿ :

> ਪ੍ਰਾਚੀਨ ਭਾਰਤ ਵਿਚ ਇਸਤਰੀ ਨੂੰ ਅਸਹਿ ਅਤਿਆਚਾਰ ਸਹਿਣੇ ਪੈਂਦੇ ਸਨ। ਔਰਤ ਦੀ ਹੋਣੀ ਤੋਂ ਪਤਾ ਲਗਦਾ ਹੈ ਕਿ ਦੇਸ਼ ਵਿਚ ਕਿਵੇਂ ਕਈ ਪ੍ਰਕਾਰ ਦੀਆਂ ਵਿਰੋਧਤਾਵਾਂ ਇਕੋ ਥਾਂ ਕੇਂਦ੍ਰਿਤ ਹੋਈਆਂ ਪਈਆਂ ਹਨ, ਇਸੇ ਅਵਸਥਾ ਵਿਚੋਂ ਉਸ ਦੀ ਕਵਿਤਾ ਦਾ ਡੂੰਘਾ ਮਨੁਖਵਾਦ ਜਨਮ ਲੈਂਦਾ ਹੈ।[22]

ਮਰਦ ਪ੍ਰਧਾਨ ਨਿਜ਼ਾਮ ਵਿਚ ਔਰਤ ਦੀ ਸਮਾਜਕ-ਇਤਿਹਾਸਕ ਸਥਿਤੀ ਦੇ ਸੰਦਰਭ ਵਿਚ ਹੀ ਡਾ. ਕਰਮਜੀਤ ਸਿੰਘ ਨੇ ਉਸ ਦੀ ਪ੍ਰਾਪਤੀ ਨੂੰ ਉਸ ਦੀ ਕਲਾਤਮਕ ਸਮਰਥਾ ਜੋੜ ਕੇ ਬਿਆਨ ਕੀਤਾ ਹੈ :

> (ਅੰਮ੍ਰਿਤਾ ਪ੍ਰੀਤਮ) ਨੇ ਮਹਾਜਨੀ ਰੁਚੀਆਂ ਵਾਲੇ ਅਜੋਕੇ ਸਮਾਜਕ ਜੀਵਨ ਦੇ ਮਨੁੱਖੀ ਰਿਸ਼ਤਿਆਂ ਵਿਚ ਵਿਆਪਕ ਆਰਥਿਕ ਤਾਣੇ ਬਾਣੇ ਦੀ ਅਸਲੀਅਤ ਨੂੰ ਏਨੇ ਨੰਗੇ ਰੂਪ ਵਿਚ ਪ੍ਰਗਟ ਕੀਤਾ ਹੈ ਕਿ ਇਸ ਦੇ ਰੂਬਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਨਵੀ ਰਿਸ਼ਤਿਆਂ ਵਿਚ ਯਕੀਨ ਰੱਖ ਸਕਣਾ ਹੀ ਕਠਨ ਹੋ ਗਿਆ ਹੈ। ਅੰਮ੍ਰਿਤਾ ਪ੍ਰੀਤਮ ਦੀ ਰਚਨਾਤਮਕ ਅੰਤਰ ਦ੍ਰਿਸ਼ਟੀ ਨੇ ਰਿਸ਼ਤਿਆਂ ਦੇ ਆਰਥਿਕ ਤਾਣੇ-ਬਾਣੇ ਦੇ ਸੰਦਰਭ ਨੂੰ ਇਸਤਰੀ ਪੁਰਖ ਦੇ ਵਿਸ਼ੇਸ਼ ਸਾਂਸਕ੍ਰਿਤਕ ਸੰਬੰਧ ਉਤੇ ਲਾਗੂ ਕਰਕੇ ਇਸ ਸੰਬੰਧ ਦੇ ਯਥਾਰਥ ਨੂੰ ਤੀਬਰ ਵਿਅੰਗ ਤੇ ਕਾਵਿਕ ਬਿੰਬ ਵਿਚ ਰੂਪਾਂਤ੍ਰਿਤ ਕੀਤਾ ਹੈ।[23]

ਲੰਮੇ ਵਕਫ਼ੇ ਵਿਚ ਫੈਲੀ ਅੰਮ੍ਰਿਤਾ-ਕਾਵਿ ਸੰਬੰਧੀ ਸਮੀਖਿਆ ਵਿਚ ਬਿਨਾ ਸ਼ੱਕ ਉਸ ਦੀ ਕਵਿਤਾ ਦੇ ਥੀਮਿਕ ਪਾਸਾਰਾਂ ਦੀ ਵੀ ਪਛਾਣ ਹੋਈ ਹੈ, ਉਸ ਦੀ ਕਲਾਤਮਕ ਸਮਰਥਾ ਬਾਰੇ ਵੀ ਜ਼ਿਕਰ ਛਿੜਿਆ ਹੈ, ਉਸ ਦੀ ਕਵਿਤਾ ਦੇ ਵਿਲੱਖਣ ਸੁਹਜ ਨੂੰ ਅਭਿ-ਵਿਅਕਤ ਕਰਨ ਵਾਲੀਆਂ ਰੀਤੀਆਂ ਦੀ ਗੱਲ ਵੀ ਤੁਰੀ ਹੈ ਅਤੇ ਉਸ ਦੇ ਕਾਵਿ ਦੀ ਸਮਾਜਕ ਸਾਰਥਕਤਾ ਬਾਰੇ ਵੀ ਵਿਚਾਰ-ਚਰਚਾ ਹੋਈ ਹੈ ਪਰ ਐਸਾ ਅਧਿਐਨ ਨਾ ਹੋਣ ਦੇ ਹੀ ਬਰਾਬਰ ਹੈ ਜਿਸ ਵਿਚ ਉਸ ਦੀ ਕਵਿਤਾ ਦੇ ਪ੍ਰਮੁੱਖ ਵਿਸ਼ੇ ਅਰਥਾਤ ਨਾਰੀ ਸੰਵੇਦਨਾ ਸੰਬੰਧੀ ਗੰਭੀਰ ਤੇ ਵਿਸਤਾਰ ਪੂਰਵਕ ਚਰਚਾ ਹੋਈ ਹੋਵੇ। ਬਹੁਤੀਆਂ ਟਿੱਪਣੀਆਂ ਜਾਂ ਤਾਂ ਪ੍ਰਸੰਸਾ ਵਿਚ ਗੁਆਚ ਜਾਂਦੀਆਂ ਹਨ ਜਾਂ ਉਸ ਦੀ ਸ਼ਖਸੀਅਤ ਬਾਰੇ ਟਿੱਪਣੀ ਤਕ ਸੀਮਿਤ ਰਹਿੰਦੀਆਂ ਹਨ ਅਤੇ ਜਾਂ ਫਿਰ ਉਸ ਦੇ ਕਾਵਿ ਵਿਚ ਚਿਤਰੀ ਗਈ ਨਾਰੀ ਦੀ ਸੰਵੇਦਨਾ ਵੱਲ ਸੰਕੇਤ ਮਾਤਰ ਕਰਦੀਆਂ ਹਨ। ਟਿੱਪਣੀ ਦੀ ਪੱਧਰ ਉਪਰ ਗੱਲ ਕਰਨ ਵਾਲੇ ਵਿਦ-ਵਾਨ ਇਕ ਦੋ ਫਿਕਰਿਆਂ ਵਿਚ ਆਪਣੀ ਗੱਲ ਨਿਬੇੜ ਕੇ ਟੂਕਾਂ ਪ੍ਰਸਤੁਤ ਕਰਨ ਦੀ ਕਾਹਲ ਦਾ ਸ਼ਿਕਾਰ ਹੋ ਜਾਂਦੇ ਹਨ। ਕੁਝ ਵਿਦਵਾਨਾਂ ਨੇ ਉਸ ਦੀ ਕਵਿਤਾ ਦੇ ਇਸ ਪੱਖ ਨੂੰ ਸਮਾਜਕ ਇਤਿਹਾਸਕ ਸਥਿਤੀ ਤੇ ਮਰਦ-ਪ੍ਰਧਾਨ ਸਮਾਜ ਦੇ ਪ੍ਰਸੰਗ ਵਿਚ ਪਛਾਣਿਆ ਹੈ। ਇਸ ਸੰਬੰਧ ਵਿਚ ਪ੍ਰਮੁੱਖ ਨਾਂ ਡਾ. ਅਤਰ ਸਿੰਘ, ਆਈ. ਸੇਰੇਬਰੀਆਕੋਵ ਅਤੇ ਡਾ. ਕਰਮਜੀਤ ਸਿੰਘ ਦੇ ਹਨ। ਇਨ੍ਹਾਂ ਵਿਦਵਾਨਾਂ ਵਲੋਂ ਅੰਮ੍ਰਿਤਾ ਦੀ ਕਵਿਤਾ ਦੀ ਇਸ ਉਭਰਵੀਂ ਸੁਰ ਦੀ ਗੱਲ ਵੀ ਹੋਈ ਹੈ ਅਤੇ ਔਰਤ ਦੀ ਵਰਤਮਾਨ ਤ੍ਰਾਸਦੀ ਪਿਛੇ ਕੰਮ ਕਰਦੇ ਪ੍ਰਬੰਧ ਦੀ ਵਿਸ਼ੇਸ਼ਤਾ ਨੂੰ ਵੀ ਪਛਾਣਿਆ ਗਿਆ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਭਾਰਤੀ ਚਿੰਤਨ ਦੀ ਮਦਦ ਨਾਲ ਉਸ ਦੇ ਕਾਵਿ ਵਿਚੋਂ ਉਭਰਦੀ ਨਾਇਕਾ ਦੇ ਨਕਸ਼ਾਂ ਨੂੰ ਪਛਾਣਿਆ ਹੈ। ਕਹਿਣ ਦੀ ਜ਼ਰੂਰਤ ਨਹੀਂ ਕਿ ਅੰਮ੍ਰਿਤਾ ਪ੍ਰੀਤਮ-ਕਾਵਿ ਦੇ ਇਸ ਪੱਖ ਸੰਬੰਧੀ ਹੋਇਆ ਬਹੁਤਾ ਕਾਰਜ ਟਿੱਪਣੀਆਂ ਦੀ ਪੱਧਰ ਤੇ ਹੀ ਵਿਚਰਦਾ ਹੈ। ਇਸ ਕਾਰਜ ਦੀ ਪ੍ਰਕਿਰਤੀ ਸੰਖੇਪ ਵੀ ਹੈ ਅਤੇ ਵਿਸ਼ਲੇਸ਼ਣ ਰਹਿਤ ਵੀ। ਇਨ੍ਹਾਂ ਇਸ਼ਾਰਿਆਂ ਨੂੰ ਅਜੇ ਵਿਸ਼ਲੇਸ਼ਣ ਮੁੱਲਾਂਕਣ ਦੇ ਰੁਖ ਫੈਲਾਉਣ ਦੀ ਜ਼ਰੂਰਤ ਹੈ ਅਤੇ ਉਸੇ ਦਿਸ਼ਾ ਵੱਲ ਹੀ ਹਥਲਾ ਯਤਨ ਕਾਰਜਸ਼ੀਲ ਹੈ। ਅਸੀਂ ਅੰਮ੍ਰਿਤਾ ਦੇ ਕਾਵਿ ਵਿਚੋਂ ਨਾਰੀ-ਸੰਵੇਦਨਾ ਦੇ ਵਿਭਿੰਨ ਪਾਸਾਰਾਂ ਨੂੰ ਪਛਾਨਣ ਲਈ ਕੁਝ ਪ੍ਰਸ਼ਨਾਂ ਦਾ ਸਹਾਰਾ ਲੈ ਰਹੇ ਹਾਂ ਜਿਵੇਂ : ਉਹ ਨਾਰੀ ਦੇ ਬਾਲ ਬਿੰਬ ਨੂੰ ਕਿਵੇਂ ਚਿਤਰਦੀ ਹੈ ? ਜੀਵਨ ਜ਼ਜ਼ਬਿਆਂ ਨੂੰ ਅਤੇ ਵਿਆਹੁਤਾ ਜੀਵਨ ਨੂੰ ਉਸ ਦੇ ਕਾਵਿ ਵਿਚ ਕਿਸ ਤਰ੍ਹਾਂ ਦਾ ਪ੍ਰਗਟਾਵਾ ਮਿਲਿਆ ਹੈ ? ਸਾਡਾ ਸਮਾਜਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਰਥਿਕ ਪਿਛੱਕੜ ਨਾਰੀ ਨੂੰ ਕਿਸ ਪ੍ਰਕਾਰ ਦਾ ਜੀਵਨ ਬਖ਼ਸ਼ਦਾ ਹੈ ? ਮਰਦ-ਪ੍ਰਧਾਨ ਸਮਾਜ ਵਿਚ ਨਾਰੀ ਨੂੰ ਕਿਸ ਪ੍ਰਕਾਰ ਦੇ ਵਿਤਕਰਿਆਂ ਤੇ ਵਧੀਕੀਆਂ ਨਾਲ ਦੋ ਚਾਰ ਹੋਣਾ ਪੈਂਦਾ ਹੈ ? ਆਪਣੇ ਆਲੇ ਦੀ ਅਨੁਚਿਤ ਦਖਲ ਅੰਦਾਜ਼ੀ ਜਾਂ ਰਾਜਨੀਤਕ ਉਥਲ ਪੁੱਥਲ ਸਦਕਾ ਉਹ ਕਿਸ ਪ੍ਰਕਾਰ ਦੇ ਮਾਨਸਿਕ ਸੰਕਟ ਦਾ ਸ਼ਿਕਾਰ ਹੁੰਦਾ ਹੈ ? ਰਾਜਨੀਤਕ ਮਨੋਰਥਾਂ ਸਦਕਾ ਪਾਈਆਂ ਜਾਂਦੀਆਂ ਵੰਡੀਆਂ ਕਰਕੇ ਉਹ ਨਾਰੀ ਹੋਣ ਦੇ ਨਾਤੇ ਕਿਸ ਪ੍ਰਕਾਰ ਦੇ ਤਨਾਉ ਵਿਚੋਂ ਗੁਜ਼ਰਦੀ ਹੈ ? ਆਦਿ ।

ਜਿਵੇਂ ਕਿ ਪਹਿਲਾਂ ਵੀ ਜ਼ਿਕਰ ਆਇਆ ਹੈ ਕਿ ਅੰਮ੍ਰਿਤਾ ਪ੍ਰੀਤਮ ਸਾਡੀ ਪਹਿਲੀ ਐਸੀ ਨਾਰੀ-ਕਵੀ ਹੈ ਜਿਸ ਨੇ ਨਾਰੀ ਦੇ ਜੀਵਨ ਦੇ ਵਿਭਿੰਨ ਪਾਸਾਰਾਂ, ਸਮਾਜਕ ਸਥਿਤੀ ਤੇ ਮਨੋਦਸ਼ਾ ਨੂੰ ਚਿਤਰਨ ਦਾ ਯਤਨ ਕੀਤਾ ਹੈ। ਉਂਜ ਤਾਂ ਉਹ ਮਨੋਸਥਿਤੀ ਤੋਂ ਲੈ ਕੇ ਸਮੁੱਚੇ ਇਤਿਹਾਸਕ ਵਰਤਾਰੇ ਨੂੰ ਨਾਰੀ ਦੇ ਪਰਿਪੇਖ ਤੋਂ ਹੀ ਪ੍ਰਸਤੁਤ ਕਰਦੀ ਹੈ ਪਰ ਏਥੇ ਅਸੀਂ ਸਿਰਫ ਉਨ੍ਹਾਂ ਪਾਸਾਰਾਂ ਨੂੰ ਛੋਹਣ ਦਾ ਯਤਨ ਕਰਾਂਗੇ ਜਿਹੜੇ ਸਿੱਧੇ ਰੂਪ ਵਿਚ ਨਾਰੀ ਦੇ ਭਾਵਾਤਮਕ ਤੇ ਸਮਾਜਕ ਯਥਾਰਥ ਦੀ ਅਭਿਵਿਅਕਤੀ ਨਾਲ ਸੰਬੰਧਿਤ ਹਨ। ਉਸ ਦੀ ਕਵਿਤਾ ਵਿਚ ਨਾਰੀ ਦੀਆਂ ਬਚਪਨ ਦੀਆਂ ਭਾਵਨਾਵਾਂ ਤੇ ਕਾਰਜਾਂ ਨੂੰ ਪ੍ਰਗਟਾਵਾ ਤਾਂ ਮਿਲਿਆ ਹੈ ਪਰ ਇਨ੍ਹਾਂ ਕਵਿਤਾਵਾਂ ਵਿਚ ਉਸ ਨਾਲ ਹੁੰਦੇ ਵਿਤਕਰੇ ਜਾਂ ਭੇਦ ਭਾਵ ਦੀ ਪਛਾਣ ਗਾਇਬ ਹੈ। ਇਕ ਨਾਰੀ ਦੀਆਂ ਭਾਵਨਾਵਾਂ ਨੂੰ ਸਾਡੀਆਂ ਤੰਗ ਤੇ ਸੌੜੀਆਂ ਕੀਮਤਾਂ ਦੇ ਪ੍ਰਸੰਗ ਵਿਚ ਪਕੜਣ ਤੇ ਪੇਸ਼ ਕਰਨ ਦੀ ਬਜਾਏ ਉਹ ਉਸਦੇ ਬਚਪਨ ਨੂੰ ਨਿਰਪੇਖ ਰੂਪ ਵਿਚ ਪੇਸ਼ ਕਰਦੀ ਹੋਈ ਉਸ ਨੂੰ ਮਾਂ ਤੇ ਦਾਦੀ ਦੇ ਪਿਆਰ ਨਾਲ ਭਰਪੂਰ, ਖੇਡਣ ਮੱਲ੍ਹਣ ਵਾਲਾ ਅਤੇ ਸ਼ਰਾਰਤੀ ਆਦਿ ਦਸਦੀ ਹੈ। ਅਜਿਹੀਆਂ ਕਵਿਤਾਵਾਂ ਉਸ ਦੇ ਮੁੱਢਲੇ ਕਾਵਿ ਸੰਗ੍ਰਹਿਆਂ ਜਿਵੇਂ **ਤ੍ਰੇਲ ਧੋਤੇ ਫੁੱਲ**, **ਜੀਊਂਦਾ ਜੀਵਨ** ਅਤੇ **ਬੱਦਲਾਂ ਦੇ ਪੱਲੇ ਵਿਚ** ਵਿਚ ਕਾਫ਼ੀ ਮਾਤਰਾ ਵਿਚ ਮੌਜੂਦ ਹਨ। ਮਿਸਾਲ ਵਜੋਂ :

ੳ. ਜਿੱਥੇ ਖੇਹਨੂੰ ਗੀਟੇ ਖੇਡ ਖੇਡ, ਬੇਫ਼ਿਕਰੀ ਚੱਦਰ ਤਾਣੀ ਸੀ।
ਪਿੱਪਲ ਦੀਆਂ ਪੀਂਘਾਂ ਝੂਟ ਝੂਟ, ਜਿਥੇ ਚੜ੍ਹੀ ਅਖ਼ੀਰ ਜਵਾਨੀ ਸੀ।
ਜਿਥੇ ਸਈਆਂ ਭੋਰੇ ਬੈਠ ਬੈਠ ਕੇ, ਗਾਂਦਿਆਂ ਰਾਤ ਲੰਘਾਣੀ ਨੀ।
ਲੋਹੜੇ ਦੀ ਘੂਕਰ ਚਰਖੀ ਦੀ, ਲੋਹੜੇ ਦੀ ਚੜ੍ਹੀ ਜਵਾਨੀ ਨੀ।[24]

ਅ. ਉਹ ਸੰਝ ਦਾ ਪੈਣਾ ਨੀ, ਅਸਾਂ ਕੱਠੇ ਹੋਣਾ ਨੀ।
ਦਾਦੀ ਦੇ ਮੰਜੇ ਦੇ, ਚੌਗਿਰਦੇ ਭੌਣਾ ਨੀ।
ਉਹਨੂੰ ਨੀਂਦਰ ਆਉਣੀ ਨੀ, ਅਸਾਂ ਖੱਪ ਮਚਾਉਂਦੀ ਨੀ।
ਉਸ ਚੁੱਪ ਕਰਾਉਣਾ ਨੀ, ਨੀ ਅਸਾਂ ਰੌਲਾ ਪਾਣਾ ਨੀ।
ਉਹਦੀ ਨਾਂਹ ਨਾ ਮੁਕਣੀ ਨੀ, ਅਸਾਂ ਆਖਰ ਚੁੱਕਣੀ ਨੀ।
ਤੇ ਆਖਰ ਦਾਦੀ ਤੋਂ, ਅਸਾਂ ਹਾਰ ਮਨਾਣੀ ਨੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਥੋੜ੍ਹਾ ਜਿਹਾ ਰੁੱਸ ਕੇ ਤੇ, ਥੋੜ੍ਹਾ ਜਿਹਾ ਹੱਸ ਕੇ ਤੇ ।
ਉਸ ਬਾਤ ਸੁਣਾਉਣੀ ਨੀ, ਕੋਈ ਕਹਾਣੀ ਪਾਉਣੀ ਨੀ ।[25]

"ਤ੍ਰਿੰਜਣ" ਕਵਿਤਾ ਵਿਚ ਉਹ ਲਿਖਦੀ ਹੈ :

ਸਭੋ ਸਹੇਲੀਆਂ ਬਣ ਬਣ ਆਈਆਂ
ਸਜਰੇ ਸਿਰ ਗੁੰਦਾ
ਇਕ ਹੱਥ ਚਰਖਾ ਇਕ ਹੱਥ ਪੱਛੀ
ਏਸ ਤ੍ਰਿੰਜਣ ਦੇ ਚਾਅ
ਕਿਸੇ ਨੇ ਪਾਇਆ ਕੋਰਾ ਝੱਗਾ
ਨਿੱਕੀ ਨਿੱਕੀ ਬੂਟੀ ਦਾ
ਕਿਸੇ ਨੇ ਸਿਰ ਤੇ ਲੀੜਾ ਲੀਤਾ
ਮਹੀਨ ਡੋਰੀਏ ਦਾ
ਅੱਖੀ ਕੱਜਲਾ ਬੁਲ੍ਹ ਦੰਦਾਸਾ
ਹੱਥੀਂ ਮਹਿੰਦੀ ਲਾ
ਬਣ ਬਣ ਪਈਆਂ ਪੌਣ
ਬਲੌਰੀ ਗੱਜਰੇ ਹੱਥ ਚੜ੍ਹਾ
ਚਿੱਟੇ ਪੱਟ ਦਾ ਮੋਤੀਆ
ਤੇ ਸਾਵੀਆਂ ਡੰਡੀਆਂ ਪਾ
... .
ਨਿੱਤ ਨਿੱਤ ਵਗਦੇ ਰਹਿਣਗੇ ਪਾਣੀ
ਨਿੱਤ ਪੱਤਣ ਤੇ ਮੇਲਾ
ਬਚਪਨ ਨਿੱਤ ਜਵਾਨੀ ਬਣਦਾ
ਨਿੱਤ ਕੱਤਣ ਦਾ ਵੇਲਾ
ਜੋ ਪਾਣੀ ਅੱਜ ਪੱਤਣੋਂ ਲੰਘੇ
ਫੇਰ ਨਾ ਆਵੇ ਭਲਕੇ
ਬੇੜੀ ਦਾ ਪੂਰ ਤ੍ਰਿੰਜਣ ਦੀਆਂ ਕੁੜੀਆਂ
ਫੇਰ ਨਾ ਬੈਠਣ ਰਲਕੇ ।[26]

ਅਜੇਹੀਆਂ ਕਵਿਤਾਵਾਂ ਅੰਮ੍ਰਿਤਾ-ਕਾਵਿ ਦੀ ਮੁੱਢਲੇ ਸਾਲਾਂ ਦੀ ਕਵਿਤਾ ਵਿਚ ਚੋਖੀ ਮਾਤਰਾ ਵਿਚ ਮੌਜੂਦ ਹਨ। ਇਨ੍ਹਾਂ ਕਵਿਤਾਵਾਂ ਵਿਚ ਨਾਰੀ ਦੇ ਬਾਲ-ਜੀਵਨ ਦੇ ਦ੍ਰਿਸ਼ ਤਾਂ ਹਨ ਪਰ ਉਨ੍ਹਾਂ ਅੰਦਰ ਨਾਰੀ-ਸੰਵੇਦਨਾ ਦੀ ਪਛਾਣ ਕਰਨ ਵਾਲੀ ਦ੍ਰਿਸ਼ਟੀ ਦੀ ਅਣਹੋਂਦ ਹੈ। ਇਨ੍ਹਾਂ ਕਵਿਤਾਵਾਂ ਵਿਚ ਬੇਫਿਕਰੀ, ਸਹੇਲੀਆਂ ਦੇ ਮੇਲ ਅਤੇ ਉਨ੍ਹਾ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਛੜਣ ਦਾ ਹੇਰਵਾ ਤਾਂ ਹੈ ਪਰ ਇਹ ਸਭ ਕੁਝ ਸਾਡੇ ਸਭਿਆਚਾਰ ਦੇ ਧੁਰ ਡੂੰਘ, ਜਿਸ ਵਿਚ ਨਾਰੀ ਪ੍ਰਤਿ ਅਸੁਖਾਵੀਆਂ ਤੇ ਅਸੰਤੁਲਿਤ ਕਦਰਾਂ ਕੀਮਤਾਂ ਹਨ, ਤਕ ਨਹੀਂ ਅਪੜਦਾ। ਇਸ ਲਈ ਕਈ ਵਾਰ ਇਹ ਕਵਿਤਾਵਾਂ ਲੇਖਿਕਾ ਦੇ ਨਿੱਜ ਤੋਂ ਪਾਰ ਫੈਲ ਕੇ ਪਰ ਤਕ ਅਪੜਦੀਆਂ ਪ੍ਰਤੀਤ ਨਹੀਂ ਹੁੰਦੀਆਂ। ਜਿਥੇ ਕਿਧਰੇ ਉਹ ਸਦੀਵੀ ਜੀਵਨ ਮੁੱਲਾਂ (ਜਿਵੇਂ ਜੋ ਪਾਣੀ ਅੱਜ ਪੱਤਣੋਂ ਲੰਘੇ ਫੇਰ ਨਾ ਆਵੇ ਭਲਕੇ/ਬੇੜੀਆਂ ਦਾ ਪੂਰ ਤ੍ਰਿੰਜਣ ਦੀਆਂ ਕੁੜੀਆਂ ਫੇਰ ਨਾ ਬੈਠਣ ਰਲ ਕੇ) ਨਾਲ ਨਾਤਾ ਜੋੜ ਕੇ ਕਿਸੇ ਸਾਂਝੀ ਹੂਕ ਨੂੰ ਪੇਸ਼ ਕਰਦੀ ਵੀ ਹੈ ਉੱਥੇ ਵੀ ਸਮਕਾਲ ਉਸ ਵਿਚੋਂ ਗੈਰ ਹਾਜ਼ਰ ਹੋ ਜਾਂਦਾ ਹੈ। ਇਨ੍ਹਾਂ ਕਵਿਤਾਵਾਂ ਵਿਚ ਜਾਂ ਤਾਂ ਜੀਵਨ ਦੇ ਇਸ ਵਿਸ਼ੇਸ਼ ਬਿੰਦੂ ਦੇ ਵੰਨ ਸੁਵੰਨੇ ਤੇ ਰੰਗ ਬਰੰਗੇ ਬਿੰਬ ਹਨ ਅਤੇ ਜਾਂ ਸਦੀਵੀ ਜੀਵਨ-ਮੁੱਲਾਂ ਨੂੰ ਪਕੜਨ ਲਈ ਹੂਕ ਪਰ ਇਨ੍ਹਾਂ ਦੋਹਾਂ ਵਿਚੋਂ ਵਾਤਾਵਰਣ ਵਿਚਲੀ ਉਹ ਘੁਟਣ, ਬੇਬਸੀ, ਭੇਦਵਾਵ ਅਤੇ ਮਜਬੂਰੀ ਨਹੀਂ ਲਭਦੀ ਜਿਹੜੀ ਨਾਰੀ ਦੇ ਚੌਗਿਰਦੇ ਵਿਚ ਪਸਰੀ ਹੋਈ ਹੈ। ਜਦੋਂ ਉਹ ਇਕ ਪਾਸੇ "ਵਸਦਾ ਰਹੇ ਮੇਰੀ ਅਮੜੀ ਦਾ ਵਿਹੜਾ ਜਿੱਥੇ ਪਿੱਪਲਾਂ ਦੀ ਸੰਘਣੀ ਛਾਂ/ਸੱਠ ਸਹੇਲੀਆਂ ਦਾ ਜੋੜ ਤ੍ਰਿੰਝਣ ਮੈਂ ਆਂਗਣ ਚਰਖਾ ਡਾਹ" ਅਤੇ ਦੂਜੇ ਪਾਸੇ ਵਿਆਹੁਤਾ ਜੀਵਨ ਨੂੰ ਸੰਕਟਮਈ ਤੇ ਦੁੱਖਾਂ ਭਰਪੂਰ ਆਖਦੀ ਹੈ ਤਾਂ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਸੰਕਟ ਦਾ ਮੂਲ ਕਾਰਣ ਸਿਰਫ ਵਿਆਹੁਤਾ ਜੀਵਨ ਹੀ ਹੈ। ਹਾਲਾਂ ਕਿ ਸਰਮਾਏਦਾਰੀ ਜੀਵਨ-ਮੁੱਲਾਂ ਦੀ ਸੂਝ ਸਾਨੂੰ ਇਹ ਦਸਦੀ ਹੈ ਕਿ ਨਾਰੀ ਨਾਲ ਅਨਿਆ ਤੇ ਸ਼ੋਸ਼ਣ ਦਾ ਆਰੰਭ ਉਸ ਦੇ ਜੰਮਣ ਤੋਂ ਵੀ ਪਹਿਲਾਂ ਹੋ ਜਾਂਦਾ ਹੈ ਅਤੇ ਮੁੱਢਲੀ ਅਵਸਥਾ ਵਿਚ ਮਾਂ-ਪਿਉ ਵੀ ਉਸ ਦੇ ਸ਼ੋਸ਼ਣ ਦੇ ਭਾਈਵਾਲ ਹੁੰਦੇ ਹਨ। ਇੱਥੇ ਦੋਸ਼ ਕਿਸੇ ਕੱਲੇ-ਕਾਰੇ ਪਰਿਵਾਰ ਦਾ ਨਹੀਂ ਬਲਕਿ ਉਸ ਸਮੂਹਕ ਅਵਚੇਤਨ ਤੇ ਆਲੇ ਦੁਆਲੇ ਦਾ ਹੁੰਦਾ ਹੈ ਜਿਹੜਾ ਅਚੇਤ ਜਾਂ ਸੁਚੇਤ ਪੱਧਰ ਉੱਪਰ ਉਨ੍ਹਾਂ ਦੇ ਉਸ ਵਿਹਾਰ ਨੂੰ ਜਨਮ ਦੇਂਦਾ ਹੈ। ਅੰਮ੍ਰਿਤਾ ਦੀ ਆਰੰਭਲੇ ਦੌਰ ਦੀ ਕਵਿਤਾ ਇਸ ਸੂਝ ਤੋਂ ਵਿਰਵੀ ਉਸ ਵਕਤ ਪ੍ਰਤੀਤ ਹੁੰਦੀ ਹੈ ਜਦੋਂ ਉਹ ਵੰਨ-ਸੁਵੰਨੇ ਦ੍ਰਿਸ਼ਾਂ ਨੂੰ ਪ੍ਰਸਤੁਤ ਤਾਂ ਕਰਦੀ ਹੈ ਪਰ ਉਨ੍ਹਾਂ ਵਿਚੋਂ ਉਪਰੋਕਤ ਦ੍ਰਿਸ਼ਟੀ ਨਹੀਂ ਲੱਭਦੀ। ਇਸ ਦ੍ਰਿਸ਼ਟੀ ਦੀ ਟੋਹ ਸਾਨੂੰ ਦੋ ਇਸਤਰੀ ਲੇਖਿਕਾਵਾਂ ਅਜੀਤ ਕੌਰ ਤੇ ਦਲੀਪ ਕੌਰ ਟਿਵਾਣਾ ਦੀਆਂ ਸ੍ਵੈ-ਜੀਵਨੀਆਂ **ਖਾਨਾ ਬਦੋਸ਼** ਅਤੇ **ਨੰਗੇ ਪੈਰਾਂ ਦਾ ਸਫ਼ਰ** ਵਿਚੋਂ ਵੱਖ ਵੱਖ ਘਟਨਾਵਾਂ ਰਾਹੀਂ ਆਵੱਸ਼ ਹੀ ਪ੍ਰਾਪਤ ਹੁੰਦੀ ਹੈ।

ਅੰਮ੍ਰਿਤਾ ਪ੍ਰੀਤਮ ਆਪਣੀਆਂ ਕਾਵਿ-ਪੁਸਤਕਾਂ **ਅੰਮ੍ਰਿਤ ਲਹਿਰਾਂ, ਅਸ਼ੋਕਾ ਚੇਤੀ, ਜੀਊਂਦਾ ਜੀਵਨ, ਬੱਦਲਾਂ ਦੇ ਪੱਲੇ ਵਿਚ** ਅਤੇ **ਓ ਗੀਤਾਂ ਵਾਲਿਆ** ਆਦਿ ਵਿਚ ਥਾਂ ਪਰ ਥਾਂ ਇਸ਼ਕੀਆ ਰੰਗ ਦੀਆਂ ਕਾਵਿ ਰਚਨਾਵਾਂ ਦੀ ਸਿਰਜਣਾ ਕਰਦੀ ਹੈ। ਲੋਕ ਗੀਤਾਂ ਵਿਚ ਨਾਰੀ ਦੇ ਸਮੂਹਕ ਭਾਵਾਂ ਦੀ ਅਭਿਵਿਅਕਤੀ ਤਾਂ ਹੋਈ ਹੈ ਪਰ ਉਹ ਕਿਸੇ ਲੇਖਕ ਵਿਸ਼ੇਸ਼ ਦੀ ਰਚਨਾ ਨਹੀਂ ਪਰੰਤੂ ਅੰਮ੍ਰਿਤਾ ਪ੍ਰੀਤਮ ਆਪਣੀਆਂ ਇਨ੍ਹਾਂ ਰਚਨਾਵਾਂ ਵਿਚ ਜਵਾਨ ਨਾਰੀ ਦੇ ਜਜ਼ਬਿਆਂ ਨੂੰ ਬਿਆਨਣ ਦੀ ਦਲੇਰੀ ਕਰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਕਵਿਤਾਵਾਂ ਪ੍ਰਤੀਕ ਦੀ ਬਜਾਏ ਚਿਹਨ ਅਤੇ ਗੁੱਝੇ ਦੀ ਥਾਂ ਪ੍ਰਤੱਖ ਪੱਧਰ ਉੱਪਰ ਵਿਚਰਣ ਸਦਕਾ ਭਾਵੇਂ ਕਾਵਿਕਤਾ ਦੇ ਦ੍ਰਿਸ਼ਟੀਕੋਣ ਤੋਂ ਓਨੀਆਂ ਮਹੱਤਵਸ਼ੀਲ ਨਾ ਵੀ ਹੋਣ ਪਰ ਜਿਸ ਇਤਿਹਾਸਕ ਦੌਰ (ਭਾਵ ਵਰਤਮਾਨ ਸਦੀ ਦੇ ਚੌਥੇ ਦਹਾਕੇ ਦੇ ਅੱਧ ਤੋਂ ਲੈ ਕੇ ਪੰਜਵੇਂ ਦਹਾਕੇ ਤਕ) ਵਿਚ ਇਨ੍ਹਾਂ ਰਚਨਾਵਾਂ ਦੀ ਸਿਰਜਣਾ ਹੋਈ ਹੈ ਉਸ ਸਦਕਾ ਇਸ ਸੰਵੇਦਨਾ ਨੂੰ ਖੁਲ੍ਹੇ ਖਲਾਸੇ, ਪ੍ਰਤੱਖ, ਸਪੱਸ਼ਟ ਤੇ ਸਿੱਧੇ ਢੰਗ ਨਾਲ ਬਿਆਨਣ ਕਰਕੇ ਵਿਸ਼ੇਸ਼ ਮਹੱਤਵ ਦੀਆਂ ਧਾਰਣੀ ਹਨ। ਜਿੱਥੇ ਮੱਧਕਾਲ ਵਿਚ ਕਿੱਸਾਕਾਰ ਔਰਤ ਦੇ ਬਿਰਹੋਂ ਨੂੰ ਵੱਖ ਵੱਖ ਘਟਨਾਵਾਂ ਤੇ ਦ੍ਰਿਸ਼ਾਂ ਰਾਹੀਂ ਬਿਆਨਦੇ ਸਨ, ਉੱਥੇ ਵੀਹਵੀਂ ਸਦੀ ਦੇ ਇਸ ਚੌਥੇ ਦਹਾਕੇ ਵਿਚ ਨਾਰੀ ਪ੍ਰਤਿ ਅਣਸੁਖਾਵਾਂ ਮਾਹੌਲ ਹੋਣ ਦੇ ਬਾਵਜੂਦ ਅੰਮ੍ਰਿਤਾ ਨਾਰੀ ਦੇ ਪ੍ਰੀਤ-ਜਜ਼ਬੇ ਨੂੰ ਪੂਰੀ ਦਲੇਰੀ ਨਾਲ ਚਿਤਰਦੀ ਹੈ। ਪ੍ਰੀਤ ਪੈਣ/ਪਾਉਣ ਤੋਂ ਲੈ ਕੇ ਉਸ ਦੇ ਸਫਲ ਅਸਫਲ ਰਹਿਣ ਤਕ ਦੇ ਸਮੁੱਚੇ ਪੈਂਡੇ ਨੂੰ ਉਸ ਨੇ ਆਪਣੀਆਂ ਕਵਿਤਾਵਾਂ ਵਿਚ ਢਾਲਣ ਦਾ ਯਤਨ ਕੀਤਾ ਹੈ। ਅਜਿਹਾ ਵਰਣਨ ਦਰਅਸਲ **ਅੰਮ੍ਰਿਤ ਲਹਿਰਾਂ** ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਉਹ ਪ੍ਰੀਤ ਦੇ ਬਿਖੜੇ ਪ੍ਰੈਂਡੇ, ਮੁਸੀਬਤਾਂ, ਪ੍ਰੀਤ-ਦੁਖਾਂਤ, ਪਿਆਰੇ ਦੀ ਉਡੀਕ, ਤਾਂਘ, ਤੜਪ, ਆਸ਼ਕ ਦੇ ਦੁੱਖ ਨੂੰ ਸੁੱਖ ਵਾਂਗ ਗ੍ਰਹਿਣ ਕਰਨ ਦੀ ਪ੍ਰਵਿਰਤੀ, ਵਾਸਤਵਿਕ ਦੀ ਥਾਵੇਂ ਕਾਲਪਨਿਕ ਪੱਧਰ ਉੱਪਰ ਪ੍ਰੇਮੀ ਦਾ ਸਾਥ ਮਾਨਣ ਦੀ ਲੋਚਾ, ਪ੍ਰੇਮ ਲਈ ਲੋੜੀਂਦੀਆਂ ਕੁਰਬਾਨੀਆਂ, ਸੰਯੋਗ ਸਥਿਤੀ ਦਾ ਆਨੰਦ, ਬਿਰਹੋਂ ਦੀ ਕਸਕ, ਸਦੀਵੀ ਸੰਜੋਗ ਦੀ ਲੋਚਾ, ਇਸ਼ਕ ਵਿਚੋਂ ਬਿਰਹਾ ਸਦਕਾ ਉਤਪੰਨ ਹੁੰਦਾ ਮਾਨਸਿਕ ਤਨਾਉ ਅਤੇ ਇਕੱਲਤਾ ਆਦਿ ਨੂੰ ਵੱਖ ਵੱਖ ਕਵਿਤਾਵਾਂ ਵਿਚ ਬਿਆਨਦੀ ਹੈ। **ਅੰਮ੍ਰਿਤ ਲਹਿਰਾਂ** ਕਾਵਿ ਸੰਗ੍ਰਿਹ ਵਿਚ ਬਹੁਤ ਸਾਰੀਆਂ ਕਵਿਤਾਵਾਂ ਦੇ ਨਾਂ ਹੀ ਅਜਿਹੇ ਹਨ ਜਿਵੇਂ "ਪ੍ਰੇਮ ਦੀ ਔਖੀ ਘਾਟੀ", "ਤਾਂਘ", "ਤੜਪ" ਅਤੇ "ਉਡੀਕ" ਆਦਿ ਜਿਹੜੇ ਇਨ੍ਹਾਂ ਵਿਚਲੇ ਇਸ਼ਕੀਆ ਰੰਗ ਵੱਲ ਇਸ਼ਾਰਾ ਕਰਦੇ ਹਨ। ਇਸ਼ਕੀਆ ਰੰਗ ਵਿਚ ਰੰਗੀਆਂ ਉਸ ਦੀਆਂ ਕੁਝ ਕਵਿਤਾਵਾਂ ਦੇ ਨਮੂਨੇ ਇਸ ਪ੍ਰਕਾਰ ਹਨ :

ੳ. ਸਮਝ ਸੋਚ ਕੇ ਪ੍ਰੇਮ ਵਿਚ ਪੈਰ ਪਾਣਾ
ਏਥੇ ਮਰਨ ਤੋਂ ਮੂੰਹ ਭੁਆਈ ਦਾ ਨਹੀਂ
ਸਦਕੇ ਹੋਣਾ ਵਾਂਗ ਪਤੰਗਿਆਂ ਦੇ
ਇਕ ਪੈਰ ਵੀ ਪਿਛਾਂਹ ਹਟਾਈਦਾ ਨਹੀਂ।[27]

ਅ. ਇਸ਼ਕ ਪੁਛੇਂਦਾ ਦੱਸ ਨੀ ਜਿੰਦੇ
ਆਸ਼ਕ ਦਾ ਕੀ ਕਹਿਣਾ ?
ਜਿੰਦ ਕਹੇ ਤੇਰਾ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ।[28]

ੲ. ਸਾਨੂੰ ਤੱਕੇ ਦੁਨੀਆਂ ਜਣੀ ਖਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਨਦੀ ਬਣਾਂ, ਤੂੰ ਚੰਨ ਬਣੀ
ਮੈਂ ਨਦੀ ਬਣਾਂ ਤੈਨੂੰ ਸੱਦ ਲਵਾਂ
ਤੂੰ ਚੰਨ ਬਣੀਂ ਮੈਨੂੰ ਖਿੱਚ ਲਵੀਂ
ਤੂੰ ਰਿਸ਼ਮਾਂ ਸੁਟ ਲਮਕਾ ਦੇਵੀਂ
ਮੇਰੀ ਲਹਿਰਾਂ ਦੇ ਨਾਲ ਅੜਾ ਦੇਵੀਂ
ਕੋਈ ਕੀਕਣ ਚੰਨ ਲੁਕਾਵੇਗਾ
ਕਿੰਜ ਨਦੀ ਤੇ ਪਰਦਾ ਪਾਵੇਗਾ
ਕੋਈ ਕੀਕਣ ਚੰਨ ਨੂੰ ਢੱਕੇਗਾ
ਤੇ ਨਦੀ ਨੂੰ ਕਿੱਥੇ ਰੱਖੇਗਾ ।
ਕਦੀ ਚੰਨ ਚੜ੍ਹੇ ਵੀ ਲੁਕਦੇ ਨੇ ?
ਕਦੀ ਵਹਿਣ ਨਦੀ ਦੇ ਰੁਕਦੇ ਨੇ ?
ਫਿਰ ਵਸ ਪਾਂਗੇ ਬਣ ਕਣੀ ਕਣੀ
ਮੈਂ ਨਦੀ ਬਣਾਂ ਤੂੰ ਚੰਨ ਬਣੀ ।[29]

ਸ. ਦੋ ਨੈਣਾ ਵਾਲਾ ਜੀਵੇ
ਜਿਦ੍ਹੇ ਨੈਣ ਲੱਗਣ ਦੋ ਦੀਵੇ
ਦੀਨ ਦੁਨੀ ਮੇਰੇ ਦੋਵੇਂ ਰੌਸ਼ਨ
ਜਦੋਂ ਜਗੇ ਦੋ ਦੀਵੇ ।[30]

ਹ. ਤਿੱਖੀ ਲਗਦੀ, ਅੱਖੀ ਚੁਭਦੀ
ਤੀਰਾਂ ਵਾਂਗ, ਕਲੇਜੇ ਖੁਭਦੀ ।
ਸੀਨਾ ਕਰਦੀ ਛਾਨਣੀ, ਤੋਬਾ ਨੀ ਚੰਨ ਦੀ ਚਾਨਣੀ
ਜਿਹੜੇ ਸੀਨੇ ਲੱਗੀ ਨਹੀਂ ਊਂ
ਮਾਰ ਪ੍ਰੇਮ ਦੀ ਵੱਗੀ ਨਹੀਂ ਊਂ
ਪੀੜ ਓਨ੍ਹੇ ਕੀ ਜਾਨਣੀ, ਤੋਬਾ ਨੀ ਚੰਨ ਦੀ ਚਾਨਣੀ ।[31]

ਉਂਜ ਤਾਂ ਅੰਮ੍ਰਿਤਾ ਦੀ ਪਹਿਲੀ ਕਾਵਿ-ਪੁਸਤਕ ਤੋਂ ਲੈ ਕੇ ਹੁਣ ਤਕ ਦੀ ਰਚਨਾ ਵਿਚੋਂ ਇਸ਼ਕੀਆ ਰੰਗ ਨੂੰ ਪਛਾਣਿਆ ਜਾ ਸਕਦਾ ਹੈ। ਸਾਨੂੰ ਇਹ ਮੰਨਣ ਵਿਚ ਰਤਾ ਜਿੰਨਾ ਵੀ ਸੰਕੋਚ ਨਹੀਂ ਕਿ ਇਹ ਦਰਅਸਲ ਉਸ ਦਾ ਮਨ ਭਾਉਂਦਾ ਵਿਸ਼ਾ ਹੈ। ਧਿਆਨਯੋਗ ਗੱਲ ਤਾਂ ਇਹ ਹੈ ਕਿ ਉਸ ਦੇ ਪਹਿਲੇ ਕਾਵਿ-ਸੰਗ੍ਰਹਿਆਂ ਜਿਵੇਂ **ਠੰਡੀਆਂ ਕਿਰਣਾਂ, ਅੰਮ੍ਰਿਤ ਲਹਿਰਾਂ, ਜੀਊਂਦਾ ਜੀਵਨ, ਤ੍ਰੇਲ ਧੋਤੇ ਫੁੱਲ, ਓ ਗੀਤਾਂ ਵਾਲਿਆ, ਬੱਦਲਾਂ ਦੇ ਪੱਲੇ ਵਿਚ, ਸੰਵ ਦੀ ਲਾਲੀ, ਨਿੱਕੀ ਜਿਹੀ ਸੁਗਾਤ** ਆਦਿ ਵਿਚ ਇਸ਼ਕ ਦਾ ਇਹ ਰੰਗ ਪਰੰਪਰਿਕ ਜਿਹਾ ਹੈ। ਇਨ੍ਹਾਂ ਵਿਚਲੀਆਂ ਬਹੁਤੀਆਂ ਕਵਿਤਾਵਾਂ ਵਿਚ ਉਹ ਇਸ ਰੰਗ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਵਾਇਤੀ ਤੇ ਪਰੰਪਰਾਗਤ ਰੰਗ ਵਿਚ ਹੀ ਰੰਗ ਕੇ ਪੇਸ਼ ਕਰਦੀ ਹੈ। ਮੱਧਕਾਲੀ ਸੰਵੇਦਨਾ ਨਾਲ ਭਰਪੂਰ ਇਹ ਸਿੱਧਾ ਸਾਦਾ ਤੇ ਮੋਟਾ-ਠੁੱਲਾ ਜਿਹਾ ਬਿਆਨ ਹੈ।

ਸਪੱਸ਼ਟ ਹੈ ਕਿ ਆਪਣੀ ਕਾਵਿ-ਰਚਨਾ ਦੇ ਆਰੰਭਕ ਪੜਾਅ ਵਿਚ ਅੰਮ੍ਰਿਤਾ ਮੱਧ-ਕਾਲੀ ਪਰੰਪਰਾ ਦੀ ਹੀ ਪਿਛਲੱਗ ਰਹਿੰਦੀ ਹੈ ਪਰੰਤੂ ਜਿਉਂ ਜਿਉਂ ਉਸ ਨੂੰ ਨਾਰੀ ਦੀ ਵਿਸ਼ਾਦ ਗ੍ਰਸਤ ਅਵਸਥਾ ਦਾ ਬੋਧ ਹੁੰਦਾ ਹੈ ਤਿਉਂ ਤਿਉਂ ਉਸ ਦੀ ਸ਼ਾਇਰੀ ਨਾਰੀ-ਸੰਵੇਦਨਾ ਨਾਲ ਓਤ ਪੋਤ ਹੋਣੀ ਸ਼ੁਰੂ ਹੋ ਜਾਂਦੀ ਹੈ। ਫਿਰ ਉਹ ਸੁਚੇਤ ਪੱਧਰ ਉਪਰ ਨਾਰੀ ਦੇ ਪ੍ਰਚਲਿਤ ਤੇ ਪਰੰਪਰਾਗਤ ਬਿੰਬ ਨੂੰ ਤੋੜਦੀ ਹੋਈ ਉਸ ਦੀ ਨਿੱਗਰ ਤੇ ਭਰਵੇਂ ਰੂਪ ਵਿਚ ਆਜ਼ਾਦੀ-ਭਰਿਆ ਜੀਵਨ ਜੀਉਣ ਦੀ ਲੋਚਾ ਨੂੰ ਦ੍ਰਿੜ੍ਹ ਕਰਦੀ ਹੈ। ਪ੍ਰਚਲਿਤ ਤੇ ਪਰੰਪਰਾਗਤ ਨਾਰੀ-ਬਿੰਬ, ਜਿਸ ਉਪਰ ਜਾਗੀਰਦਾਰੀ ਵਿਚਾਰਧਾਰਾ ਦੀ ਡੂੰਘੀ ਛਾਪ ਲੱਗੀ ਹੋਈ ਹੈ, ਦੇ ਮੁਤਾਬਿਕ ਨਾਰੀ ਸੁੰਦਰਤਾ, ਪ੍ਰੇਮ ਤੇ ਸ਼ਿਸ਼ਟਾਚਾਰ ਦਾ ਸੁਮੇਲ ਮਾਤਰ ਹੈ। ਉਸ ਦੀ ਕਵਿਤਾ ਵਿਚ ਪ੍ਰਸਤੁਤ ਨਾਰੀ ਮਰਦ-ਪ੍ਰਭੁਤਾ ਵਾਲੇ ਸਮਾਜ ਵਿਚ ਤਰਸਯੋਗ ਹਾਲਤ ਵਿਚ ਵਿਚਰਦੀ ਨਜ਼ਰੀਂ ਪੈਂਦੀ ਹੈ। ਕਵਿਤਰੀ ਉਸ ਦੀ ਇਸ ਨਿਮਾਣੀ-ਨਿਤਾਣੀ ਤੇ ਤਰਸਯੋਗ ਹਾਲਤ ਪ੍ਰਤਿ ਡੂੰਘੀ ਵੇਦਨਾ ਨੂੰ ਜਗਾਉਂਦੀ ਹੈ। ਦਰਅਸਲ ਉਹ ਪਹਿਲੀ ਵਾਰ ਅਜਿਹੇ ਚਿੰਤਨ-ਮਾਡਲਾਂ ਦੀ ਪਛਾਣ ਕਰਕੇ ਉਨ੍ਹਾਂ ਦਾ ਤਿੱਖਾ ਵਿਰੋਧ ਕਰਦੀ ਹੈ ਜਿਨ੍ਹਾਂ ਉਪਰ ਪੁਰਖ-ਪ੍ਰਭੁਤਾ ਦੀ ਗਹਿਰੀ ਛਾਪ ਲੱਗੀ ਹੋਈ ਹੈ। ਇਸ ਤਰ੍ਹਾਂ ਉਹ ਪਹਿਲੀ ਵਾਰ ਜਗੀਰੂ ਕੀਮਤਾਂ ਵਾਲੇ ਸਭਿਆਚਾਰ ਤੇ ਸਮਾਜਕ ਵਰਤਾਰੇ ਵਿਚ ਨਾਰੀ ਦੀ ਗੁਆਚ ਚੁੱਕੀ ਹੋਂਦ ਦੀ ਗਾਥਾ ਪ੍ਰਸਤੁਤ ਕਰਦੀ ਹੈ। ਇਸ ਵਰਤਾਰੇ ਅਤੇ ਚੌਤਰਫੀ ਪੱਸਰੀਆਂ ਦੀਵਾਰਾਂ ਤੇ ਵਲਗਣਾਂ ਤੋਂ ਬਾਹਰ ਨਿਕਲਣ ਲਈ ਸ਼ਾਬਦਿਕ ਕਲਾ ਅਥਵਾ ਸਾਹਿਤ ਉਸ ਦੀ ਸਹਾਇਕ ਸ਼ਕਤੀ ਬਣਦਾ ਹੈ। ਉਸ ਦੀ ਸ਼ਬਦ ਸਾਧਨਾ ਰਾਹੀਂ ਹੀ ਪਹਿਲੀ ਵਾਰ ਇਹ ਅਹਿਸਾਸ ਜਾਗਦਾ ਹੈ ਕਿ ਨਾਰੀ ਦੀ ਪ੍ਰਤੱਖਣ ਪ੍ਰਕਿਰਿਆ ਨੂੰ ਸਿਰਫ਼ ਨਾਰੀ ਹੀ ਯੋਗ ਭਾਂਤ ਸਮਝ ਸਕਦੀ ਹੈ। ਇਸ ਸਮਝ ਨਾਲ ਹੀ ਉਹ ਉਨ੍ਹਾਂ ਚਿੰਤਨ-ਵਿਧੀਆਂ ਉਪਰ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ ਜਿਹੜੀਆਂ ਮਰਦ-ਪੱਖੀ ਹਨ। ਇੰਜ ਸਮੁੱਚੇ ਵਰਤਾਰੇ ਵਿਚ ਨਾਰੀ ਦੀ ਦਸ਼ਾ ਨੂੰ ਬਿਆਨਣ ਵਿਚ ਇਹ ਸ਼ਾਇਰੀ ਵਿਸ਼ੇਸ਼ ਦਿਲਚਸਪੀ ਦਿਖਾਉਂਦੀ ਹੋਈ ਉਸ ਦੇ ਖੰਡਿਤ ਵਜੂਦ ਦੇ ਬਿੰਬ ਪ੍ਰਸਤੁਤ ਕਰਦੀ ਹੈ। ਉਸ ਨੂੰ ਨਾਰੀ ਦੀ "ਜਨਮ ਜਲੀ" ਹੋਂਦ ਦਾ ਪੂਰਨ ਭਾਂਤ ਅਹਿਸਾਸ ਹੈ। ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਉਸ ਦੀ ਆਮਦ ਨਾਲ ਸਚਮੁੱਚ ਹੀ ਪਿਤਾ-ਪੁਰਖੀ ਵਰਤਾਰਿਆਂ ਵਿਰੁੱਧ ਵਿਦਰੋਹੀ ਸੁਰ ਸਦਕਾ ਅਸਲੋਂ ਵੱਖਰਾ, ਨਿਵੇਕਲਾ ਅਤੇ ਮੌਲਿਕ ਅਨੁਭਵ ਪ੍ਰਵੇਸ਼ ਕਰਦਾ ਹੈ।

ਨਾਰੀ ਦਾ ਇਤਿਹਾਸ ਉਸ ਦੇ ਦੱਬੇ ਕੁਚਲੇ ਤੇ ਖੰਡਿਤ ਅਸਤਿਤਵ ਦਾ ਹੀ ਇਤਿਹਾਸ ਹੈ। ਲੰਮਾ ਅਰਸਾ ਤਾਂ ਨਾਰੀ ਦੱਬੀ-ਕੁਚਲੀ ਹੋਣ ਸਦਕਾ ਹੀ ਇਸ ਪ੍ਰਤਿ ਆਪਣੀ ਪ੍ਰਤਿਕਿਰਿਆ ਦਾ ਪ੍ਰਗਟਾਵਾ ਨਹੀਂ ਕਰ ਸਕੀ। ਆਪਣੇ ਆਲੇ ਦੁਆਲੇ ਪ੍ਰਤਿ ਘੱਟ ਸੋਝੀ ਨੇ ਵੀ ਸਮੱਸਿਆ ਨੂੰ ਜਿਉਂ ਦੀ ਤਿਉਂ ਬਣੇ ਰਹਿਣ ਵਿਚ ਯੋਗਦਾਨ ਪਾਇਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦੋਂ ਅੰਮ੍ਰਿਤਾ ਪ੍ਰੀਤਮ ਨੇ ਪੰਜਾਬੀ ਸ਼ਾਇਰੀ ਦੇ ਖੇਤਰ ਵਿਚ ਪ੍ਰਵੇਸ਼ ਕੀਤਾ ਤਾਂ ਸ਼ੁਰੂ ਸ਼ੁਰੂ ਵਿਚ ਸਮੱਸਿਆ ਦੀ ਜਟਿਲਤਾ ਉਸ ਦੇ ਹੱਥ ਵੀ ਨਾ ਆਈ ਤੇ ਉਸ ਦੀ ਸ਼ਾਇਰੀ ਵੀ ਮੱਧਕਾਲੀ ਚੇਤਨਾ ਦੇ ਰੰਗ ਵਿਚ ਰੰਗੀ ਗਈ। ਪਿਛੋਂ ਕਿਧਰੇ ਉਸ ਨੇ ਆਪਣੇ ਕਟਾਖਸ਼ ਦਾ ਨਿਸ਼ਾਨਾ ਮਰਦ ਜ਼ਾਤ ਨੂੰ ਬਣਾਇਆ ਅਤੇ ਕਿਧਰੇ ਉਨ੍ਹਾਂ ਚਿੰਤਨ-ਮਾਡਲਾਂ ਨੂੰ ਜਿਨ੍ਹਾਂ ਨੇ ਉਸ ਦੇ ਅਸਤਿਤਵ ਦੁਆਲੇ ਅਨੇਕ ਤਰ੍ਹਾਂ ਦੀਆਂ ਵਲਗਣਾਂ ਉਸਾਰੀਆਂ ਹੋਈਆਂ ਹਨ। ਦੋਵਾਂ ਸੂਰਤਾਂ ਵਿਚ ਹੀ ਉਹ ਨਾਰੀ-ਜ਼ਾਤੀ ਦੀ ਸੁਤੰਤਰਤਾ ਉਪਰ ਜ਼ੋਰ ਦੇਂਦੀ ਰਹੀ ਹੈ।

ਅੰਮ੍ਰਿਤਾ-ਕਾਵਿ ਵਿਚੋਂ ਇਸ ਗੱਲ ਦੀ ਭਲੀ ਭਾਂਤ ਪਛਾਣ ਹੋ ਜਾਂਦੀ ਹੈ ਕਿ ਨਾਰੀ ਦੀਆਂ ਸਮੱਸਿਆਵਾਂ ਦਾ ਵੱਡਾ ਕਾਰਣ ਉਸ ਦੀ ਮਰਦ ਉਪਰ ਆਰਥਿਕ ਨਿਰਭਰਤਾ ਹੈ। ਇਸੇ ਸਦਕਾ ਘਰ ਵਿਚ ਰਹਿਣ ਤੇ ਘਰ ਬਣਾਉਣ ਦੇ ਬਾਵਜੂਦ ਉਸ ਦਾ ਆਪਣਾ ਕੋਈ ਘਰ ਨਹੀਂ ਹੁੰਦਾ ਸਗੋਂ ਉਹ ਤਾਂ ਉਸ ਦੇ ਅਣਚਾਹੇ ਪਤੀ ਦੀ ਇਕ ਕਿਸਮ ਦੀ ਛੋਟੀ ਰਿਆਸਤ ਹੀ ਹੁੰਦਾ ਹੈ ਜਿਸ ਵਿਚ ਉਸ ਦੀ ਕਾਮ ਭੁੱਖ ਵੀ ਪੂਰੀ ਹੁੰਦੀ ਹੈ ਅਤੇ ਉਸ ਦੀ ਹਉਮੈ ਵੀ ਵਿਕਾਸ ਕਰਦੀ ਹੈ। ਅੰਮ੍ਰਿਤਾ ਦੀ ਕਾਵਿ-ਰਚਨਾ ਨਾਰੀ ਦੀ ਇਸ ਆਰਥਿਕ ਨਿਰਭਰਤਾ ਦੇ ਸੰਦਰਭ ਵਿਚ ਨਾਰੀ ਦੀ ਬੇਪਛਾਣ ਸ਼ਖਸੀਅਤ ਉਪਰ ਟਿੱਪਣੀਆਂ ਕਰਦੀ ਹੋਈ ਆਲੇ ਦੁਆਲੇ ਦੀ ਕਰੂਰਤਾ ਨੂੰ ਸਾਮ੍ਹਣੇ ਲਿਆਉਂਦੀ ਹੈ। ਉਸ ਦੇ ਕਾਵਿ ਵਿਚਲੀ ਨਾਰੀ ਮਾਨਵੀ ਪਛਾਣ ਦੀ ਲੋਚਾ ਰੱਖਦੀ ਹੈ। ਨਾਰੀ ਦੀ ਇਸ ਆਰਥਿਕ ਨਿਰਭਰਤਾ ਨੂੰ ਉਹ ਅੱਗੋਂ ਸਮਾਜਕ, ਭਾਵੁਕ ਤੇ ਮਨੋਵਿਗਿਆਨਕ ਸੰਦਰਭਾਂ ਵਿਚ ਫੈਲਾ ਕੇ ਵਿਆਪਕ ਰੂਪ ਵਿਚ ਪ੍ਰਸਤੁਤ ਕਰਦੀ ਹੈ। ਇਸ ਸੰਦਰਭ ਵਿਚ ਉਸ ਦੀਆਂ ਰਚਨਾਵਾਂ, ਜਿਨ੍ਹਾਂ ਦੀ ਉਭਰਵੀਂ ਸੁਰ ਤਿੱਖੇ ਵਿਅੰਗ ਦੀ ਹੈ, ਵਿਸ਼ੇਸ਼ ਰੂਪ ਵਿਚ ਮਹੱਤਵਪੂਰਨ ਹਨ। ਇਹ ਰਚਨਾਵਾਂ ਹਨ : "ਕੰਨਿਆਦਾਨ", "ਗਊਸ਼ਾਲਾ", "ਵਿਉਪਾਰ", "ਉਡੀਕ", "ਅੰਨਦਾਤਾ", "ਜਨੂੰਨ" ਅਤੇ "ਵਿਆਹੁਤਾ ਨਾਰ" ਆਦਿ। ਪੁਰਖ-ਪ੍ਰਭੁਤਾ ਤੇ ਨਾਰੀ ਨਿਰਭਰਤਾ ਦੀ ਸਭ ਤੋਂ ਵਧੀਆ ਮਿਸਾਲ ਉਸ ਦੀਆਂ "ਅੰਨ ਦਾਤਾ" ਤੇ "ਵਿਉਪਾਰ" ਕਵਿਤਾਵਾਂ ਹਨ :

ੳ. ਅੰਨ ਦਾਤਾ

ਮੇਰੀ ਜੀਭ ਤੇ—ਤੇਰਾ ਲੂਣ ਏ
ਤੇਰਾ ਨਾਂ—ਮੇਰੇ ਬਾਪ ਦਿਆਂ ਹੋਠਾਂ ਤੇ
ਤੇ ਮੇਰੇ ਬੁਤ ਵਿਚ
ਮੇਰੇ ਬਾਪਦਾ ਖ਼ੂਨ ਏਂ
ਮੈਂ ਕਿਵੇਂ ਬੋਲਾਂ
ਮੇਰੇ ਬੋਲਣ ਤੋਂ ਪਹਿਲਾਂ
ਬੋਲ ਪੈਂਦੇ ਤੇਰਾ ਅੰਨ
ਕੁਝ ਕੂ ਬੋਲ ਸਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਅਸੀ ਅੰਨ ਦੇ ਕੀੜੇ
ਤੇ ਅੰਨ-ਭਾਰ ਹੇਠਾਂ -- ਉਹ ਦਬ ਗਏ ਹਨ ।
ਅੰਨ ਦਾਤਾ
ਮੈਂ ਚੰਮ ਦੀ ਗੁੱਡੀ, ਖੇਡ ਲੈ ਖਿਡਾ ਲੈ
ਲਹੂ ਦਾ ਪਿਆਲਾ, ਪੀ ਲੈ ਪਿਲਾ ਲੈ
ਤੇਰੇ ਸਾਹਵੇਂ ਖੜੀ ਹਾਂ ਅਹਿ ਵਰਤਣ ਦੀ ਸ਼ੈ
ਜਿਵੇਂ ਚਾਹੇਂ ਵਰਤ ਲੈ ।[32]

ਅ. ਜਿਸਮਾਂ ਦਾ ਵਿਉਪਾਰ
ਤਕੜੀ ਦੇ ਦੋ ਛਾਬਿਆਂ ਵਾਕੁਰ ਇਕ ਮਰਦ ਇਕ ਨਾਰ
ਰੋਜ਼ ਤੋਲਦੇ ਮਾਸ ਰੋਜ਼ ਵੇਚਦੇ ਲਹੂ
ਤੇ ਆਖ਼ਰ ਕਾਰੇ ਵਟ ਲੈਂਦੇ ਨੇ
ਲਹੂ ਮਿੱਟੀ ਦੇ ਨਿੱਕੇ ਨਿੱਕੇ ਸਿੱਕੇ - ਦੋ --ਤ੍ਰੈ -- ਚਾਰ ।[33]

ਸਪੱਸ਼ਟ ਹੈ ਕਿ ਅੰਮ੍ਰਿਤਾ ਨਾਰੀ-ਵੇਦਨਾ ਨੂੰ ਆਰਥਿਕ ਤੇ ਸਾਂਸਕ੍ਰਿਤਕ ਸੰਦਰਭਾਂ ਵਿਚ ਟਿਕਾ ਕੇ ਪ੍ਰਸਤੁਤ ਕਰਦੀ ਹੈ। ਇਨ੍ਹਾਂ ਸੰਦਰਭਾਂ ਵਿਚ ਬੱਝੀ ਹੋਈ ਨਾਰੀ ਨੂੰ ਹੀ ਅਨੇਕ ਭਾਂਤ ਦੀਆਂ ਮਜਬੂਰੀਆਂ, ਬੇਬਸੀ ਤੇ ਵਧੀਕੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ। "ਅੰਨ ਦਾਤਾ" ਕਵਿਤਾ ਵਿਚ ਉਹ ਨਾਰੀ ਦੀ ਕਰੁਣਾਮਈ ਤੇ ਤ੍ਰਾਸਦਿਕ ਸਥਿਤੀ ਦੇ ਬਿੰਬਾਂ ਨੂੰ ਲਗਾਤਾਰ ਸੰਘਣਾ ਕਰਦੀ ਜਾਂਦੀ ਹੈ। ਇਸ ਤਰ੍ਹਾਂ ਉਹ ਨਾਰੀ ਦੀ ਮਰਦ ਉੱਪਰ ਨਿਰਭਰਤਾ ਦੀ ਸਮੱਸਿਆ ਨੂੰ ਕਾਵਿਕ ਢੰਗ ਨਾਲ ਸਾਹਮਣੇ ਲੈ ਆਉਂਦੀ ਹੈ। ਨਾਰੀ ਜੋ ਸਦੀਆਂ ਤੋਂ ਖਾਮੋਸ਼ ਰਹੀ ਹੈ, ਇਸ ਰਚਨਾ ਵਿਚ ਆਪਣੀ ਵਾਸਤਵਿਕ ਸਥਿਤੀ ਬਾਰੇ ਖ਼ੁਦ ਬੋਲਦੀ ਹੈ ਤੇ ਮਰਦ-ਪ੍ਰਧਾਨ ਸਮਾਜ ਦੇ ਨਾਰੀ-ਵਿਰੋਧੀ ਪਾਸਾਰਾਂ ਨੂੰ ਸਾਮ੍ਹਣੇ ਲਿਆਉਂਦੀ ਹੈ। ਉਹ ਪਰੰਪਰਾਗਤ ਤੇ ਘਿਸੀਆਂ ਪਿਟੀਆਂ ਕੀਮਤਾਂ ਨੂੰ ਨਕਾਰਦੀ ਹੋਈ ਮਰਦ-ਪੱਖੀ ਸਮਾਜ ਦੇ ਨਾਂਹ-ਮੁਖ ਪਾਸਾਰਾਂ ਨੂੰ ਸਾਮ੍ਹਣੇ ਲਿਆਉਂਦੀ ਹੈ। ਇਨ੍ਹਾਂ ਨਾਂਹ-ਮੁਖ ਪਾਸਾਰਾਂ ਵਿਚੋਂ ਮਜਬੂਰੀ ਵਿਚ ਇਕ ਵਸਤੂ ਵਾਂਗ "ਵਰਤੇ" ਜਾਣ ਦਾ ਅਹਿਸਾਸ ਪ੍ਰਮੁੱਖ ਹੈ :

ਤੇਰੇ ਸਾਹਵੇਂ ਖੜੀ ਹਾਂ ਅਹਿ
ਵਰਤਣ ਦੀ ਸ਼ੈ
ਜਿਵੇਂ ਚਾਹੇ ਵਰਤ ਲੈ.
ਉੱਗੀ ਹਾਂ
ਪਿਸੀ ਹਾਂ
ਗੁੱਝੀ ਹਾਂ
ਵਿਲੀ ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਅੱਜ ਤੱਤੇ ਤਵੇ ਤੇ
ਜਿਵੇਂ ਚਾਹੇ ਪਰਤ ਲੈ
ਮੈਂ ਬੁਰਕੀ ਤੋਂ ਵੱਧ ਕੁਝ ਨਹੀਂ
ਜਿਵੇਂ ਚਾਹੇ ਨਿਗਲ ਲੈ ।[34]

ਇਸ ਕਵਿਤਾ ਵਿਚ ਅੰਮ੍ਰਿਤਾ ਪ੍ਰੀਤਮ ਪਹਿਲੀ ਵਾਰ ਨਾਰੀ ਦੀ ਮਜਬੂਰੀ ਅਤੇ ਮਰਜ਼ੀ ਦੇ ਤਨਾਉ ਨੂੰ ਸਾਮ੍ਹਣੇ ਲਿਆਉਂਦੀ ਹੈ। ਉਹ ਨਾਰੀ ਦੇ ਅੰਦਰਲੀ ਉਸ ਹਕੀਕਤ ਨੂੰ ਬਾਹਰ ਕੱਢ ਲਿਆਉਂਦੀ ਹੈ ਜਿਹੜੀ ਬਾਹਰਲੇ ਜਬਰ-ਜ਼ੁਲਮ ਨਾਲ ਸਹਿਮਤ ਨਹੀਂ। "ਮੇਰੀ ਜ਼ੁਬਾਨ ਤੇ ਇਨਕਾਰ ? ਉਹ ਕਿਵੇਂ ਹੋ ਸਕਦੈ" ਪੰਗਤੀਆਂ ਸਥਿਤੀ ਦੀ ਕਰੂਰਤਾ ਨੂੰ ਸਾਮ੍ਹਣੇ ਲਿਆਉਂਦੀਆਂ ਹਨ। ਨਾਰੀ ਦੀ ਅਧੂਰੀ ਪਿਆਰ-ਭੁੱਖ ਕਿਵੇਂ ਉਸ ਦੀਆਂ ਮਜਬੂਰੀਆਂ ਹੇਠ ਦਮ ਤੋੜਦੀ ਹੈ, ਇਸ ਨੂੰ ਅੰਮ੍ਰਿਤਾ ਨੇ ਭਰਪੂਰ ਰੂਪ ਵਿਚ ਅਨੁਭਵ ਕੀਤਾ ਹੈ। ਇਸ ਬਿੰਦੂ ਉੱਪਰ ਉਹ ਨਾਰੀ ਅੰਦਰਲੇ ਵਿਦਰੋਹ ਜਾਂ ਬਾਹਰ ਵਾਪਰਦੇ ਪ੍ਰਤਿਕੂਲ ਹਾਲਾਤ ਦਾ ਭਰਪੂਰ ਪਰਿਚੈ ਦੇਂਦੀ ਹੈ। ਇਸੇ ਸਦਕਾ ਹੀ ਡਾ. ਹਰਿਭਜਨ ਸਿੰਘ ਨੂੰ "ਆਪਣੇ ਸਮਿਆਂ ਵਿਚ ਸਭ ਤੋਂ ਵਧੀਕ ਕਰਤਾਰੀ ਬਿਰਤੀ ਵਾਲੀ ਕਾਵਿ-ਰਚਨਾ ਅੰਮ੍ਰਿਤਾ ਪ੍ਰੀਤਮ ਦੀ ਹੀ ਪ੍ਰਤੀਤ ਹੁੰਦੀ ਹੈ।"[35]

ਅੰਮ੍ਰਿਤਾ ਨਾਰੀ ਦੀ ਬੇਬਸੀ ਤੇ ਗੁਲਾਮੀ ਨੂੰ ਸਾਡੇ ਵਿਆਹ-ਪ੍ਰਬੰਧ ਦੀ ਅਸਲੀਅਤ ਰਾਹੀਂ ਵੀ ਸਮੂਰਤ ਕਰਦੀ ਹੈ। ਦਰਅਸਲ ਉਹ ਵਿਆਹ-ਪ੍ਰਬੰਧ ਵਿਚ ਜੁਗਾਂ ਜੁਗਾਂਤਰਾਂ ਤੋਂ ਚਲੀਆਂ ਆ ਰਹੀਆਂ ਰੀਤਾਂ ਨੂੰ ਨਕਾਰਦੀ ਤੇ ਤਿਰਸਕਾਰਦੀ ਹੈ। ਇਸ ਪ੍ਰਸੰਗ ਵਿਚ ਉਸ ਦੀਆਂ ਦੋ ਕਵਿਤਾਵਾਂ "ਗਊਸ਼ਾਲਾ" ਅਤੇ "ਕੰਨਿਆਦਾਨ" ਵਿਸ਼ੇਸ਼ ਰੂਪ ਵਿਚ ਜ਼ਿਕਰਯੋਗ ਹਨ। ਇਨ੍ਹਾਂ ਕਵਿਤਾਵਾਂ ਵਿਚ ਸਾਡੇ ਸਮਾਜ ਦਾ ਨਾਰੀ ਪ੍ਰਤਿ ਨਿਰਦਈ ਤੇ ਬੇਰਹਿਮ ਵਤੀਰਾ ਸਾਮ੍ਹਣੇ ਆਉਂਦਾ ਹੈ। ਇਹ ਨਿਰਦਈ ਤੇ ਬੇਰਹਿਮ ਵਤੀਰਾ ਨਾਰੀ ਨੂੰ ਇਕ ਪਸ਼ੂ, ਜੜ੍ਹ ਵਸਤੂ ਜਾਂ ਬੇਜ਼ੁਬਾਨ ਤੋਂ ਵੱਧ ਕੁਝ ਨਹੀਂ ਸਮਝਦਾ। ਇਸ ਅਵਸਥਾ ਵਿਚ ਵਿਆਹ ਸਮੇਂ ਨਾਰੀ ਦੀਆਂ ਇੱਛਾਵਾਂ ਬੁਰੀ ਤਰ੍ਹਾਂ ਕੁਚਲੀਆਂ ਜਾਂਦੀਆਂ ਹਨ। ਉਸ ਨੂੰ ਉਸ ਦੀ ਮਰਜ਼ੀ ਪੁੱਛੇ ਬਗੈਰ ਜਿਸ ਕਿਸੇ ਨਾਲ ਵੀ ਨਰੜ ਦਿੱਤਾ ਜਾਂਦਾ ਹੈ ਤੇ ਉਸ ਨੂੰ ਇਨ੍ਹਾਂ ਗਲਤ ਸਾਂਸਕ੍ਰਿਤਕ ਕੀਮਤਾਂ ਸਦਕਾ ਆਪਣੇ ਜਜ਼ਬਿਆਂ ਤੇ ਸਧਰਾਂ ਦੀ ਆਹੂਤੀ ਦੇਣੀ ਪੈਂਦੀ ਹੈ। "ਕੰਨਿਆਦਾਨ" ਕਵਿਤਾ ਵਿਚ ਉਸ ਦੀ ਸੁਰ ਤਿੱਖੇ ਵਿਅੰਗ ਦੀ ਹੈ ਜਿਹੜੀ ਲੇਖਿਕਾ ਅੰਦਰ ਨਾਰੀ-ਜ਼ਾਤ ਦੇ ਸਦੀਆਂ ਤੋਂ ਮਰਦ ਦੀ ਗੁਲਾਮ ਹੋਣ ਦੇ ਅਹਿਸਾਸ ਨੂੰ ਸਾਮ੍ਹਣੇ ਲਿਆਉਂਦੀ ਹੈ। ਨਾਰੀ ਦੀ ਮਰਦ-ਨਿਰਭਰ ਹੋਂਦ ਇਸ ਰਚਨਾ ਵਿਚ ਕਵਿੱਤਰੀ ਦੇ ਅਨੁਭਵ ਰਾਹੀਂ ਸਮੂਰਤ ਰੂਪ ਅਖਤਿਆਰ ਕਰਦੀ ਹੈ। ਉਹ ਨਾਰੀ ਦੀ ਬੇਬਸੀ ਨੂੰ ਪ੍ਰਗਟ ਕਰਨ ਵਾਲੇ ਬਿੰਬਾਂ ਦੀ ਏਨੀ ਬਹੁਤਾਤ ਨਾਲ ਵਰਤੋਂ ਕਰਦੀ ਹੈ ਕਿ ਉਨ੍ਹਾਂ ਰਾਹੀਂ ਬੇਬਸੀ ਤੇ ਮਜਬੂਰੀਆਂ ਵਿਚ ਜਕੜੀ ਤੇ ਵਿਲਕਦੀ ਨਾਰੀ ਸਾਮ੍ਹਣੇ ਆ ਜਾਂਦੀ ਹੈ। ਜਿਥੇ ਮੱਧਕਾਲ ਵਿਚ ਨਾਰੀ ਨੂੰ ਸੁੰਦਰਤਾ, ਪ੍ਰੇਮ ਤੇ ਸ਼ਿਸ਼ਟਾਚਾਰ ਦੀ ਤਸਵੀਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣਾ ਕੇ ਪੇਸ਼ ਕੀਤਾ ਜਾਂਦਾ ਸੀ, ਉਥੇ ਅੰਮ੍ਰਿਤਾ ਨਾਰੀ ਦੀ ਹੋਂਦ ਨੂੰ "ਕੰਨਿਆਦਾਨ" ਨਾਮੀ ਕਵਿਤਾ ਵਿਚ ਕਿਧਰੇ "ਮਾਸ ਦੀ ਬੋਟੀ" ਨਾਲ ਤੁਲਨਾਉਂਦੀ ਹੈ ਅਤੇ ਕਿਧਰੇ "ਕੱਖ ਦੀ ਬੇਟੀ" ਨਾਲ। ਮਿਸਾਲ ਵਜੋਂ :

ਸੂਹੇ ਸਾਲੂ ਵਿਚ ਲਪੇਟੀ
ਪੀਲੇ ਸੋਨੇ ਵਿਚ ਵਲੇਟੀ
ਮਾਸ ਦੀ ਬੋਟੀ
ਕੱਖ ਦੀ ਬੇਟੀ
ਵਾਹ ਵਾਹ ਦਾਨੀ
ਵਾਹ ਵਾਹ ਦਾਤੇ
ਕਿਡੇ ਕਰਮ ਕਮਾਣ
ਜੇਹੜੀ ਝੋਲੀ ਤੱਕਣ
ਉਹੋ ਹੀ ਪਰਵਾਣ।[36]

ਅੰਤਲੀਆਂ ਦੋ ਪੰਗਤੀਆਂ "ਜੇਹੜੀ ਝੋਲੀ ਤੱਕਣ ਉਹੋ ਹੀ ਪਰਵਾਣ" ਵਿਚ ਵਿਅੰਗ ਦੀ ਚੋਭ ਏਨੀ ਤਿੱਖੀ ਹੈ ਕਿ ਨਾਰੀ ਦੀ ਬੇਬਸੀ ਦੇ ਬਹੁ ਵਿੱਧ ਪਾਸਾਰਾਂ ਨੂੰ ਆਪਣੇ ਅੰਦਰ ਸਮੋਣ ਦੀ ਸਮਰਥਾ ਰੱਖਦੀ ਹੈ। ਸਪੱਸ਼ਟ ਹੈ ਕਿ ਬਾਲ ਅਵਸਥਾ ਦੀ ਪੇਸ਼ਕਾਰੀ ਤੋਂ ਪਿੱਛੋਂ ਅੰਮ੍ਰਿਤਾ ਪ੍ਰੀਤਮ ਦੀ ਸਿਰਜਣਾ ਦਾ ਧੁਰਾ ਸਾਡਾ ਪਰੰਪਰਾਗਤ ਤੇ ਮਰਦ-ਪੱਖੀ ਵਿਆਹ ਪ੍ਰਬੰਧ ਬਣਦਾ ਹੈ। ਏਥੇ ਪਹੁੰਚ ਕੇ ਉਹ ਮਰਦ-ਪ੍ਰਧਾਨ ਸਮਾਜ ਦੀਆਂ ਵਧੀਕੀਆਂ ਤੇ ਔਰਤ ਦੀ ਬੇਬਸ ਅਤੇ ਵਸਤੂ ਬਣੀ ਹੋਂਦ ਦਾ ਪਰਿਚੈ ਦੇਂਦੀ ਹੈ। ਹਕੀਕਤ ਤਾਂ ਇਹ ਹੈ ਕਿ ਨਾਰੀ ਦੀ ਬੇਬਸੀ ਉੱਪਰ ਉੱਸਰੇ ਇਸ ਵਿਆਹ-ਪ੍ਰਬੰਧ ਨੂੰ ਉਹ "ਵਿਆਹ" ਮੰਨਣ ਤੋਂ ਇਨਕਾਰੀ ਹੁੰਦੀ ਹੋਈ ਇਸ ਨੂੰ ਇਕ "ਵਿਉਪਾਰ" ਦਾ ਨਾਂ ਦੇਂਦੀ ਹੈ, ਇਕ ਅਜੇਹਾ ਵਿਉਪਾਰ ਜਿਸ ਵਿਚ ਨਾਰੀ ਦੀ ਰੂਹ ਤੇ ਜਿਸਮ ਦੋਵੇਂ ਕੁਚਲੇ ਜਾਂਦੇ ਹਨ। ਇਸ ਤੋਂ ਅਗਾਂਹ ਸਰਕਦੀ ਹੋਈ ਉਹ ਅਜਿਹੇ ਵਿਆਹ ਨੂੰ ਵੇਸ਼ਵਾਪੁਣੇ ਜਿਹਾ ਹੀ ਕਾਰਜ ਤਸੱਵੁਰ ਕਰਦੀ ਹੈ। ਇਨ੍ਹਾਂ ਦੋਵਾਂ ਵਿਚਾਲੇ ਉਹ ਸਿਰਫ਼ ਏਨਾ ਕੁ ਹੀ ਸੂਖ਼ਮ ਭੇਦ ਸਮਝਦੀ ਹੈ ਕਿ ਜਿੱਥੇ ਪਹਿਲੇ ਨੂੰ ਸਮਾਜਕ ਪ੍ਰਵਾਨਗੀ ਮਿਲੀ ਹੁੰਦੀ ਹੈ ਉਥੇ ਦੂਸਰੇ, ਅਰਥਾਤ, ਵੇਸਵਾਪੁਣੇ ਵਿਚ ਰਤਾ ਓਹਲਾ ਜਾਂ ਲੁਕੋ ਕੰਮ ਕਰਦਾ ਹੈ। ਇਕੋ ਮਨੋਰਥ ਸਦਕਾ ਦੋਵਾਂ ਵਿਚ ਸਾਂਝ ਹੈ ਅਤੇ ਉਹ ਮਨੋਰਥ ਹੈ ਨਾਰੀ ਦੀਆਂ ਭਾਵਨਾਵਾਂ ਤੇ ਜਜ਼ਬਿਆਂ ਨਾਲ ਖਿਲਵਾੜ। ਅਚੇਤ ਜਾਂ ਸਚੇਤ ਪੱਧਰ ਉੱਪਰ ਉਹ "ਘਰ" ਦੀ ਸੰਸਥਾ ਨੂੰ ਵੀ ਆਪਣੇ ਤੀਖਣ ਵਿਅੰਗ ਦਾ ਧੁਰਾ ਬਣਾ ਲੈਂਦੀ ਹੈ। ਜਿਸ ਤਰ੍ਹਾਂ "ਵਿਆਹ" ਅਤੇ "ਵੇਸਵਾਪੁਣੇ" ਵਿਚ ਬਹੁਤ ਘੱਟ ਅੰਤਰ ਹੈ, ਠੀਕ ਉਸੇ ਤਰ੍ਹਾਂ "ਘਰ" ਤੇ "ਵੇਸਵਾ ਦੇ ਕੋਠੇ" ਵਿਚ ਵੀ ਕੋਈ ਬਹੁਤਾ ਅੰਤਰ ਨਹੀਂ ਰਹਿ ਜਾਂਦਾ। ਉਹ ਘਰ ਨੂੰ ਮਰਦ ਦੀ ਇਕ ਭਾਂਤ ਦੀ ਰਿਆਸਤ ਹੀ ਸਮਝਦੀ ਹੈ, ਜਿਸ ਵਿਚ ਨਾਰੀ ਜਾਂ ਤਾਂ ਬੱਚੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੰਮਣ ਵਾਲੀ ਮਸ਼ੀਨ ਹੀ ਸਮਝੀ ਜਾਂਦੀ ਹੈ ਅਤੇ ਜਾਂ ਥੱਕੇ-ਹਾਰੇ ਮਰਦ ਦੇ ਜਿਸਮ ਲਈ ਇਕ ਆਰਾਮ ਗਾਹ। ਮੰਡੀ ਦੇ ਮੁੱਲਾਂ ਉੱਪਰ ਆਧਾਰਿਤ ਸਾਡੇ ਇਸ ਵਿਆਹ-ਪ੍ਰਬੰਧ ਬਾਰੇ ਉਸ ਦੀਆਂ ਨਿਮਨ ਲਿਖਿਤ ਪੰਗਤੀਆਂ ਮਹੱਤਵਪੂਰਨ ਹਨ :

ਜਿਸਮਾਂ ਦਾ ਵਿਉਪਾਰ
ਇਸ ਦੇ ਕਈ ਬਾਜ਼ਾਰ :
ਇਕ ਬਾਜ਼ਾਰ ਤਾਂ ਗਾ ਵਜਾ ਕੇ
ਜ਼ਰਾ ਕੁ ਰੌਲਾ ਰੱਪਾ ਪਾ ਕੇ
ਇਸ਼ਟ ਦੇਵੀ ਮੁੱਠ ਤਾਰ ਕੇ
ਸੌਦੇ 'ਤੇ ਇਕ ਮੋਹਰ ਲੁਆ ਕੇ
ਦਿਨ ਦਿਹਾੜੇ ਵੇਚਣ ਦੇ ਵੀ
ਹੋ ਜਾਂਦੇ ਹੱਕਦਾਰ।
ਤੇ ਇਕ ਬਾਜ਼ਾਰ ਵਿਚ ਹੌਲੇ ਹੌਲੇ
ਰਾਤ ਦੀਆਂ ਸਾਹੀਆਂ ਦੇ ਓਹਲੇ
ਓਹੋ ਸੌਦਾ
ਓਹੋ ਪੱਤਾ
ਔਂਦੇ ਨੇ ਖਰੀਦਾਰ।[37]

ਇਨ੍ਹਾਂ ਪੰਗਤੀਆਂ ਦਾ ਬਲ "ਓਹੋ ਸੌਦਾ ਓਹੋ ਪੱਤਾ" ਅਤੇ "ਖਰੀਦਾਰ ਉੱਪਰ ਹੈ। ਦੋਵੇਂ ਹੀ ਬਾਜ਼ਾਰ ਹਨ। ਇਕ ਵਿਚ ਧਰਮ ਤੇ ਸਮਾਜ ਦੀ ਪ੍ਰਵਾਨਗੀ ਦੀ ਮੋਹਰ ਲੁਆਕੇ ਜਿਸਮਾਂ ਦਾ ਵਿਉਪਾਰ ਕੀਤਾ ਜਾਂਦਾ ਹੈ ਅਤੇ ਦੂਸਰੇ ਵਿਚ ਛੁਪ ਛੁਪਾ ਕੇ। ਇਸ ਵਿਚ ਜੋ ਗੱਲ ਉਭਰਕੇ ਸਾਮ੍ਹਣੇ ਆਉਂਦੀ ਹੈ ਉਹ ਇਹਕਿ ਸਾਡੇ "ਵਿਆਹਾਂ" ਦੀ ਭਾਵਨਾ ਗਾਇਬ ਇਕ ਜਿਸਮਾਂ ਦੀ ਖੇਡ ਹੈ ਅਤੇ ਇਸ ਖੇਡ ਉੱਪਰ ਵੀ ਮਰਦ ਪੂਰੀ ਤਰ੍ਹਾਂ ਭਾਰੂ ਹੈ।

ਇਸ ਗੱਲ ਵਿਚ ਰਤਾ ਵੀ ਸੰਦੇਹ ਨਹੀਂ ਕਿ ਅੰਮ੍ਰਿਤਾ ਪ੍ਰੀਤਮ ਦਾ ਪ੍ਰਮੁੱਖ ਬਲ ਨਾਰੀ ਦੀ ਮਜਬੂਰੀ ਉੱਪਰ ਉੱਸਰੇ ਵਿਆਹ-ਪ੍ਰਬੰਧ ਉੱਪਰ ਹੀ ਹੈ। "ਸੌਦਾ ਪੱਤਾ", "ਬਾਜ਼ਾਰ", "ਮੋਹਰ", "ਖਰੀਦਾਰ" ਆਦਿ ਕਈ ਅਜਿਹੇ ਵੇਰਵੇ ਉਸ ਦੀਆਂ ਕਵਿਤਾਵਾਂ ਵਿਚ ਮੌਜੂਦ ਹਨ, ਜਿਹੜੇ ਇਸ ਨੁਕਤੇ ਦੀ ਪੁਸ਼ਟੀ ਦੇ ਪ੍ਰਮਾਣ ਵਜੋਂ ਪ੍ਰਸਤੁਤ ਕੀਤੇ ਜਾ ਸਕਦੇ ਹਨ। ਉਹ ਲੜਕੀ ਦੇ ਵਿਆਹ ਦੀ ਨਹੀਂ, ਉਸਦੇ "ਵੇਚਣ" ਦੀ ਗੱਲ ਕਰਦੀ ਹੈ। ਉਹਨੂੰ ਵਿਆਹ ਕੇ ਲੈ ਜਾਣ ਦੀ ਨਹੀਂ, ਸਗੋਂ ਉਸ ਨੂੰ ਗਊ ਵਾਂਗ ਹਿੱਕ ਕੇ ਲੈ ਜਾਣ ਦੀ ਗੱਲ ਕਰਦੀ ਹੈ। ਇਸ ਪ੍ਰਸੰਗ ਵਿਚ ਹੀ ਉਸ ਨੂੰ ਨਾਰੀ ਵਿਸ਼ੈ ਦੀ ਭੱਠੀ ਵਾਂਗ ਵਰਤਣ ਵਾਲੀ ਸ਼ੈਅ ਦਿਖਾਈ ਦੇਂਦੀ ਹੈ। ਉਹ ਅਜਿਹੇ "ਨਾਰੀ-ਵਿਰੋਧੀ" ਸਮਾਜ ਨੂੰ "ਵੇ ਮੈਂ ਕੀ ਆਖਾਂ ਤੇਰੇ ਦੇਸ ਨੂੰ" ਕੁਝ ਨਾ ਆਖ ਕੇ ਵੀ ਬਹੁਤ ਕੁਝ ਆਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂਦੀ ਹੈ। ਉਸ ਦੀ ਚੁਬਨ ਦਾ ਵੱਡਾ ਕਾਰਣ ਇਹ ਹੈ ਕਿ ਇਸ ਸਮਾਜ ਵਿਚ "ਮਰਜ਼ੀ ਦਾ ਮੁੱਲ ਕੋਈ ਨਾ।" ਨਾਰੀ ਨੂੰ ਬੇਜ਼ੁਬਾਨ ਗਊ ਨਾਲ ਉਸ ਨੇ ਕਈ ਥਾਂ ਉੱਪਰ ਤੁਲਨਾ ਦਿੱਤੀ ਹੈ। ਮਿਸਾਲ ਵਜੋਂ, ਆਪਣੀ ਇਕ ਕਵਿਤਾ "ਗਊ ਸ਼ਾਲਾ" ਵਿਚ ਉਸਨੇ ਨਾਰੀ ਨਾਲ ਹੁੰਦੇ ਜ਼ੁਲਮ ਤੇ ਇਸ ਜ਼ੁਲਮ ਦੀ ਇਤਿਹਾਸਕ ਨਿਰੰਤਰਤਾ ਨੂੰ ਗਊ ਦੇ ਪ੍ਰਤੀਕ ਰਾਹੀਂ ਰੂਪਮਾਨ ਕੀਤਾ ਹੈ :

ਵੇ ਤਰਣੀ ਨਦੀ ਦੇ ਤਾਰੂ
ਗਊਆਂ ਕਰਦੇ ਦਾਨ
ਗਊਆਂ ਸੂੰਦੀਆਂ ਜਾਨ
ਗਊਸ਼ਾਲਾ ਦੀ ਰੌਣਕ
ਕਿੱਲੇ ਵਧਦੇ ਜਾਨ।"[38]

ਇਸ ਬੇਬਸੀ-ਭਰਪੂਰ ਵਸਤੂ-ਸਥਿਤੀ ਵਿਚ ਜਦ ਕੋਈ ਨਾਰੀ ਥੋੜਾ-ਬਹੁਤ ਰੋਹ-ਵਿਦਰੋਹ ਕਰਦੀ ਹੈ ਤਾਂ ਉਸ ਨੂੰ ਸਮਾਜਕ-ਕਦਰਾਂ-ਕੀਮਤਾਂ ਦੇ ਸਿਕੰਜੇ ਵਿਚ ਜਕੜ ਲਿਆ ਜਾਂਦਾ ਹੈ। ਇਸ ਵਾਸਤਵਿਕਤਾ ਨੂੰ ਉਹ ਕਿਸੇ ਅਸੀਲ ਗਊ ਦੀ ਵੱਛੀ ਦੇ ਜੁਆਨ ਹੋਣ, ਛੜ ਮਾਰਨ ਅਤੇ ਵਾਗੀ ਦੇ ਉਸਦੇ ਪੈਰੀਂ ਨਿਆਣਾ ਪਾਉਣ ਦੀ ਪ੍ਰਕਿਰਿਆ ਰਾਹੀਂ ਰੂਪਮਾਨ ਕਰਦੀ ਹੈ। ਸਪੱਸ਼ਟ ਹੈ ਕਿ ਅੰਮ੍ਰਿਤਾ ਨਾਰੀ ਦੀ ਵਿਆਹ-ਪੂਰਵਲੀ, ਵਿਆਹ ਸਮੇਂ ਦੀ ਅਤੇ ਵਿਆਹ ਤੋਂ ਪਿੱਛੋਂ ਦੀ ਸਥਿਤੀ ਨੂੰ ਪੇਸ਼ ਕਰਦੀ ਹੈ। ਉਸ ਦੀ ਕਵਿਤਾ ਦੇ ਕੇਂਦਰ ਵਿਚ ਵਿਆਹ ਦਾ ਥੀਮ ਹੀ ਹਾਜ਼ਿਰ ਰਹਿੰਦਾ ਹੈ। ਵਿਆਹ ਪਿੱਛੋਂ ਦੀ ਸਥਿਤੀ ਨੂੰ ਵੀ ਉਹ ਦੁਖਾਂਤਕ ਤੌਰ ਵਿਚ ਹੀ ਪ੍ਰਸਤੁਤ ਕਰਦੀ ਹੈ। ਇਸ ਸਥਿਤੀ ਵਿਚ ਨਾਰੀ ਦੇ ਦੁਖਾਂਤ ਦਾ ਕਾਰਣ ਵੀ ਆਰਥਿਕ ਨਿਰਭਰਤਾ ਹੈ। ਕਦੀ ਉਸ ਨੂੰ ਘੱਟ ਦਾਜ ਸਦਕਾ ਲਾਅਨਤਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ, ਕਦੀ ਵੱਖ ਵੱਖ ਭਾਂਤ ਦੀਆਂ ਪਾਬੰਦੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ ਅਤੇ ਆਪਣੇ ਸ਼ਰਾਬੀ ਪਤੀ ਦੀ ਅੱਧੀ ਰਾਤ ਤਕ ਇੰਤਜ਼ਾਰ ਕਰਨੀ ਪੈਂਦੀ ਹੈ। ਮਨੂੰ ਦੇ ਫਲਸਫ਼ੇ ਅਨੁਸਾਰ ਸਿਰ ਸੁੱਟ ਕੇ ਜੀਵਨ ਬਸਰ ਕਰ ਰਹੀ ਨਾਰੀ ਇਹ ਸਭ ਕੁਝ ਜਰਦੀ ਹੈ, ਪਰ ਉਭਾਸਰਦੀ ਕੁਝ ਨਹੀਂ। ਇਸ ਸਥਿਤੀ ਵਿਚ ਉਹ ਵਿਦਰੋਹ ਇਸ ਲਈ ਨਹੀਂ ਕਰਦੀ ਕਿ ਤਲਾਕ ਉਪਰੰਤ ਵੀ ਉਸ ਨੂੰ ਯੋਗ ਸਮਾਜਕ ਪ੍ਰਵਾਨਗੀ ਹਾਸਲ ਨਹੀਂ ਹੁੰਦੀ। ਇਸ ਲਈ ਇਸ ਸਥਿਤੀ ਨੂੰ ਭੋਗਣਾ ਤੇ ਲਾਅਨਤਾਂ, ਫਿਟਕਾਰਾਂ ਦਾ ਸ਼ਿਕਾਰ ਹੋਣਾ ਉਸ ਦਾ ਨਸੀਬ ਬਣ ਜਾਂਦਾ ਹੈ :

ਮੈਂ ਉਡੀਕਦੀ ਪਈ ਹਾਂ
ਤੇਰੇ ਲੜਖੜਾਂਦੇ ਪੈਰ
ਝੱਗੇ ਦੇ ਗਲਮੇ ਤੇ
ਭੈੜੇ ਜਿਹੇ, ਗੰਦੇ ਜਹੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਣੀ ਦੀਆਂ ਰਾਲਾਂ
ਸੂਹੀਆਂ ਘੁੱਟ ਅੱਖਾਂ ਚੋਂ
ਨੰਗੀਆਂ ਜਹੀਆਂ ਗਾਲਾਂ
ਮੈਂ-ਹਾਂ ਮੈਂ-ਹਾਂ
ਤੇਰੇ ਹੋਣ ਵਾਲੇ ਬੱਚੇ ਦੀ ਮਾਂ।[39]

ਨਾਰੀ ਸੰਵੇਦਨਾ ਦੇ ਦ੍ਰਿਸ਼ਟੀਕੋਣ ਤੋਂ ਅੰਮ੍ਰਿਤਾ ਪ੍ਰੀਤਮ ਦੀ ਇਕ ਹੋਰ ਕਵਿਤਾ "ਰਾਖੇ" ਵਿਸ਼ੇਸ਼ ਰੂਪ ਵਿਚ ਜ਼ਿਕਰਯੋਗ ਹੈ। ਇਸ ਕਵਿਤਾ ਵਿਚ ਉਹ ਸਾਡੇ ਉਸ ਸਮਾਜਕ ਵਰਤਾਰੇ ਨੂੰ ਆਪਣੇ ਵਿਅੰਗ ਦਾ ਵਿਸ਼ਾ ਬਣਾਉਂਦੀ ਹੈ ਜਿਹੜਾ ਨਾਰੀ ਜੀਵਨ ਦੁਆਲੇ ਵੱਖ ਵੱਖ ਕਿਸਮ ਦੀਆਂ ਦੀਵਾਰਾਂ ਜਾਂ ਪਾਬੰਦੀਆਂ ਦੀ ਉਸਾਰੀ ਕਰਦਾ ਹੈ। ਇਹ ਪਾਬੰਦੀਆਂ ਨਾਰੀ ਦੇ ਜੀਵਨ ਦੇ ਸਹਿਜ ਵਿਕਾਸ ਨੂੰ ਰੋਕਦੀਆਂ ਹੀ ਨਹੀਂ ਬਲਕਿ ਸੰਕਟਮਈ ਵੀ ਬਣਾਉਂਦੀਆਂ ਹਨ। ਇਨ੍ਹਾਂ ਪਾਬੰਦੀਆਂ ਸਦਕਾ ਹੀ ਨਾਰੀ ਨੂੰ ਸਮਾਜ ਵਿਚੋਂ ਵਿਤਕਰਿਆਂ-ਭਰਪੂਰ ਜੀਵਨ ਪ੍ਰਾਪਤ ਹੁੰਦਾ ਹੈ। ਇਸੇ ਪਾਬੰਦੀਆਂ ਭਰਪੂਰ ਸਮਾਜਕ ਆਲੇ ਦੁਆਲੇ ਨੂੰ ਵੇਖ ਜਿੱਥੇ ਉਹ ਪ੍ਰੇਮ ਕਰਨ ਵਾਲਿਆਂ ਨੂੰ ਇਹ ਮਸ਼ਵਰਾ ਦੇਂਦੀ ਹੈ ਕਿ "ਇਸ਼ਕ ਨੂੰ ਆਦਤ ਨਾ ਪਾਉ ਬੋਲਣ ਦੀ, ਅਜੇ ਤਾਂ ਲੋਕ ਕੰਨਾਂ ਨੂੰ ਸੁਨਣ ਦੀ ਜਾਚ ਨਹੀਂ ਆਈ"[40] ਉਥੇ ਨਾਲ ਹੀ "ਲੋਕ" ਨੂੰ ਵੀ ਆਪਣੇ ਵਿਅੰਗ ਦਾ ਧੁਰਾ ਬਣਾਉਂਦੀ ਹੈ। ਅੰਮ੍ਰਿਤਾ ਉਸ ਸਾਰੀ ਵਸਤੂ-ਸਥਿਤੀ ਨੂੰ ਸਾਖਸ਼ਾਤ ਕਰ ਦੇਂਦੀ ਹੈ ਜਿਸ ਵਿਚ ਲੋਕ ਪ੍ਰੇਮੀਆਂ ਅਤੇ ਖਾਸ ਤੌਰ 'ਤੇ ਲੜਕੀ ਦੇ ਹਰ ਕਾਰਜ ਉੱਪਰ ਕਰੜੀ ਨਿਗਾਹ ਰੱਖਦੇ ਹਨ, ਆਪਣੇ ਕੰਮ ਦਾ ਵਕਤ ਖਰਾਬ ਕਰਕੇ ਉਨ੍ਹਾਂ ਦੀ ਬਿਨਾ ਮਤਲਬ ਰਖਵਾਲੀ ਕਰਦੇ ਹਨ। ਇਸ ਸਭ ਕੁਫ ਦੀ ਵਿਅੰਗਮਈ ਤਸਵੀਰ ਇਸ ਕਵਿਤਾ ਵਿਚੋਂ ਪ੍ਰਾਪਤ ਹੁੰਦੀ ਹੈ। ਇਹ ਕਵਿਤਾ ਆਪਣੇ ਸਿਖ਼ਰ ਉੱਪਰ ਉਸ ਵਕਤ ਪਹੁੰਚਦੀ ਹੈ ਜਦੋਂ ਅੰਮ੍ਰਿਤਾ ਆਪਣੇ ਵਿਅੰਗ ਨੂੰ ਵੀ ਇਨ੍ਹਾਂ ਪੰਗਤੀਆਂ "ਨਿਰੀ ਪੁਰੀ ਸੇਵਾ ਹੈ ਸਮਾਜ ਦੀ" ਰਾਹੀਂ ਸਿਖ਼ਰ ਉੱਪਰ ਲੈ ਜਾਂਦੀ ਹੈ।

ਨਾਰੀ ਦੀ ਪੀੜਾ, ਵਿਲਕਣੀ, ਬੇਬਸੀ ਅਤੇ ਮਜ਼ਬੂਰੀਆਂ ਅੰਮ੍ਰਿਤਾ-ਕਾਵਿ ਵਿਚ ਪ੍ਰਸਤੁਤ ਤਾਂ ਹੋਈਆਂ ਹੀ ਹਨ ਇਸ ਤੋਂ ਇਲਾਵਾ ਉਸ ਨੇ ਕੁਝ ਕਵਿਤਾਵਾਂ ਅਜਿਹੀਆਂ ਵੀ ਲਿਖੀਆਂ ਹਨ ਜਿਹੜੀਆਂ ਉਸ ਦੀ ਨਾਰੀ ਸੰਵੇਦਨਾ ਦੇ ਅਸਲੋਂ ਵੱਖਰੇ ਪਾਸਾਰਾਂ ਨੂੰ ਸਾਮ੍ਹਣੇ ਲਿਆਉਂਦੀਆਂ ਹਨ। ਇਹ ਕਵਿਤਾਵਾਂ ਹਨ "ਵਕਤ", "ਇਕ ਸ਼ਹਿਰ", "ਇਕ ਘਟਨਾ" ਅਤੇ "ਲੰਗੜੀ ਛਾਂ"। ਇਹ ਚਾਰੇ ਕਵਿਤਾਵਾਂ **ਕਾਗਜ਼ ਤੇ ਕੈਨਵਸ** ਕਾਵਿ-ਸੰਗ੍ਰਹਿ ਵਿਚ ਦਰਜ ਹਨ। "ਵਕਤ" ਕਵਿਤਾ ਵਿਚ ਨਾਰੀ ਦੇ ਨਜ਼ਰੀਏ ਤੋਂ ਇਕ ਪਾਸੇ ਉਹ ਨਿਰੰਤਰ ਪਰਿਵਰਤਨਸ਼ੀਲ ਅਤੇ ਪ੍ਰਗਤੀ ਵੱਲ ਪਲਾਂਘਾਂ ਪੁੱਟ ਰਹੇ ਸਮੇਂ ਦਾ ਦ੍ਰਿਸ਼ ਪ੍ਰਸਤੁਤ ਕਰਦੀ ਹੈ, ਤੇ ਨਾਲ ਹੀ ਉਹ ਨਾਰੀ ਦੇ ਪ੍ਰਸੰਗ ਨੂੰ ਖੋਲ੍ਹਦੀ ਹੋਈ ਵਕਤ ਦੀ ਇਸ ਤਰੱਕੀ ਨੂੰ ਵਿਅੰਗ ਦਾ ਵਿਸ਼ਾ ਬਣਾਉਂਦੀ ਹੈ। ਨਾਰੀ ਦੀ ਤ੍ਰਾਸਦ-ਸਥਿਤੀ ਸਦਕਾ ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਇਹ ਬਾਹਰਲੀ ਤਰੱਕੀ ਅਸਲੋਂ ਅਰਥਹੀਣ ਜਾਪਦੀ ਹੈ ਕਿਉਂਕਿ ਇਸ ਤਰੱਕੀ ਦੇ ਬਾਵਜੂਦ ਅਜੇ ਵੀ ਨਾਰੀ ਦਾ ਸੌਦਾ ਹੁੰਦਾ ਹੈ। ਉਸ ਨੂੰ ਵਸਤੂ ਵਾਂਗ ਵੇਚਿਆ ਖਰੀਦਿਆ ਜਾਂਦਾ ਹੈ। ਉਸ ਨੂੰ ਪ੍ਰਤੀਤ ਹੁੰਦਾ ਹੈ ਕਿ ਸਿਵਾਏ ਓਹਲੇ ਅਤੇ ਪਰਦੇ ਦੇ ਆਧੁਨਿਕ ਯੁੱਗ ਦਾ ਨਾਰੀ ਪ੍ਰਤਿ ਵਿਹਾਰ ਮੱਧਕਾਲੀ ਯੁੱਗ ਤੋਂ ਵੱਖਰਾ ਨਹੀਂ ਹੈ। "ਇਕ ਸ਼ਹਿਰ" ਕਵਿਤਾ ਵਿਚ ਉਹ ਸਾਡੀ ਉਸ ਸੋਚ ਉਪਰ ਵਿਅੰਗ ਕੱਸਦੀ ਹੈ ਜਿਸ ਲਈ ਨਾਰੀ ਦੀ ਜਬਰਨ ਇਜ਼ਤ ਲੁੱਟੇ ਜਾਣਾ ਕਿਸੇ ਪ੍ਰਕਾਰ ਦੀ ਚਿੰਤਾ ਦਾ ਵਿਸ਼ੈ ਬਨਣ ਦੀ ਬਜਾਏ ਹਾਸੇ ਦਾ ਮੌਜੂ ਬਣਦਾ ਹੈ। ਉਹ ਨਾਰੀ ਦੀ ਇੱਜ਼ਤ ਲੁੱਟੇ ਜਾਣ ਉਪਰੰਤ ਇਹ ਸਭ ਕੁਝ ਨੂੰ ਠੱਠੇ ਤੇ ਮਜ਼ਾਕ ਦਾ ਵਿਸ਼ੈ ਬਣਾਉਣ ਵਾਲਿਆਂ ਦਾ ਮਜ਼ਾਕ ਉਡਾਉਂਦੀ ਹੋਈ ਸਥਿਤੀ ਦੀ ਸੰਜੀਦਗੀ ਨੂੰ ਚਿਤਰਦੀ ਹੈ।

"ਇਕ ਘਟਨਾ" ਅਤੇ "ਲੰਗੜੀ ਛਾਂ" ਕਵਿਤਾਵਾਂ ਵਿਚ ਉਹ ਨਾਰੀ ਦੇ ਮਮਤਾ ਰੂਪ ਦੇ ਦੀਦਾਰ ਕਰਵਾਉਂਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਇਕ ਮਾਂ ਦੀਆਂ ਭਾਵਨਾਵਾਂ ਨੂੰ ਸੁੰਦਰ ਪ੍ਰਗਟਾਵਾ ਮਿਲਿਆ ਹੈ। "ਇਕ ਘਟਨਾ" ਕਵਿਤਾ ਵਿਚ ਉਹ "ਕੁੱਖ ਦਾ ਕਰਜ਼ਾ ਕੌਣ ਉਤਾਰੇ" ਭਾਵ ਨੂੰ ਸਾਮ੍ਹਣੇ ਲਿਆਉਂਦੀ ਹੋਈ ਮਮਤਾ ਦੇ ਉਸ ਰੂਪ ਨੂੰ ਪ੍ਰਗਟਾਉਂਦੀ ਹੈ ਜਿਹੜਾ ਆਪਣੀ ਔਲਾਦ ਲਈ ਜ਼ਿੰਦਗੀ ਦੀ ਹਰ ਤਲਖੀ ਤੇ ਕੁੜਿੱਤਣ ਨੂੰ ਆਪਣੇ ਅੰਦਰ ਹੀ ਜਜ਼ਬ ਕਰੀ ਜਾਂਦਾ ਹੈ। ਵਿਹੁਲੇ ਚੌਗਿਰਦੇ ਸਦਕਾ ਭਾਵੇਂ ਉਸ ਨੂੰ ਮੌਤ ਵਰਗਾ ਜੀਵਨ ਕਿਉਂ ਨਾ ਬਸਰ ਕਰਨਾ ਪਵੇ, ਪਰ ਉਹ ਆਪਣੇ ਬੱਚਿਆਂ ਪ੍ਰਤਿ ਲਗਾਉ ਸਦਕਾ ਇਸ ਸਭ ਕੁਝ ਨੂੰ ਜਰ ਜਾਂਦੀ ਹੈ। ਵਿਆਹੁਤਾ ਜੀਵਨ ਤੋਂ ਪਿਛੋਂ ਜੇਕਰ ਇਕ ਮਾਂ ਦੁੱਖ-ਤਕਲੀਫ਼ਾਂ ਅਤੇ ਤਸੀਹਿਆਂ ਨੂੰ ਜਰਦੀ ਹੈ ਤਾਂ ਉਸ ਦਾ ਵੱਡਾ ਕਾਰਣ ਉਸ ਅੰਦਰਲੀ ਮਮਤਾ ਹੀ ਹੁੰਦੀ ਹੈ। ਇਸ ਜਰਨਸ਼ੀਲਤਾ ਦੀ ਚਰਮ ਸੀਮਾਂ ਨੂੰ ਅੰਮ੍ਰਿਤਾ ਉਸ ਸਮੇਂ ਵਿਅਕਤ ਕਰਦੀ ਹੈ ਜਦੋਂ ਕੋਈ ਮਾਂ ਇਸ ਅਸਹਿ ਜ਼ਿੰਦਗੀ ਤੋਂ ਤੰਗ ਆ ਕੇ ਮਰਨਾ ਚਾਹੁੰਦੀ ਹੈ ਪਰੰਤੂ ਉਸ ਦਾ ਮਮਤਾ ਮੋਹ ਉਸ ਨੂੰ ਅਜਿਹਾ ਨਹੀਂ ਕਰਨ ਦਿੰਦਾ। 'ਮੋਈ ਕੁੱਖ ਨੂੰ ਮਮਤਾ ਮਾਰੇ" ਪੰਗਤੀ ਕੁਝ ਇਸੇ ਕਿਸਮ ਦੀ ਭਾਵਨਾ ਦਾ ਪ੍ਰਗਟਾਵਾ ਕਹੀ ਜਾ ਸਕਦੀ ਹੈ। ਧਿਆਨਯੋਗ ਗੱਲ ਇਹ ਹੈ ਕਿ ਮਮਤਾ-ਮੋਹ ਵਿਚ ਗੜੁੱਚ ਇਨ੍ਹਾਂ ਕਵਿਤਾਵਾਂ ਵਿਚਲੀ ਨਾਰੀ ਪੀੜਾ-ਮੁਕਤ ਨਹੀਂ ਹੈ। "ਲੰਗੜੀ ਛਾਂ" ਵਿਚ ਉਹ ਉਸ ਨਾਰੀ ਦਾ ਬਿੰਬ ਪ੍ਰਸਤੁਤ ਕਰਦੀ ਹੈ ਜਿਹੜੀ ਆਪਣੇ ਬੱਚਿਆਂ ਦੇ ਜੁਆਨ ਹੋਣ ਵਿਚੋਂ ਹਰ ਕਿਸਮ ਦੀ ਤਸੱਲੀ ਦਾ ਅਨੁਭਵ ਕਰਦੀ ਹੈ ਅਤੇ ਆਪਣੇ ਦੁੱਖਾਂ ਨੂੰ ਨਹੀਂ ਗੌਲਦੀ। ਇਸ ਕਵਿਤਾ ਵਿਚ ਔਲਾਦ ਨੂੰ ਕੋਮਲ ਪੱਤਿਆਂ ਨਾਲ ਉਨ੍ਹਾਂ ਦੇ ਵਧਣ ਫੁੱਲਣ ਨੂੰ ਵਧਦੀਆਂ ਟਾਹਣੀਆਂ ਨਾਲ ਅਤੇ ਮਾਂ ਦੀ ਹੋਂਦ ਨੂੰ "ਸੁੱਕੀ ਟਾਹਣੀ" ਨਾਲ ਤੁਲਨਾਇਆ ਗਿਆ ਹੈ, ਇਹ ਸੁੱਕੀ ਟਾਹਣੀ ਕਈ ਤਰ੍ਹਾਂ ਦੀਆਂ ਮਜਬੂਰੀਆਂ ਅਤੇ ਸੰਕਟਾਂ ਦਾ ਸ਼ਿਕਾਰ ਹੋਣ ਦੇ ਬਾਵਜੂਦ ਆਪਣੇ ਬੱਚਿਆਂ ਨੂੰ ਹਰ ਪ੍ਰਕਾਰ ਦਾ ਆਸਰਾ ਪ੍ਰਦਾਨ ਕਰਦੀ ਹੈ। ਉਹ ਰੁੱਖ ਅਤੇ ਕੁੱਖ ਦੋਵਾਂ ਦੇ ਪੱਤਿਆਂ ਨੂੰ ਲਵਾ ਆਖਦੀ ਹੈ। ਇੰਜ ਉਹ ਇਨ੍ਹਾਂ ਕਵਿਤਾਵਾਂ ਵਿਚਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਰੀ ਦੇ ਪੀੜਾ-ਗ੍ਰਸਤ ਹੋਣ ਦੇ ਬਾਵਜੂਦ ਉਸ ਦੇ ਹਿਰਦੇ ਅੰਦਰ ਕੰਮ ਕਰਦੇ ਮਮਤਾ ਮੋਹ ਨੂੰ ਭਰਵੇਂ ਰੂਪ ਵਿਚ ਪ੍ਰਗਟਾਉਂਦੀ ਹੈ।

ਅੰਮ੍ਰਿਤਾ ਪ੍ਰੀਤਮ ਨਾਰੀ ਹੋਣ ਸਦਕਾ ਨਾ ਸਿਰਫ਼ ਨਾਰੀ ਦੇ ਜੀਵਨ ਦੇ ਵਿਭਿੰਨ ਪਾਸਾਰਾਂ ਨੂੰ ਹੀ ਨਾਰੀ ਦੇ ਕੋਣ ਤੋਂ ਵੇਖਦੀ ਹੈ ਬਲਕਿ ਨਾਰੀ ਨੂੰ ਪ੍ਰਾਪਤ ਹੁੰਦੇ ਅਣਸੁਖਾਵੇਂ ਮੁੱਲਾਂ, ਭਾਵੇਂ ਉਨ੍ਹਾਂ ਦਾ ਸੰਬੰਧ ਧਰਮ ਨਾਲ ਹੋਵੇ, ਰਾਜਨੀਤੀ ਨਾਲ ਜਾਂ ਅਰਥ ਵਿਵਸਥਾ ਨਾਲ, ਨੂੰ ਵੀ ਚਿਤਰਦੀ ਹੈ। ਇਸ ਸੰਦਰਭ ਵਿਚ ਉਸ ਵਲੋਂ ਦੇਸ਼-ਵੰਡ ਦੇ ਹਾਦਸੇ ਸਮੇਂ ਲਿਖੀਆਂ ਕਵਿਤਾਵਾਂ "ਅੱਜ ਆਖਾਂ ਵਾਰਸ ਸ਼ਾਹ ਨੂੰ", "ਪੰਜਾਬ ਦੀ ਕਹਾਣੀ", "ਤਵਾਰੀਖ", "ਕੌਣ ਧੋਏਗਾ ਖੂਨ", "ਜਨੂੰਨ", "ਮਜਬੂਰ" ਅਤੇ "ਕਣਕਾਂ ਦਾ ਗੀਤ" ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਉਹ ਇਸ ਹਾਦਸੇ, ਕਤਲੇਆਮ ਅਤੇ ਮਾਨਵੀ-ਮੁੱਲਾਂ ਦੇ ਨਿਘਾਰ ਨੂੰ ਵੀ ਇਕ ਬੇਬਸ ਨਾਰੀ ਦੇ ਕੋਣ ਤੋਂ ਵੇਖਦੀ ਹੈ। "ਪੁਰਸ਼ ਦੀ ਦੁਨੀਆ ਵਿਚ ਇਸਤਰੀ ਦੇ ਮਾਨਵੀ ਸੰਕਟ ਨੇ ਪੰਜਾਬ ਦੀ ਵੰਡ ਅਤੇ ਸੰਪਰਦਾਇਕ ਫਸਾਦਾਂ ਵਿਚ ਇਕ ਹੋਰ ਦੁਖਾਂਤਕ ਪਾਸਾਰ ਵੀ ਪ੍ਰਾਪਤ ਕੀਤਾ। ਉਧਾਲੇ, ਬਲਾਤਕਾਰਾਂ, ਔਰਤਾਂ ਦੇ ਨੰਗੇ ਜਲੂਸ ਅਤੇ ਉਨ੍ਹਾਂ ਉਤੇ ਹਰ ਪ੍ਰਕਾਰ ਦੇ ਜਿਨਸੀ ਅਤਿਆਚਾਰ, ਉਧਾਲੀਆਂ ਔਰਤਾਂ ਦੇ ਸਮਾਜਕ ਕਲੰਕ ਦੇ ਦੁਖਦਾਈ ਸਿੱਟਿਆਂ ਨੇ ਪੁਰਸ਼ ਦੀ ਵਹਿਸ਼ਤ ਦੀ ਸ਼ਿਕਾਰ ਇਸਤਰੀ ਦੀ ਸੰਪੂਰਨ ਨਿਆਸਰਤਾ ਦੇ ਸੱਚ ਨੂੰ ਹੋਰ ਵੀ ਉਗਰ ਸੁਰ ਵਿਚ ਉਚਾਰਿਆ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਵਿਚ ਇਸ ਅਤਿ ਦੁਖਾਂਤਕ ਪਰਿਸਥਿਤੀ ਦੀ ਡੂੰਘੀ ਮਾਨਵੀ ਪੀੜ ਨੇ ਬੜੇ ਪ੍ਰਭਾਵਕਾਰੀ ਰੂਪ ਪ੍ਰਾਪਤ ਕੀਤੇ ਹਨ। ਇਨ੍ਹਾਂ ਨਜ਼ਮਾਂ ਵਿਚ ਅੰਮ੍ਰਿਤਾ ਦੇ ਇਸਤਰੀ ਦੀ ਹੋਣੀ ਨਾਲ ਮੂਲ ਸਰੋਕਾਰ, ਉਸ ਹੋਣੀ ਨੂੰ ਬੜੇ ਤੀਖਣ ਰੂਪ ਵਿਚ ਪ੍ਰਗਟ ਕਰਨ ਵਾਲੀ ਇਤਿਹਾਸਕ ਪਰਿਸਥਿਤੀ ਦੀ ਵਿੱਥ ਸੋਝੀ ਅਤੇ ਉਸ ਦੀ ਮੂਲ ਵਿਆਪਕ ਮਾਨਵਵਾਦੀ ਅੰਤਰ ਦ੍ਰਿਸ਼ਟੀ ਵਿਚ ਇਕ ਮੌਲਿਕ-ਮਾਨਵਵਾਦੀ ਗਹਿਰਾਈ ਦੇਖਣ ਨੂੰ ਮਿਲੀ"।[41] ਅੰਮ੍ਰਿਤਾ ਦੀਆਂ ਕਈ ਕਵਿਤਾਵਾਂ ਦੇਸ਼-ਵੰਡ ਸਮੇਂ ਮਜ਼ਹਬੀ ਜਨੂੰਨ ਸਦਕਾ ਨਾਰੀ ਦੇ ਕੁਚਲੇ ਅਸਤਿਤਵ ਦੀ ਗਾਥਾ ਪ੍ਰਸਤੁਤ ਕਰਦੀਆਂ ਹਨ। ਉਹ ਇਸ ਜ਼ੁਲਮ ਨੂੰ ਨਾਰੀ ਦੇ ਕੋਣ ਤੇ ਹੀ ਵੇਖਦੀ ਹੋਈ ਇਸ ਵਿਚੋਂ ਮਰਦ ਦੇ ਨਾਰੀ ਉਪਰ ਜ਼ੁਲਮ ਦੀ ਸਿਖਰ ਦੇ ਦੀਦਾਰ ਕਰਦੀ ਹੈ। ਉਸ ਨੇ ਮਾਵਾਂ ਭੈਣਾਂ ਦੀ ਇੱਜ਼ਤ ਦੇ ਲੁੱਟੇ ਜਾਣ ਦੀ ਦਰਦਮਈ ਗਾਥਾ ਨੂੰ ਵੀ ਪ੍ਰਸਤੁਤ ਕੀਤਾ ਹੈ। ਇਸ ਜ਼ੁਲਮ ਤੇ ਤਸ਼ੱਦਦ ਦੀ ਪੇਸ਼ਕਾਰੀ ਲਈ ਉਹ ਤ੍ਰਾਸ ਤੇ ਰੋਸ ਦੀਆਂ ਭਾਵਨਾਵਾਂ ਦਾ ਮਿਸ਼ਰਣ ਕਰਦੀ ਹੈ। ਧਾਰਮਿਕ ਤੁਅੱਸਬ ਨੂੰ ਆਪਣੇ ਵਿਅੰਗ ਦਾ ਧੁਰਾ ਬਣਾਉਂਦੀ ਹੋਈ ਉਹ "ਕੌਣ ਧੋਏਗਾ ਖੂਨ" ਕਵਿਤਾ ਵਿਚ ਲਿਖਦੀ ਹੈ :

ਓਸ ਮਜ਼ਹਬ ਦੇ ਮੱਥੇ ਉਤੋਂ
ਕੌਣ ਧੋਏਗਾ ਖੂਨ ?
ਜਿਸ ਦੇ ਆਸ਼ਕ ਹਰ ਇਕ ਪਾਪ
ਮਜ਼ਹਬ ਦੇ ਮੱਥੇ ਲਾਈ ਜਾਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰ ਇਕ ਬੋਲ ਕਸੈਲਾ
ਹਰ ਇਕ ਸੋਚ ਅਵੈੜੀ
ਹਰ ਪੱਲੇ ਕੰਡਿਆਲੇ
ਰਾਹ ਰਾਹ ਜਾਂਦਿਆਂ ਖਹਿਸਰ ਜਾਨ
ਪਾੜਨ ਹਿੱਕਾਂ ਕੂਲੀਆਂ
ਡੋਲ੍ਹਣ ਲਹੂ ਜੁਆਨ
ਤੇ ਲਹੂ ਗੜੁਚੇ ਹੱਥ
ਮਜ਼ਹਬ ਦੀ ਬੁੱਕਲ ਵਿਚ ਛਪਾਨ ।[42]

ਏਸੇ ਮਜ਼ਹਬੀ ਤੁਅੱਸਬ ਨੂੰ ਹੀ ਉਹ ਅਨੁਭਵ ਦੀ ਬਾਰੀਕੀ ਨਾਲ ਅਤਿ ਕਰੁਣਾਮਈ ਸੁਰ ਵਿਚ ਪ੍ਰਸਤੁਤ ਕਰਦੀ ਹੋਈ "ਜਨੂੰਨ" ਕਵਿਤਾ ਵਿਚ ਵੀ ਲਿਖਦੀ ਹੈ :

ਜਿਉਂ ਗਿਰਝਾਂ ਦੀਆਂ ਚੁੰਝਾਂ
ਜੀਉਂਦੇ ਮੋਏ ਹੱਡ ਕਿਸੇ ਦੇ
ਚੁੰਡ ਚੁੰਡ ਕੇ ਖਾਨ
ਬਹੂ ਬੇਟੀ ਦੀ ਭੁਲ ਜਾਏ ਪਹਿਚਾਨ ।[43]

ਇੰਜ ਉਹ ਦੇਸ਼ ਵੰਡ ਸਮੇਂ ਧਾਰਮਿਕ ਵਹਿਸ਼ਤ, ਜਨੂੰਨ ਅਤੇ ਜ਼ਬਰ ਦਾ ਸ਼ਿਕਾਰ ਹੋਈ ਨਾਰੀ ਦੀ ਦੁਖਮਈ ਮਾਨਸਿਕਤਾ ਨੂੰ ਬੋਲ ਪ੍ਰਦਾਨ ਕਰਦੀ ਹੈ ।

ਸਪੱਸ਼ਟ ਹੈ ਕਿ ਅੰਮ੍ਰਿਤਾ ਨਾਰੀ ਜੀਵਨ ਦੇ ਵਿਭਿੰਨ ਪਾਸਾਰਾਂ ਨੂੰ ਵੰਨ-ਸੁਵੰਨੇ ਬਿੰਬਾਂ ਰਾਹੀਂ ਆਪਣੀਆਂ ਰਚਨਾਵਾਂ ਵਿਚ ਪ੍ਰਸਤੁਤ ਕਰਦੀ ਹੈ । ਇਨ੍ਹਾਂ ਵੰਨ-ਸੁਵੰਨੇ ਬਿੰਬਾਂ ਦਾ ਸੰਬੰਧ ਸਾਡੇ ਸਮਾਜ ਸਭਿਆਚਾਰਕ ਮੁੱਲਾਂ ਨਾਲ ਵੀ ਹੈ, ਵਿਆਹ ਸੰਬੰਧੀ ਪ੍ਰਚਲਿਤ ਪਰੰਪਰਾ-ਗਤ ਕੀਮਤਾਂ ਨਾਲ ਵੀ, ਨਾਰੀ ਲਈ ਅਸਹਿ ਸਮਾਜਕ ਵਾਤਾਵਰਣ ਨਾਲ ਵੀ, ਰਾਜਨੀਤੀ ਦੇ ਕੋਝੇ ਪਾਸਾਰਾਂ ਨਾਲ ਵੀ ਅਤੇ ਧਰਮ ਦੇ ਪਿਛਾਂਹ ਖਿੱਚੂ ਰੋਲ ਨਾਲ ਵੀ । ਉਹ ਆਪਣੀ ਕਾਵਿ-ਰਚਨਾ ਵਿਚ ਨਾਰੀ ਦੀ ਪੀੜ ਨੂੰ ਪੂਰੀ ਤੀਖਣਤਾ ਸਹਿਤ ਅਨੁਭਵ ਕਰਦੀ ਹੋਈ ਹਰ ਪ੍ਰਕਾਰ ਦੇ ਪਰੰਪਰਾਗਤ ਮੁੱਲਾਂ ਦਾ ਵਿਰੋਧ ਕਰਦੀ ਹੈ । "ਅੰਮ੍ਰਿਤਾ ਪਾਸ ਤਰਕ ਹੈ । ਉਹ ਵਕੀਲ ਵਾਂਗ ਇਸਤਰੀ ਦੇ ਹੱਕ ਦਾ ਮੁਕੱਦਮਾ ਪੇਸ਼ ਕਰਦੀ ਹੈ । ਇਸਤਰੀ ਦੀ ਪਾਕ ਮੁਹੱਬਤ ਦੇ ਹੱਕ ਦੀ ਸ਼ੁਰੂ ਤੋਂ ਹੀ ਅੰਮ੍ਰਿਤਾ ਪ੍ਰੀਤਮ ਮੁਦਈ ਰਹੀ ਹੈ । ਇਹ ਮੰਗ ਸਮੂਹ ਨਾਰੀ ਸਮਾਜ ਦੀ ਹੈ । ਜਦੋਂ ਸਮੂਹ ਨਾਰੀ ਸਮਾਜ ਇਸ ਤੋਂ ਮਹਿਰੂਮ ਰਹਿੰਦਾ ਹੈ ਤਾਂ ਉਸ ਅੰਦਰ ਨਿਰਾਸ਼ਾ ਤੇ ਵਿਰੋਧ ਦੇ ਭਾਵ ਜਾਗਦੇ ਹਨ । ਉਸ ਦੇ ਕਾਵਿ ਵਿਚ ਵਿਸ਼ਾਦ ਦਾ ਡੰਗ ਹੈ । ਇਸੇ ਡੰਗ ਨੂੰ ਉਹ ਲੋਕ ਮਨ ਦੀ ਅਭਿਵਿਅਕਤੀ ਦਾ ਮਾਧਿਅਮ ਬਣਾਉਂਦੀ ਹੈ ।"[44]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਰਅਸਲ ਅੰਮ੍ਰਿਤਾ ਕਾਵਿ ਦਾ ਧੁਰਾ ਹੀ ਪਰੰਪਰਾਗਤ ਕਦਰਾਂ ਕੀਮਤਾਂ ਪ੍ਰਤਿ ਇਕ ਨਾਰੀ ਦਾ ਵਿਦਰੋਹ ਹੈ। ਇਸੇ ਨੂੰ ਉਹ ਆਪਣੀ ਰਚਨਾ ਦੇ ਮੂਲ ਤਨਾਉ ਵਜੋਂ ਪੇਸ਼ ਕਰਦੀ ਹੋਈ ਪੀੜਾ ਤੇ ਰੋਸਮਈ ਪ੍ਰਤਿਕਿਰਿਆ ਦਾ ਮਿਸ਼ਰਣ ਪ੍ਰਸਤੁਤ ਕਰਦੀ ਹੈ। ਇਸ ਰੋਸਮਈ ਪ੍ਰਤਿਕਿਰਿਆ ਪਿੱਛੇ ਮਰਦ-ਪੱਖੀ ਕੀਮਤਾਂ ਜਾਂ ਮਰਦ-ਪ੍ਰਧਾਨ ਸਮਾਜ ਦੀ ਕਾਰਜਸ਼ੀਲਤਾ ਪਛਾਣੀ ਜਾ ਸਕਦੀ ਹੈ। ਅਸਲ ਵਿਚ ਉਸ ਦੀ ਕਾਵਿ ਰਚਨਾ ਵਿਚ ਪ੍ਰਸਤੁਤ ਨਾਰੀ ਨੇ ਚੌਗਿਰਦੇ ਵਿਚਲੇ ਅਣਸੁਖਾਵੇਂ ਵਾਤਾਵਰਣ, ਘੁਟਨ ਅਤੇ ਦਰਦ ਨੂੰ ਪੂਰਨ ਭਾਂਤ ਆਪਣੇ ਅੰਦਰ ਆਤਮਸਾਤ ਕੀਤਾ ਹੋਇਆ ਹੈ। ਇਸ ਘੁਟਨ ਦੇ ਅਹਿਸਾਸ ਪਿੱਛੇ ਉਸ ਦੀ ਤੀਖਣ ਇਤਿਹਾਸਕ ਸੋਝੀ ਹੈ। ਇਸ ਇਤਿਹਾਸ ਵਿਚੋਂ ਤਾਂ ਨਾਰੀ ਨੂੰ ਪਰੰਪਰਾਗਤ ਕੀਮਤਾਂ ਦੀ ਹੁੰਮਸ ਤੋਂ ਸਿਵਾਏ ਹੋਰ ਕੁਝ ਵੀ ਪ੍ਰਾਪਤ ਨਹੀਂ ਹੋਇਆ। ਅੱਜ ਵੀ ਉਹ ਗੁਲਾਮਾਨਾ ਜੀਵਨ ਹੀ ਬਸਰ ਕਰ ਰਹੀ ਹੈ। ਇਸ ਇਤਿਹਾਸਕ ਸੋਝੀ ਨੂੰ ਅੰਮ੍ਰਿਤਾ ਪ੍ਰੀਤਮ ਆਪਣੀ ਕਵਿਤਾ ਵਿਚ ਢਾਲਦੀ ਹੈ। ਨਾਰੀ ਦੀ ਬਚਪਨ ਦੀ ਅਵਸਥਾ ਨੂੰ ਉਹ ਵਧੇਰੇ ਕਰਕੇ ਪਰੰਪਰਾਗਤ ਆਦਰਸ਼ਵਾਦੀ ਤੇ ਰੁਮਾਂਟਿਕ ਪੁੱਠ ਚਾੜ੍ਹ ਕੇ ਹੀ ਪ੍ਰਸਤੁਤ ਕਰਦੀ ਹੈ। ਉਸ ਦੇ ਧਿਆਨ ਦਾ ਕੇਂਦਰ-ਬਿੰਦੂ ਨਾਰੀ-ਜੀਵਨ ਵਿਚ ਵਾਪਰਦੀ ਵਿਆਹ ਦੀ ਘਟਨਾ ਹੈ ਜਿਸ ਨੂੰ ਉਹ "ਹਾਦਸਾ" ਤਸੱਵੁਰ ਕਰਦੀ ਹੈ। ਇਸ ਹਾਦਸੇ ਭਰੀ ਘਟਨਾ ਨੂੰ ਉਹ ਤਿੱਖੇ ਵਿਅੰਗ ਦੀ ਸ਼ੈਲੀ ਰਾਹੀਂ ਰੂਪਮਾਨ ਕਰਦੀ ਹੈ। ਘਰ ਦੀ ਚਾਰ ਦੀਵਾਰੀ ਵਿਚ ਜਕੜੀ ਨਾਰੀ ਕਿਸ ਪ੍ਰਕਾਰ ਘੁਟਨ ਤੇ ਹੁੰਮਸ ਮਹਿਸੂਸ ਕਰਦੀ ਹੈ ਅਤੇ ਉਸ ਦੇ ਅਸਤਿਤਵ ਅੰਦਰ ਕਿੰਜ ਸੁਤੰਤਰਤਾ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਅਣਸੁਖਾਵੇਂ ਵਾਤਾਵਰਣ ਸਦਕਾ ਦਮ ਤੋੜ ਜਾਂਦੀ ਹੈ ਅਜਿਹੇ ਅਨੁਭਵ ਨੂੰ ਉਹ ਪੂਰੀ ਤੀਬਰਤਾ ਤੇ ਤੀਖਣਤਾ ਸਹਿਤ ਪ੍ਰਸਤੁਤ ਕਰਦੀ ਹੈ। ਇਸ ਦਮਿਤ ਨਾਰੀ ਦੇ ਸੁਪਨੇ ਤੇ ਵਾਸਤਵਿਕਤਾ ਦਾ ਤਨਾਉ ਉਸ ਦੀ ਰਚਨਾ ਵਿਚ ਮਹੱਤਵ ਗ੍ਰਹਿਣ ਕਰਦਾ ਹੈ। ਇਸ ਤਨਾਉ ਵਿਚ ਨਾਰੀ ਦੇ ਦੱਬੇ-ਲਿਤਾੜੇ ਜਜ਼ਬੇ ਤੇ ਪੀੜਿਤ ਮਨੋਸਥਿਤੀ ਸਭ ਤੋਂ ਵਧ ਉਜਾਗਰ ਹੋਏ ਹਨ। ਜੇਕਰ ਇਤਿਹਾਸਕ ਪ੍ਰਕਰਣ ਵਿਚ ਵੇਖੀਏ ਤਾਂ ਉਹ ਕਾਵਿ ਦੇ ਮਾਧਿਅਮ ਰਾਹੀਂ ਨਾਰੀ-ਪੱਖੀ ਲਹਿਰ ਦਾ ਆਗਾਜ਼ ਕਰਦੀ ਪ੍ਰਤੀਤ ਹੁੰਦੀ ਹੈ। ਨਾਰੀ-ਪੱਖੀ ਸਿਰਜਣਾ ਲਈ ਉਹ ਮਰਦ-ਪ੍ਰਭੁਤਾ, ਨਾਰੀ ਅਧੀਨਗੀ ਅਤੇ ਨਾਰੀ ਨੂੰ ਆਪਣੇ ਜੀਵਨ ਵਿਚ ਪ੍ਰਾਪਤ ਪ੍ਰਤਿਬੰਧ-ਪੂਰਨ ਜ਼ਿੰਦਗੀ ਦੇ ਸਾਰੇ ਪਾਸਾਰਾਂ ਨੂੰ ਛੋਂਹਦੀ ਹੈ। ਉਹ ਹਰ ਪੱਖੋਂ ਨਾਰੀ ਦੀ ਤ੍ਰਾਸਦ-ਸਥਿਤੀ ਦੇ ਖਿਲਾਫ਼ ਪ੍ਰਤੱਖ ਤੇ ਗੁੱਝੇ ਪੱਧਰ ਉਪਰ ਆਵਾਜ਼ ਬੁਲੰਦ ਕਰਕੇ ਉਸ ਨੂੰ ਸਮਾਨਤਾ ਭਰਿਆ ਰੁਤਬਾ ਦਿਵਾਉਣ ਦੀ ਲੋਚਾ ਰੱਖਦੀ ਹੈ। "ਪੰਜਾਬੀ ਲੋਕਾਚਾਰ ਦੇ ਪੌਰਸ਼ਮਈ ਪ੍ਰਬੰਧ ਅਤੇ ਕਵਿੱਤ੍ਰੀ ਦੀ ਨਾਰਤ੍ਵ ਸੰਵੇਦਨਸ਼ੀਲਤਾ ਦਾ ਤਨਾਉ ਅੰਮ੍ਰਿਤਾ-ਕਾਵਿ ਚੇਤਨਾ ਦਾ ਅਜਿਹਾ ਪੱਖ ਹੈ ਜੋ ਆਪਣੇ ਜ੍ਵਲੰਤ ਰੂਪ ਵਿਚ ਅੰਮ੍ਰਿਤਾ-ਕਾਵਿ ਵਿਚ ਮੂਰਤੀਮਾਨ ਹੋਇਆ ਹੈ।"[45]

ਸਮੁੱਚੀ ਵਿਚਾਰ-ਚਰਚਾ ਨੂੰ ਸੂਤਰਾਂ ਵਿਚ ਸਮੇਟਦੇ ਹੋਏ ਕਿਹਾ ਜਾ ਸਕਦਾ ਹੈ ਕਿ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੳ. ਪੂਰਵ ਅੰਮ੍ਰਿਤਾ ਯੁੱਗ ਵਿਚ ਸਾਨੂੰ ਕੋਈ ਵੀ ਅਜਿਹੀ ਇਸਤਰੀ-ਕਵੀ ਪ੍ਰਾਪਤ ਨਹੀਂ ਹੋਈ ਜਿਸ ਦੇ ਕਾਵਿ ਵਿਚੋਂ ਨਾਰੀ-ਸੰਵੇਦਨਾ ਪ੍ਰਤਿ ਭਰਵੇਂ ਸੰਕੇਤ ਪ੍ਰਾਪਤ ਹੁੰਦੇ ਹੋਣ। ਉਸ ਤੋਂ ਪੂਰਵਲੇ ਯੁੱਗ ਵਿਚ ਜੇਕਰ ਇਸਤਰੀਆਂ ਦੁਆਰਾ ਕਾਵਿ ਰਚਨਾ ਵੀ ਹੈ ਤਾਂ ਉਸ ਦੀ ਉਭਰਵੀਂ ਸੁਰ ਧਾਰਮਿਕ ਅਤੇ ਸੁਧਾਰਵਾਦੀ ਕਿਸਮ ਦੀ ਹੈ। ਮਰਦ ਪ੍ਰਧਾਨ ਸਮਾਜ ਵਿਚ ਨਾਰੀ ਦੀ ਸੰਵੇਦਨਾ ਨੂੰ ਭਰਵੇਂ ਤੇ ਭਰਪੂਰ ਰੂਪ ਵਿਚ ਚਿਤਰ ਕੇ ਅੰਮ੍ਰਿਤਾ ਪ੍ਰੀਤਮ ਨੇ ਇਤਿਹਾਸਿਕ ਭੂਮਿਕਾ ਅਦਾ ਕੀਤੀ ਹੈ।

ਅ. ਅੰਮ੍ਰਿਤਾ-ਕਾਵਿ ਵਿਚ ਨਾਰੀ ਦੇ ਬਾਲ-ਜੀਵਨ ਦੇ ਦ੍ਰਿਸ਼ ਤਾਂ ਹਨ ਪਰ ਉਨ੍ਹਾਂ ਅੰਦਰ ਨਾਰੀ-ਸੰਵੇਦਨਾ ਦੀ ਪਛਾਣ ਕਰਨ ਵਾਲੀ ਦ੍ਰਿਸ਼ਟੀ ਦੀ ਅਣਹੋਂਦ ਹੈ। ਬਾਲ-ਅਵਸਥਾ ਨਾਲ ਸੰਬੰਧਿਤ ਇਨ੍ਹਾਂ ਕਵਿਤਾਵਾਂ ਵਿਚ ਬੇਫਿਕਰੀ, ਸਹੇਲੀਆਂ ਦੇ ਮੇਲ ਅਤੇ ਉਨ੍ਹਾਂ ਤੋਂ ਵਿਛੜਨ ਦਾ ਹੇਰਵਾ ਤਾਂ ਹੈ ਪਰ ਇਹ ਸਭ ਕੁਝ ਸਾਡੇ ਸਭਿਆਚਾਰ ਦੇ ਧੁਰ ਡੂੰਘ, ਜਿਸ ਵਿਚ ਨਾਰੀ ਪ੍ਰਤਿ ਅਸੁਖਾਵੀਆਂ ਤੇ ਅਸੰਤੁਲਿਤ ਕਦਰਾਂ-ਕੀਮਤਾਂ ਹਨ, ਤਕ ਨਹੀਂ ਅਪੜਦਾ। ਇਸ ਲਈ ਕਈ ਵਾਰ ਇਹ ਕਵਿਤਾਵਾਂ ਕਵਿਤਰੀ ਦੇ ਨਿੱਜ ਤੋਂ ਪਾਰ ਫੈਲ ਕੇ ਪਰ ਤਕ ਅਪੜਦੀਆਂ ਪ੍ਰਤੀਤ ਨਹੀਂ ਹੁੰਦੀਆਂ। ਜਿੱਥੇ ਕਿਧਰੇ ਉਹ ਸਦੀਵੀ ਜੀਵਨ-ਮੁੱਲਾਂ ਨਾਲ ਨਾਤਾ ਜੋੜ ਕੇ ਕਿਸੇ ਸਾਂਝੀ ਹੂਕ ਨੂੰ ਪੇਸ਼ ਕਰਦੀ ਵੀ ਹੈ, ਉਥੇ ਵੀ ਜਾਂ ਤਾਂ ਜੀਵਨ ਦੇ ਇਸ ਵਿਸ਼ੇਸ਼ ਬਿੰਦੂ ਦੇ ਵੰਨ-ਸੁਵੰਨੇ ਤੇ ਰੰਗ ਬਿਰੰਗੇ ਬਿੰਬ ਹਨ ਅਤੇ ਜਾਂ ਸਦੀਵੀ ਮੁੱਲਾਂ ਨੂੰ ਪਕੜਣ ਵਾਲੀ ਹੂਕ ਪਰ ਇਨ੍ਹਾਂ ਦੋਹਾਂ ਵਿਚੋਂ ਵਾਤਾਵਰਣ ਵਿਚਲੀ ਉਹ ਘੁਟਣ, ਬੇਬਸੀ, ਭੇਦ ਭਾਵ ਅਤੇ ਮਜਬੂਰੀ ਨਹੀਂ ਲਭਦੀ ਜਿਹੜੀ ਨਾਰੀ ਦੇ ਚੌਗਿਰਦੇ ਵਿਚ ਪੱਸਰੀ ਹੋਈ ਹੈ।

ੲ. ਅੰਮ੍ਰਿਤਾ ਪ੍ਰੀਤਮ ਨੇ ਆਪਣੀਆਂ ਰਚਨਾਵਾਂ ਵਿਚ ਨਾਰੀ ਦੇ ਜੁਆਨ ਜਜ਼ਬਿਆਂ ਨੂੰ ਬਿਆਨਣ ਦੀ ਦਲੇਰੀ ਵੀ ਕੀਤੀ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਇਹ ਰਚਨਾਵਾਂ ਵਿਸ਼ੇਸ਼ ਮਹੱਤਵ ਦੀਆਂ ਧਾਰਣੀ ਇਸ ਕਰਕੇ ਹਨ ਕਿਉਂਕਿ ਨਾਰੀ ਪ੍ਰਤਿ ਅਣਸੁਖਾਵਾਂ ਮਾਹੌਲ ਹੋਣ ਦੇ ਬਾਵਜੂਦ ਉਹ ਉਸ ਦੇ ਪ੍ਰੀਤ-ਜਜ਼ਬੇ ਨੂੰ ਪੂਰੀ ਦਲੇਰੀ ਨਾਲ ਚਿਤਰਦੀ ਹੈ। ਪ੍ਰੀਤ ਪੈਣ/ਪਾਉਣ ਤੋਂ ਲੈ ਕੇ ਨਾਰੀ ਦੇ ਪ੍ਰੀਤ-ਖੇਤਰ ਵਿਚ ਸਫਲ-ਅਸਫਲ ਰਹਿਣ ਤਕ ਦੇ ਸਮੁੱਚੇ ਪੈਂਡੇ ਨੂੰ ਉਸ ਨੇ ਆਪਣੀਆਂ ਕਵਿਤਾਵਾਂ ਵਿਚ ਢਾਲਣ ਦਾ ਯਤਨ ਕੀਤਾ ਹੈ।

ਸ. ਆਪਣੀ ਕਾਵਿ-ਰਚਨਾ ਦੇ ਆਰੰਭਿਕ ਪੜਾਅ ਵਿਚ ਅੰਮ੍ਰਿਤਾ ਮੱਧਕਾਲੀ ਪਰੰਪਰਾ ਦੀ ਹੀ ਪਿਛਲਗ ਰਹਿੰਦੀ ਹੈ ਪਰੰਤੂ ਜਿਉਂ ਜਿਉਂ ਉਸ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਰੀ ਦੀ ਵਿਸ਼ਾਦ-ਗ੍ਰਸਤ ਅਵਸਥਾ ਦਾ ਬੋਧ ਹੁੰਦਾ ਹੈ ਤਿਉਂ ਤਿਉਂ ਉਸ ਦੀ ਸ਼ਾਇਰੀ ਨਾਰੀ-ਸੰਵੇਦਨਾ ਨਾਲ ਓਤਪੋਤ ਹੋਣੀ ਸ਼ਰੂ ਹੋ ਜਾਂਦੀ ਹੈ। ਫਿਰ ਉਹ ਸਚੇਤ ਪੱਧਰ ਉੱਪਰ ਨਾਰੀ ਦੇ ਪ੍ਰਚਲਿਤ ਤੇ ਪਰੰਪਰਾਗਤ ਬਿੰਬ ਨੂੰ ਤੋੜਦੀ ਹੋਈ ਉਸ ਦੀ ਨਿਗਰ ਤੇ ਭਰਵੇਂ ਰੂਪ ਵਿਚ ਆਜ਼ਾਦੀ ਭਰਿਆ ਜੀਵਨ ਜੀਊਣ ਦੀ ਲੋਚਾ ਨੂੰ ਦ੍ਰਿੜ ਕਰਦੀ ਹੈ। ਕਵਿੱਤਰੀ ਪਹਿਲੀ ਵਾਰ ਅਜਿਹੇ ਚਿੰਤਨ-ਮਾਡਲਾਂ ਦੀ ਪਛਾਣ ਕਰਕੇ ਉਨ੍ਹਾਂ ਦਾ ਤਿੱਖਾ ਵਿਰੋਧ ਕਰਦੀ ਹੈ ਜਿਨ੍ਹਾਂ ਉੱਪਰ ਪੁਰਖ-ਪ੍ਰਭੁੱਤਾ ਦੀ ਗਹਿਰੀ ਛਾਪ ਲੱਗੀ ਹੋਈ ਹੈ। ਇਸ ਤਰ੍ਹਾਂ ਉਹ ਪਹਿਲੀ ਵਾਰ ਜਗੀਰੂ ਕੀਮਤਾਂ ਵਾਲੇ ਸਭਿਆਚਾਰ ਤੇ ਸਮਾਜਕ ਵਰਤਾਰੇ ਵਿਚ ਨਾਰੀ ਦੀ ਗੁਆਚ ਚੁੱਕੀ ਹੋਂਦ ਦੀ ਗਾਥਾ ਪ੍ਰਸਤੁਤ ਕਰਦੀ ਹੈ। ਕਿਧਰੇ ਕਿਧਰੇ ਉਹ ਆਪਣੇ ਕਟਾਖਸ਼ ਦਾ ਨਿਸ਼ਾਨਾ ਮਰਦ ਜ਼ਾਤ ਨੂੰ ਬਣਾਉਂਦੀ ਹੈ ਅਤੇ ਕਿਧਰੇ ਉਨ੍ਹਾਂ ਚਿੰਤਕ ਮਾਡਲਾਂ ਨੂੰ ਜਿਨ੍ਹਾਂ ਨੇ ਨਾਰੀ ਦੇ ਅਸਤਿਤਵ ਦੁਆਲੇ ਅਨੇਕ ਤਰ੍ਹਾਂ ਦੀਆਂ ਵਲਗਣਾਂ ਉਸਾਰੀਆਂ ਹੋਈਆਂ ਹਨ। ਦੋਵਾਂ ਸੂਰਤਾਂ ਵਿਚ ਹੀ ਉਹ ਨਾਰੀ ਜ਼ਾਤੀ ਦੀ ਸੁਤੰਤਰਤਾ ਉੱਪਰ ਜ਼ੋਰ ਦੇਂਦੀ ਹੈ।

ਹ. ਅੰਮ੍ਰਿਤਾ-ਕਾਵਿ ਵਿਚ ਇਸ ਗੱਲ ਦੀ ਭਲੀ ਭਾਂਤ ਪਛਾਣ ਹੋ ਜਾਂਦੀ ਹੈ ਕਿ ਨਾਰੀ ਦੀਆਂ ਸਮੱਸਿਆਵਾਂ ਦਾ ਵੱਡਾ ਕਾਰਣ ਉਸ ਦੀ ਮਰਦ ਉੱਪਰ ਆਰਥਿਕ ਨਿਰਭਰਤਾ ਹੈ। ਉਸ ਦੀ ਕਾਵਿ-ਰਚਨਾ ਇਸ ਆਰਥਿਕ-ਨਿਰਭਰਤਾ ਦੇ ਸੰਦਰਭ ਵਿਚ ਨਾਰੀ ਦੀ ਬੇਪਛਾਣ ਸ਼ਖਸੀਅਤ ਉੱਪਰ ਟਿੱਪਣੀਆਂ ਕਰਦੀ ਹੋਈ ਆਲੇ ਦੁਆਲੇ ਦੀ ਕਰੂਰਤਾ ਨੂੰ ਸਾਮ੍ਹਣੇ ਲਿਆਉਂਦੀ ਹੈ। ਉਸ ਦੇ ਕਾਵਿ ਵਿਚਲੀ ਨਾਰੀ ਮਾਨਵੀ-ਪਛਾਣ ਦੀ ਲੋਚਾ ਰੱਖਦੀ ਹੈ। ਨਾਰੀ ਦੀ ਇਸ ਆਰਥਿਕ ਨਿਰਭਰਤਾ ਨੂੰ ਉਹ ਅੱਗੋਂ ਸਮਾਜਕ, ਭਾਵੂਕ ਤੇ ਮਨੋਵਿਗਿਆਨਕ ਸੰਦਰਭਾਂ ਵਿਚ ਫੈਲਾ ਕੇ ਵਿਆਪਕ ਰੂਪ ਵਿਚ ਪ੍ਰਸਤੁਤ ਕਰਦੀ ਹੈ। ਇਨ੍ਹਾਂ ਸੰਦਰਭਾਂ ਵਿਚ ਹੀ ਉਹ ਪਹਿਲੀ ਨਾਰੀ ਦੀ ਮਜਬੂਰੀ ਅਤੇ ਮਰਜ਼ੀ ਦੇ ਤਨਾਉ ਨੂੰ ਸਾਮ੍ਹਣੇ ਲਿਆਉਂਦੀ ਹੈ।

ਕ. ਅੰਮ੍ਰਿਤਾ-ਕਾਵਿ ਨਾਰੀ ਦੀ ਬੇਬਸੀ ਤੇ ਗੁਲਾਮੀ ਨੂੰ ਸਾਡੇ ਵਿਆਹ-ਪ੍ਰਬੰਧ ਦੀ ਅਸਲੀਅਤ ਰਾਹੀਂ ਵੀ ਸਮੂਰਤ ਕਰਦਾ ਹੈ। ਉਹ ਵਿਆਹ-ਪ੍ਰਬੰਧ ਦੇ ਪ੍ਰਸੰਗ ਵਿਚ ਜੁਗਾਂ-ਜੁਗਾਂਤਰਾਂ ਤੋਂ ਚਲੀਆਂ ਆ ਰਹੀਆਂ ਰੀਤਾਂ ਨੂੰ ਨਕਾਰਦੀ ਤੇ ਤਿਰਸਕਾਰਦੀ ਹੈ। ਇਥੇ ਪਹੁੰਚ ਕੇ ਉਹ ਮਰਦ-ਪ੍ਰਧਾਨ ਸਮਾਜ ਦੀਆਂ ਵਧੀਕੀਆਂ ਤੇ ਔਰਤ ਦੀ ਬੇਬਸ ਤੇ ਵਸਤੂ ਬਣੀ ਹੋਂਦ ਦਾ ਪਰਿਚਯ ਦੇਂਦੀ ਹੈ। ਨਾਰੀ ਦੀ ਬੇਬਸੀ ਉੱਪਰ ਉਸਰੇ ਇਸ ਵਿਆਹ-ਪ੍ਰਬੰਧ ਨੂੰ ਉਹ "ਵਿਆਹ" ਮੰਨਣ ਦੀ ਥਾਂ ਇਕ "ਵਿਉਪਾਰ" ਮੰਨਦੀ ਹੈ, ਇਕ ਅਜਿਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਉਪਾਰ ਜਿਸ ਵਿਚ ਨਾਰੀ ਦੀ ਰੂਹ ਅਤੇ ਜਿਸਮ ਦੋਵੇਂ ਕੁਚਲੇ ਜਾਂਦੇ ਹਨ। ਵਿਆਹ ਤੇ ਵੇਸਵਾਪੁਣੇ ਅਤੇ ਘਰ ਤੇ ਵੇਸਵਾ ਦੇ ਕੋਠੇ ਵਿਚ ਇਸੇ ਲਈ ਉਹ ਬਹੁਤਾ ਅੰਤਰ ਨਹੀਂ ਸਮਝਦੀ। ਉਹ ਨਾਰੀ ਦੀ ਵਿਆਹ-ਪੂਰਵਲੀ, ਵਿਆਹ ਸਮੇਂ ਦੀ ਅਤੇ ਵਿਆਹ ਤੋਂ ਪਿੱਛੋਂ ਦੀ ਸਥਿਤੀ ਨੂੰ ਪੇਸ਼ ਕਰਦੀ ਹੈ। ਉਸ ਦੀ ਕਵਿਤਾ ਦੇ ਕੇਂਦਰ ਵਿਚ ਵਿਆਹ ਦਾ ਥੀਮ ਹੀ ਹਾਜ਼ਰ ਰਹਿੰਦਾ ਹੈ ਅਤੇ ਇਸ ਥੀਮ ਦੇ ਦੁਆਲੇ ਉਸ ਦੀ ਕਵਿਤਾ ਵਿਚ ਦੁੱਖ ਹੀ ਦੁੱਖ ਪੱਸਰਿਆ ਹੋਇਆ ਹੈ।

ਖ. ਅੰਮ੍ਰਿਤਾ-ਕਾਵਿ ਉਸ ਸਮਾਜਕ ਵਰਤਾਰੇ ਨੂੰ ਵੀ ਆਪਣੇ ਵਿਅੰਗ ਦਾ ਵਿਸ਼ਾ ਬਣਾਉਂਦੀ ਹੈ ਜਿਹੜਾ ਨਾਰੀ ਜੀਵਨ ਦੁਆਲੇ ਵੱਖ ਵੱਖ ਕਿਸਮ ਦੀਆਂ ਦੀਵਾਰਾਂ ਜਾਂ ਪਾਬੰਦੀਆਂ ਦੀ ਉਸਾਰੀ ਕਰਦਾ ਹੈ।

ਗ. ਅੰਮ੍ਰਿਤਾ-ਕਾਵਿ ਵਿਚੋਂ ਕੁਝ ਅਜਿਹੀਆਂ ਕਵਿਤਾਵਾਂ ਵੀ ਪ੍ਰਾਪਤ ਹੁੰਦੀਆਂ ਹਨ ਜਿਹੜੀਆਂ ਨਾਰੀ ਦੀ ਤ੍ਰਾਸਦ-ਸਥਿਤੀ ਨੂੰ ਪੇਸ਼ ਕਰਨ ਦੇ ਨਾਲ ਨਾਲ ਉਸ ਦੇ ਮਮਤਾ-ਰੂਪ ਨੂੰ ਵੀ ਸਾਮ੍ਹਣੇ ਲਿਆਉਂਦੀਆਂ ਹਨ। ਅਜਿਹੀਆਂ ਕਵਿਤਾਵਾਂ ਵਿਚ ਮਾਂ ਦੀਆਂ ਭਾਵਨਾਵਾਂ ਨੂੰ ਸੁੰਦਰ ਪ੍ਰਗਟਾਵਾ ਮਿਲਿਆ ਹੈ। ਉਹ ਮਮਤਾ ਦੇ ਉਸ ਰੂਪ ਨੂੰ ਪ੍ਰਗਟਾਉਂਦੀ ਹੈ ਜਿਹੜਾ ਆਪਣੀ ਔਲਾਦ ਲਈ ਜ਼ਿੰਦਗੀ ਦੀ ਹਰ ਤਲਖੀ ਤੇ ਕੁੜਿਤਣ ਨੂੰ ਆਪਣੇ ਅੰਦਰ ਜਜ਼ਬ ਕਰੀ ਜਾਂਦਾ ਹੈ। ਵਿਹੁਲੇ ਚੌਗਿਰਦੇ ਸਦਕਾ ਭਾਵੇਂ ਉਸ ਨੂੰ ਮੌਤ ਵਰਗਾ ਜੀਵਨ ਕਿਉਂ ਨਾ ਬਸਰ ਕਰਨਾ ਹੋਵੇ/ਪਵੇ ਪਰ ਉਹ ਆਪਣੇ ਬੱਚਿਆਂ ਪ੍ਰਤਿ ਲਗਾਉ ਸਦਕਾ ਇਸ ਸਭ ਕੁਝ ਨੂੰ ਜਰ ਜਾਂਦੀ ਹੈ।

ਘ. ਅੰਮ੍ਰਿਤਾ ਨਾਰੀ ਹੋਣ ਸਦਕਾ ਨਾ ਸਿਰਫ਼ ਨਾਰੀ ਦੇ ਜੀਵਨ ਦੇ ਵਿਭਿੰਨ ਪਾਸਾਰਾ ਨੂੰ ਹੀ ਨਾਰੀ ਦੇ ਕੋਣ ਤੋਂ ਵੇਖਦੀ ਹੈ ਬਲਕਿ ਨਾਰੀ ਨੂੰ ਪ੍ਰਾਪਤ ਹੁੰਦੇ ਅਣਸੁਖਾਵੇਂ ਮੁੱਲਾਂ, ਭਾਵੇਂ ਉਨ੍ਹਾਂ ਦਾ ਸੰਬੰਧ ਧਰਮ ਨਾਲ ਹੋਵੇ, ਰਾਜ-ਨੀਤੀ ਨਾਲ ਜਾਂ ਅਰਥ ਵਿਵਸਥਾ ਨਾਲ, ਨੂੰ ਵੀ ਚਿਤਰਦੀ ਹੈ। ਇਸ ਸੰਦਰਭ ਵਿਚ ਉਸ ਵਲੋਂ ਦੇਸ਼-ਵੰਡ ਦੇ ਹਾਦਸੇ ਸਮੇਂ ਲਿਖੀਆਂ ਕਵਿਤਾਵਾਂ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਉਹ ਇਸ ਹਾਦਸੇ, ਕਤਲੇਆਮ ਅਤੇ ਮਾਨਵੀ-ਮੁੱਲਾਂ ਦੇ ਨਿਘਾਰ ਨੂੰ ਵੀ ਇਕ ਬੇਬਸ ਨਾਰੀ ਦੇ ਕੋਣ ਤੋਂ ਹੀ ਦੇਖਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਧਾਰ-ਮਿਕ ਤੁਅੱਸਬ ਨੂੰ ਉਸ ਨੇ ਆਪਣੇ ਵਿਅੰਗ ਦਾ ਧੁਰਾ ਬਣਾਇਆ ਹੈ।

ਙ. ਅੰਮ੍ਰਿਤਾ-ਕਾਵਿ ਦਾ ਧੁਰਾ ਹੀ ਪਰੰਪਰਾਗਤ ਕਦਰਾਂ ਕੀਮਤਾਂ ਪ੍ਰਤਿ ਇਕ ਨਾਰੀ ਦਾ ਵਿਦਰੋਹ ਹੈ। ਇਸੇ ਨੂੰ ਉਹ ਇਸ ਨੂੰ ਆਪਣੀ ਰਚਨਾ ਦੇ ਮੂਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਨਾਉ ਵਜੋਂ ਪੇਸ਼ ਕਰਦੀ ਹੋਈ ਪੀੜਾ ਤੇ ਰੋਸ ਮਈ ਪ੍ਰਤਿਕਿਰਿਆ ਦਾ ਮਿਸ਼ਰਣ ਪ੍ਰਸਤੁਤ ਕਰਦੀ ਹੈ।

ਚ. ਜੇਕਰ ਇਤਿਹਾਸਕ ਪ੍ਰਕਰਣ ਵਿਚ ਵੇਖੀਏ ਤਾਂ ਉਹ ਕਾਵਿ ਦੇ ਮਾਧਿਅਮ ਰਾਹੀਂ ਨਾਰੀ-ਪੱਖੀ ਲਹਿਰ ਦਾ ਆਗਾਜ਼ ਕਰਦੀ ਪ੍ਰਤੀਤ ਹੁੰਦੀ ਹੈ। ਨਾਰੀ ਪੱਖੀ ਸਿਰਜਣਾ ਲਈ ਉਹ ਮਰਦ-ਪ੍ਰਭੁਤਾ, ਨਾਰੀ ਅਧੀਨਗੀ ਅਤੇ ਨਾਰੀ ਨੂੰ ਆਪਣੇ ਜੀਵਨ ਵਿਚ ਪ੍ਰਾਪਤ ਪ੍ਰਤਿਬੰਧ ਪੂਰਨ ਜ਼ਿੰਦਗੀ ਦੇ ਸਾਰੇ ਪਾਸਾਰਾਂ ਨੂੰ ਛੋਂਹਦੀ ਹੈ। ਉਹ ਹਰ ਪੱਖੋਂ ਨਾਰੀ ਦੀ ਤ੍ਰਾਸਦ-ਸਥਿਤੀ ਦੇ ਖਿਲਾਫ਼ ਪ੍ਰਤੱਖ ਤੇ ਗੁੱਝੇ ਪੱਧਰ ਉਪਰ ਆਵਾਜ਼ ਬੁਲੰਦ ਕਰਕੇ ਉਸ ਨੂੰ ਸਮਾਨਤਾ ਭਰਿਆ ਰੁਤਬਾ ਦਿਵਾਉਣ ਦੀ ਲੋਚਾ ਰੱਖਦੀ ਹੈ।

ਛ. ਅੰਮ੍ਰਿਤਾ ਪ੍ਰੀਤਮ-ਕਾਵਿ ਵਿਚ ਨਾਰੀ-ਜੀਵਨ ਦੇ ਵਿਭਿੰਨ ਪਾਸਾਰਾਂ ਨੂੰ ਪ੍ਰਗਟਾਵਾ ਮਿਲਿਆ ਹੈ। ਉਸ ਨੇ ਨਾਰੀ ਦੀ ਆਜ਼ਾਦੀ ਲਈ ਕੱਲੇ ਕਾਰੇ ਹੀ ਸੰਘਰਸ਼ ਆਰੰਭ ਕੀਤਾ ਅਤੇ ਨਾਰੀ ਦੀ ਸ਼ਖਸੀਅਤ ਦੇ ਮਾਨਵੀ ਪਾਸਾਰਾਂ ਨੂੰ ਸਵੀਕ੍ਰਿਤੀ ਦਿਵਾਉਣ ਲਈ ਯਤਨਸ਼ੀਲ ਰਹੀ। ਉਸ ਨੇ ਨਾਰੀ ਦੀ ਵਸਤੂ ਬਣੀ ਹੋਂਦ ਤੋਂ ਅਗਾਹ ਵੀ ਕਰਵਾਇਆ ਅਤੇ ਉਸ ਨੂੰ ਮਹਿਜ਼ ਮਨੁੱਖ ਦੇ ਮਨੋਰੰਜਕ ਦਾ ਸਾਧਨ ਮੰਨਣ ਤੋਂ ਇਨਕਾਰ ਵੀ ਕੀਤਾ।

ਜ. ਉਸ ਦੇ ਕਾਵਿ ਦੀ ਮੂਲ ਸੁਰ ਕਰੁਣਾ, ਵਿਸ਼ਵਾਸ ਅਤੇ ਵਿਦਰੋਹ ਦੀ ਹੈ। ਨਾਰੀ ਦੀ ਸੁਤੰਤਰ ਮਾਨਵੀ ਹੋਂਦ ਦੀ ਜ਼ਰੂਰਤ ਦੇ ਅਹਿਸਾਸ ਨਾਲ ਉਸ ਦੀ ਕਵਿਤਾ ਭਰੀ-ਪੂਰੀ ਹੈ। ਸਥਿਤੀ ਦੀ ਗੰਭੀਰਤਾ ਤੋਂ ਗਾਫ਼ਿਲ ਚਿੰਤਕਾਂ ਨੂੰ ਭਾਵੇਂ ਇਹ ਸ਼ਾਇਰੀ ਉਪਭਾਵੂਕਤਾ, ਪੀੜਾ-ਮੋਹ ਜਾਂ ਰੁਦਨ ਦੀ ਸ਼ਿਕਾਰ ਪ੍ਰਤੀਤ ਹੋਵੇ ਪਰੰਤੂ ਇਹ ਨਾਰੀ ਦੀ ਵਾਸਤਵਿਕ ਸਥਿਤੀ ਨਾਲ ਪੱਕੇ ਪੀਡੇ ਰਿਸ਼ਤੇ ਵਿਚ ਬੱਝੀ ਹੋਈ ਹੈ।

ਪ 00038

ਹਵਾਲੇ ਤੇ ਟਿੱਪਣੀਆਂ

1. ਹਰਿਭਜਨ ਸਿੰਘ, "ਇਸਤਰੀ ਤੇ ਕਵਿਤਾ", ਮਹਿੰਦਰ ਕੌਰ ਗਿੱਲ, **ਹੁਣ ਤੂੰ ਸਾਲਗ੍ਰਾਮ ਨਹੀਂ**, ਪੰਨਾ 6.
2, **ਖੋਜ ਦਰਪਣ**, ਜੁਲਾਈ 1974, ਪੰਨੇ 89-95.
3. ਉਹੀ, ਪੰਨਾ 93.
4. ਮਹਿੰਦਰ ਕੌਰ ਗਿੱਲ, **ਬਾਣੀ ਚੇਤਨਾ**, ਪੰਨਾ 72.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

5. ਉਹੀ, ਪੰਨਾ 73.
6. **ਦ੍ਰਿਸ਼ਟੀ**, ਅਕਤੂਬਰ 1975.
7. ਉਧਰਿਤ, ਮਹਿੰਦਰ ਕੌਰ ਗਿੱਲ, **ਉਹੀ ਰਚਨਾ**, ਪੰਨਾ 74.
8. "ਜਾਣ ਪਛਾਣ", **ਅੰਮ੍ਰਿਤ ਲਹਿਰਾਂ**, ਅੰਮ੍ਰਿਤਾ ਪ੍ਰੀਤਮ, ਪੰਨੇ ੲ-ਸ.
9. "ਪ੍ਰਸੰਸਾ", **ਅੰਮ੍ਰਿਤ ਲਹਿਰਾਂ**, ਅੰਮ੍ਰਿਤਾ ਪ੍ਰੀਤਮ, ਪੰਨਾ 2.
10. "ਪ੍ਰਵੇਸ਼", **ਤ੍ਰੇਲ ਧੋਤੇ ਫੁੱਲ**, ਅੰਮ੍ਰਿਤਾ ਪ੍ਰੀਤਮ, ਪੰਨੇ 6-7.
11. "ਇਸ ਬਾਰੇ" **ਤ੍ਰੇਲ ਧੋਤੇ ਫੁੱਲ**, ਅੰਮ੍ਰਿਤਾ ਪ੍ਰੀਤਮ, ਪੰਨਾ 13.
12. **ਪੰਜਾਬੀ ਕਾਵਿ ਰਤਨ**, ਪੰਨਾ 176.
13. **ਪੰਜਾਬੀ ਸਾਹਿਤ ਦਾ ਇਤਿਹਾਸ**, ਪੰਨਾ 574.
14. "ਅੰਮ੍ਰਿਤਾ ਪ੍ਰੀਤਮ ਦੀ ਕਾਵਿ ਕਲਾ", **ਸਾਹਿਤ ਸਮਾਚਾਰ ਅੰਮ੍ਰਿਤਾ, ਵਿਸ਼ੇਸ਼ ਅੰਕ**. ਪੰਨੇ 349-60.
15. **ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ**, ਪੰਨੇ 423-24.
16. "Never before had the sorrows and longings of the land of tbe Punjab found such telling expression in the delicate voice of a woman", p. 47.
17. ਭਜਨ ਵਾਲੀਆ, ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਵਿਚ ਇਸਤਰੀ", **ਸਾਹਿਤ ਸਮਾਚਾਰ**, ਅਪਰੈਲ-ਜੁਲਾਈ, 1956, ਪੰਨਾ 68,
18. ਉਹੀ, (ਭਾਗ 5), ਪੰਨਾ 495.
19. **ਕਾਵਿ ਅਧਿਐਨ**, ਪੰਨਾ 189.
20. "ਅੰਮ੍ਰਿਤਾ ਪ੍ਰੀਤਮ : ਇਕ ਅਭਿਨੰਦਨ", **ਆਰਸੀ ਅੰਮ੍ਰਿਤਾ ਪ੍ਰੀਤਮ ਵਿਸ਼ੇਸ਼ ਅੰਕ**, 1982, ਪੰਨਾ 26.
21. ਪੰਨੇ 32-33.
22. **ਪੰਜਾਬੀ ਸਾਹਿਤ**, ਪੰਨਾ 170.
23. **ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ**, ਪੰਨਾ 114.
24. **ਤ੍ਰੇਲ ਧੋਤੇ ਫੁੱਲ**, ਪੰਨਾ 18.
25. ਉਹੀ, ਪੰਨੇ 18-19.
26. **ਬੱਦਲਾਂ ਦੇ ਪੱਲੇ ਵਿਚ**, ਪੰਨੇ 100-101.
27. **ਅੰਮ੍ਰਿਤ ਲਹਿਰਾਂ**, ਪੰਨਾ 31.
28. **ਅਸ਼ੋਕਾਚੇਤੀ**, ਪੰਨਾ 29.
29. "ਜ਼ਿਮੀਂ ਅਸਮਾਨ ਦਾ ਮੇਲ", **ਜੀਉਂਦਾ ਜੀਵਨ**, ਪੰਨੇ 90-91.
30. "ਰੂਹ-ਨੈਣਾਂ-ਦਾ-ਗੀਤ", **ਓ ਗੀਤਾਂ ਵਾਲਿਆ**, ਪੰਨਾ 81.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

31. **ਤ੍ਰੇਲ ਧੋਤੇ ਫੁੱਲ**, ਪੰਨਾ 88.
32. **ਪੱਥਰ ਗੀਟੇ**, ਪੰਨੇ 58–59.
33. **ਛੇ ਰੁੱਤਾਂ**, ਪੰਨਾ 73.
34. ਉਹੀ, ਪੰਨੇ 58–60.
35. **ਹੁਣ ਤੂੰ ਸਾਲਗ੍ਰਾਮ ਨਹੀਂ**, ਪੰਨਾ 8.
36. **ਲੰਮੀਆਂ ਵਾਟਾਂ**, ਪੰਨੇ 84–85.
37. "ਵਿਉਪਾਰ", ਉਹੀ, ਪੰਨੇ 78–79.
38. ਉਹੀ, ਪੰਨਾ 87,
39. **ਪੱਥਰ ਗੀਟੇ**, ਪੰਨੇ 61–62.
40. "ਵਚਨ", **ਲੰਮੀਆਂ ਵਾਟਾਂ**, ਪੰਨਾ 57.
41. ਅਤਰ ਸਿੰਘ, **ਸਾਹਿਤ ਸੰਵੇਦਨਾ**, ਪੰਨਾ 154.
42. **ਲੰਮੀਆਂ ਵਾਟਾਂ**, ਪੰਨਾ 24.
43. ਉਹੀ, ਪੰਨਾ 27.
44. ਮਹਿੰਦਰ ਕੌਰ ਗਿੱਲ, "ਅੰਮ੍ਰਿਤਾ-ਕਾਵਿ ਦਾ ਲੋਕ ਵੇਦੀ ਅਧਿਐਨ", **ਪੰਜਾਬੀ ਦੁਨੀਆਂ**, ਅਗਸਤ-ਸਤੰਬਰ-ਅਕਤੂਬਰ-ਨਵੰਬਰ, 1982.
45. ਗੁਰਚਰਨ ਸਿੰਘ ਅਰਸ਼ੀ, "ਅੰਮ੍ਰਿਤਾ ਪ੍ਰੀਤਮ ਦੀ ਕਾਵਿ ਕਲਾ", **ਪੰਜਾਬੀ ਦੁਨੀਆਂ**, ਅਗਸਤ-ਸਤੰਬਰ-ਅਕਤੂਬਰ-ਨਵੰਬਰ, 1982, ਪੰਨਾ 83.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਭਜੋਤ ਕੌਰ ਦੀ ਕਾਵਿ ਰਚਨਾ : ਨਾਰੀ ਸੰਵੇਦਨਾ

ਨਾਰੀ ਸੰਵੇਦਨਾ ਦੇ ਦ੍ਰਿਸ਼ਟੀਕੋਣ ਤੋਂ ਕਾਲਕ੍ਰਮ ਅਨੁਸਾਰ ਦੂਸਰੀ ਵਰਣਨਯੋਗ ਪੰਜਾਬੀ ਇਸਤਰੀ-ਕਵੀ ਪ੍ਰਭਜੋਤ ਕੌਰ ਹੈ। ਉਸ ਨੇ ਵੀ ਨਾਰੀ-ਮਨ ਦੀਆਂ ਉਮੰਗਾਂ ਤੇ ਰੀਝਾਂ ਨੂੰ ਆਪਣੀ ਕਾਵਿ-ਸਾਧਨਾਂ ਦਾ ਧੁਰਾ ਬਣਾਇਆ ਹੈ। ਧਿਆਨ ਯੋਗ ਗੱਲ ਇਹ ਹੈ ਕਿ ਜਿੱਥੇ ਅੰਮ੍ਰਿਤਾ ਪ੍ਰੀਤਮ-ਕਾਵਿ ਨੂੰ ਸਾਹਿਤਕਾਰਾਂ ਤੇ ਸਾਹਿਤ ਚਿੰਤਕਾਂ ਵਲੋਂ ਬਹੁਤ ਜ਼ਿਆਦਾ ਗੌਲਿਆ ਗਿਆ ਹੈ ਅਤੇ ਉਸ ਦਾ ਵਿਸ਼ਲੇਸ਼ਣ ਅਤੇ ਮੁੱਲਾਂਕਣ ਵਧੇਰੇ ਕੀਤਾ ਗਿਆ ਹੈ ਉਥੇ ਪ੍ਰਭਜੋਤ ਕੌਰ ਦੇ ਪ੍ਰਸੰਗ ਵਿਚ ਇਹ ਗੱਲ ਨਹੀਂ ਆਖੀ ਜਾ ਸਕਦੀ। ਉਸ ਦੀਆਂ ਹੁਣ ਤਕ ਹੇਠ ਲਿਖੀਆਂ ਮੌਲਿਕ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ :

1. **ਲਟ ਲਟ ਜੋਤ ਜਗੇ**, 1943.
2. **ਪਲਕਾਂ ਓਹਲੇ**. 1944.
3. **ਅਜ਼ਲ ਤੋਂ**, 1946.
4. **ਕਾਫ਼ਲੇ**, 1947.
5. **ਸੁਪਨੇ ਸਧਰਾਂ**, 1949.
6. **ਦੋ ਰੰਗ**, 1951.
7. **ਪੰਖੇਰੂ**, 1956.
8. **ਬਣ-ਕਪਾਸੀ**, 1958.
9. **ਪੱਬੀ**, 1962.
10. **ਖਾੜੀ**, 1967.
11. **ਵੱਡ ਦਰਸ਼ੀ ਸ਼ੀਸ਼ਾ**, 1973.
12. **ਮਧਿਆਂਤਰ**, 1974.
13. **ਚੰਦਰਯੁਗ**, 1977.
14. **ਇਸ਼ਕ ਸ਼ਰ੍ਹਾ ਕੀ ਨਾਤਾ**, 1985.
15. **ਪਾਰਦਰਸ਼ੀ (ਚੋਣਵੀ ਕਵਿਤਾ)**, 1990.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰੋਕਤ ਸੂਚੀ ਉੱਪਰ ਸਰਸਰੀ ਨਜ਼ਰ ਮਾਰਿਆਂ ਇਸ ਗੱਲ ਦਾ ਭਲੀ ਭਾਂਤ ਪਤਾ ਲਗ ਜਾਂਦਾ ਹੈ ਕਿ ਉਹ ਪਿਛਲੇ ਲਗਭਗ ਪੰਜ ਦਹਾਕਿਆਂ ਤੋਂ ਕਾਵਿ-ਸਿਰਜਣਾ ਦਾ ਕਾਰਜ ਕਰ ਰਹੀ ਹੈ। ਇਸ ਤੋਂ ਪਹਿਲਾਂ ਕਿ ਉਸ ਦੇ ਕਾਵਿ-ਸੰਸਾਰ ਵਿਚੋਂ ਨਾਰੀ-ਜੀਵਨ ਦੇ ਵੱਖ ਵੱਖ ਪਾਸਾਰਾਂ ਦੀ ਪਛਾਣ ਕੀਤੀ ਜਾਵੇ, ਉਸ ਦੀ ਕਾਵਿ-ਰਚਨਾ ਸੰਬੰਧੀ ਵੱਖ ਵੱਖ ਵਿਅਕਤੀਆਂ/ਵਿਦਵਾਨਾਂ ਵਲੋਂ ਪ੍ਰਗਟਾਏ ਪ੍ਰਤਿਕਰਮਾਂ ਨਾਲ ਵਾਕਫ਼ੀ ਹਾਸਿਲ ਕਰਨੀ ਜ਼ਰੂਰੀ ਹੈ। ਉਸ ਦੇ ਕਾਵਿ ਸੰਬੰਧੀ ਚਰਚਾ ਕਰਨ ਵਾਲਿਆਂ ਵਿਚ ਕੁਝ ਨਾਂ ਇਸ ਪ੍ਰਕਾਰ ਹਨ : ਸੰਤ ਸਿੰਘ ਸੇਖੋਂ, ਕਿਰਪਾਲ ਸਿੰਘ ਕਸੇਲ, ਮਹਿੰਦਰਪਾਲ ਕੋਹਲੀ, ਹਰਚਰਨ ਸਿੰਘ, ਨਰਿੰਜਨ ਤਸਨੀਮ, ਅਜਾਇਬ ਚਿਤਰਕਾਰ, ਸ. ਨ. ਸੇਵਕ, ਓ. ਪੀ. ਗੁਪਤਾ, ਅਜਾਇਬ ਕਮਲ, ਹਰਬੰਸ ਚਾਹਲ, ਵਿਜੇ ਸੋਨੀ, ਮਾਨ ਸਿੰਘ ਆਦਿ।

ਸੰਤ ਸਿੰਘ ਸੇਖੋਂ ਨੇ ਪ੍ਰਭਜੋਤ ਕੌਰ ਦੇ ਕਾਵਿ ਦੀ ਉਭਰਵੀਂ ਥੀਮ "ਪ੍ਰੇਮ" ਨੂੰ ਨਿਰਧਾਰਿਤ ਕਰਦੇ ਹੋਏ ਇਸ ਦੀ ਪ੍ਰਕਿਰਤੀ ਨੂੰ ਪਛਾਣਿਆ ਹੈ। ਉਸ ਦਾ ਮਤ ਹੈ ਕਿ ਲੇਖਿਕਾ ਅਸਫ਼ਲ ਪਿਆਰ ਦੀ ਗੱਲ ਕਰਨ ਦੀ ਬਜਾਏ ਉਸ ਪਿਆਰ ਨੂੰ ਆਪਣੀ ਲੇਖਣੀ ਦਾ ਧੁਰਾ ਬਣਾਉਂਦੀ ਹੈ ਜਿਹੜਾ ਸਮੇਂ ਦੇ ਬੀਤਣ ਜਾਂ ਜਵਾਨੀ ਦੇ ਗੁਜ਼ਰਣ ਪਿੱਛੋਂ ਲਾਜ਼ਮੀ ਤੌਰ ਤੇ ਮੱਠਾ ਪੈ ਜਾਂਦਾ ਹੈ।[1] ਸੇਖੋਂ ਨੇ ਸਿੱਧੇ ਰੂਪ ਵਿਚ ਉਸ ਦੇ ਕਾਵਿ ਵਿਚਲੇ ਨਾਰੀ-ਸੰਵੇਦਨਾ ਵਾਲੇ ਪੱਖ ਬਾਰੇ ਕੋਈ ਟਿੱਪਣੀ ਨਹੀਂ ਕੀਤੀ। ਕਿਰਪਾਲ ਸਿੰਘ ਕਸੇਲ ਦੁਆਰਾ ਸੰਪਾਦਿਤ **ਪੰਜਾਬੀ ਸਾਹਿਤ ਦਾ ਇਤਿਹਾਸ** (ਭਾਗ ਦੂਜਾ) ਵਿਚ ਪ੍ਰਭਜੋਤ ਕੌਰ ਦੀ ਕਾਵਿ ਰਚਨਾ ਸੰਬੰਧੀ ਇਹ ਰਾਇ ਪੇਸ਼ ਕੀਤੀ ਗਈ ਹੈ ਕਿ :

> ਅੰਮ੍ਰਿਤਾ ਪ੍ਰੀਤਮ ਤੋਂ ਬਾਦ ਪ੍ਰਭਜੋਤ ਦੂਜੀ ਕਵਿਤਰੀ ਹੈ ਜਿਸ ਨੇ ਇਸਤਰੀ ਮਨ ਦੀਆਂ ਉਮੰਗਾਂ ਤੇ ਸੱਧਰਾਂ ਨੂੰ ਕਵਿਤਾ ਦਾ ਵਿਸ਼ਾ ਬਣਾ ਕੇ, ਉਨ੍ਹਾਂ ਦੇ ਜਜ਼ਬਿਆਂ ਦੀ ਤਰਜਮਾਨੀ ਕਰਨ ਦਾ ਯਤਨ ਕੀਤਾ ਹੈ। ਦੋਹਾਂ ਇਸਤਰੀ-ਕਵੀਆਂ ਨੇ ਪ੍ਰੀਤ ਦੇ ਨਗਮੇ ਗਾਏ ਹਨ ਤੇ ਇਨ੍ਹਾਂ ਵਿਚ ਬੜੀ ਡੂੰਘੀ ਤੀਬਰਤਾ, ਰਸ ਤੇ ਰੋਮਾਂਸ ਦਾ ਅੰਸ਼ ਭਰਿਆ ਹੈ ਪਰ ਜਿਥੇ ਅੰਮ੍ਰਿਤਾ ਦਾ ਰੋਮਾਂਸ ਉਸ ਦੇ ਪ੍ਰੀਤ ਪ੍ਰਤਿ ਵਿਸ਼ਾਦ ਤੋਂ ਉਪਪੰਨ ਹੁੰਦਾ ਹੈ, ਉਥੇ ਪ੍ਰਭਜੋਤ ਦਾ ਪਿਆਰ ਭਰਪੂਰ ਆਸ਼ਾਵਾਦੀ ਹੁਲਾਸ ਤੋਂ ਉਪਜਿਆ ਹੈ।[2]

ਇਸ ਟਿੱਪਣੀ ਵਿਚ ਸਿਰਫ ਇਸ਼ਾਰਾ ਹੀ ਕੀਤਾ ਗਿਆ ਹੈ ਕਿ ਲੇਖਿਕਾ ਨੇ ਇਸਤਰੀ ਮਨ ਦੀਆਂ ਉਮੰਗਾਂ ਤੇ ਸੱਧਰਾਂ ਨੂੰ ਕਵਿਤਾ ਦਾ ਵਿਸ਼ਾ ਬਣਾ ਕੇ ਨਾਰੀ ਦੇ ਜਜ਼ਬਿਆਂ ਦੀ ਤਰਜਮਾਨੀ ਕਰਨ ਦਾ ਯਤਨ ਕੀਤਾ ਹੈ। ਇਸ ਟਿੱਪਣੀ ਨੂੰ ਵਿਸ਼ਲੇਸ਼ਣ ਤੇ ਵਿਸਤਾਰ ਦਾ ਆਧਾਰ ਪ੍ਰਾਪਤ ਨਹੀਂ। ਡਾ. ਮਹਿੰਦਰ ਪਾਲ ਕੋਹਲੀ ਵੀ ਪ੍ਰਭਜੋਤ ਕੌਰ ਨੂੰ ਅੰਮ੍ਰਿਤਾ ਪ੍ਰੀਤਮ ਤੋਂ ਬਾਦ ਦੂਜੀ ਐਸੀ ਕਵਿਤਰੀ ਮੰਨਦਾ ਹੈ "ਜਿਸ ਨੇ ਇਸਤ੍ਰੀ ਮਨ ਦੀਆਂ ਉਮੰਗਾਂ ਤੇ ਸੱਧਰਾਂ ਨੂੰ ਕਵਿਤਾ ਦਾ ਜਾਮਾ ਪਹਿਨਾਇਆ ਹੈ।" ਇਸ ਤੋਂ ਇਲਾਵਾ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਦੀ ਕਵਿਤਾ ਵਿਚ ਵਲਵਲੇ ਦੀ ਤੀਬਰਤਾ ਅਤੇ ਰਸ ਤੇ ਰੋਮਾਂਸ ਦਾ ਸੁਮੇਲ ਹੈ। ਪ੍ਰਭਜੋਤ ਕੌਰ ਪਿਆਰ-ਭਰਪੂਰ, ਆਸ਼ਾਵਾਦੀ ਹੁਲਾਸ ਤੋਂ ਉਪਜੇ ਅਨੁਭਵ ਨੂੰ ਮੂਰਤੀਮਾਨ ਕਰਦੀ ਹੈ।[3]

ਹਰਚਰਨ ਸਿੰਘ ਨੇ **ਲਟ ਲਟ ਜੋਤ ਜਗੇ** ਪੁਸਤਕ ਦਾ ਮੁੱਖ ਬੰਦ ਲਿਖਦੇ ਹੋਏ ਵੀ ਸਿਰਫ਼ ਇਹ ਸੰਕੇਤਕ ਟਿੱਪਣੀ ਕੀਤੀ ਹੈ ਕਿ "ਪ੍ਰਭਜੋਤ ਆਪਣੀਆਂ ਭੈਣਾਂ ਦੀ ਵਰਤਮਾਨ ਹਾਲਤ ਨੂੰ ਵਧੇਰੇ ਸਮਝਦੀ ਹੈ।[4] ਇਸ ਸਮਝ ਦੀ ਕੀ ਪ੍ਰਕਿਰਤੀ ਤੇ ਦਿਸ਼ਾ ਹੈ ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਇਸ ਮੁੱਖਬੰਦ ਵਿਚੋਂ ਨਹੀਂ ਲੱਭਦਾ। ਨਰਿੰਜਨ ਤਸਨੀਮ ਨੇ ਪ੍ਰਭਜੋਤ ਕੌਰ ਦੀ ਰਚਨਾ ਵਿਚ ਅੱਜ ਦੀ ਨਾਰੀ ਦੀ ਮਨੋਸਥਿਤੀ ਦੀਆਂ ਪ੍ਰਤਿਧੁਨੀਆਂ ਦੀ ਹਾਜ਼ਰੀ[5] ਵੱਲ ਇਸ਼ਾਰਾ ਕੀਤਾ ਹੈ, ਪਰੰਤੂ ਇਹ ਵੀ ਇਸ਼ਾਰਾ ਹੀ ਹੈ ਜਿਸ ਨੂੰ ਮਿਸਾਲਾਂ ਦਾ ਠੋਸ ਆਧਾਰ ਪ੍ਰਾਪਤ ਨਹੀਂ। ਅਜਾਇਬ ਚਿਤਰਕਾਰ ਨੇ ਆਪਣੇ ਇਕ ਮਜ਼ਮੂਨ ਵਿਚ ਪ੍ਰਭਜੋਤ ਕੌਰ ਦੇ ਕਾਵਿ ਵਿਚਲੇ ਇਸ ਪੱਖ ਬਾਰੇ ਇਸ਼ਾਰਾ ਹੀ ਕੀਤਾ ਹੈ। ਟਿੱਪਣੀ ਹੇਠ ਲਿਖੇ ਅਨੁਸਾਰ ਹੈ :

> ਇਸ ਨੇ ਸਮਾਜਕ ਨਾ-ਬਰਾਬਰੀ, ਵਿਸ਼ਵ ਸ਼ਾਨਤੀ (ਸ਼ਾਂਤੀ) ਅਤੇ **ਇਸਤਰੀ ਮਨ ਦੀ ਬੇਬਸੀ ਬਾਰੇ ਅਨੇਕਾਂ ਕਵਿਤਾਵਾਂ ਸਿਰਜੀਆਂ** ਹਨ। **ਜਿਨ੍ਹਾਂ ਦਾ ਆਪਣਾ ਮਹੱਤਵ ਹੈ।**[6]

ਡਾ. ਸ. ਨ. ਸੇਵਕ ਨੇ ਆਪਣੇ ਅਧਿਐਨ ਨੂੰ **ਪੱਬੀ** ਪੁਸਤਕ ਤਕ ਸੀਮਿਤ ਰੱਖਦੇ ਹੋਏ ਇਹ ਟਿੱਪਣੀ ਪੇਸ਼ ਕੀਤੀ ਹੈ ਕਿ "ਇਹ ਪ੍ਰਭਜੋਤ ਦੀਆਂ ਸੁਲਝੀਆਂ ਤਾਰਾਂ ਦੀ ਇਕ ਅੱਟੀ ਹੀ ਨਹੀਂ ਸਗੋਂ ਇਸ ਵਿਚ ਉਹ ਆਪਣੀਆਂ ਉਲਝਣਾਂ, ਤ੍ਰਿਪਤੀਆਂ-ਅਤ੍ਰਿਪਤੀਆਂ, ਸੁੱਖ-ਦੁੱਖ, ਬਿਰਹਾ ਤੇ ਮਿਲਾਪ ਅਤੇ ਚਾਨਣ ਤੇ ਹਨੇਰੇ ਦੀਆਂ ਅਨੁਭੂਤੀਆਂ ਕੋਮਲ ਤੇ ਸਰਲ ਸ਼ਬਦਾਂ ਵਿਚ ਬਿਆਨ ਕਰਦੀ ਹੈ।"[7] ਇਸ ਵਿਚ ਲੇਖਿਕਾ ਦੇ ਕਾਵਿ ਵਿਚਲੇ ਪ੍ਰੇਮ ਦੀ ਪ੍ਰਕਿਰਤੀ, ਪਸਾਰਾਂ ਤੇ ਇਸ ਵਿਚ ਪੇਸ਼ ਉਲਝਣਾਂ, ਤ੍ਰਿਪਤੀਆਂ-ਅਤ੍ਰਿਪਤੀਆਂ ਵੱਲ ਸੰਕੇਤ ਹੈ। ਪਰ ਇਹ ਉਲਝਣਾਂ ਤੇ ਤ੍ਰਿਪਤੀਆਂ-ਅਤ੍ਰਿਪਤੀਆਂ ਕਿਹੜੀਆਂ ਹਨ ? ਇਨ੍ਹਾਂ ਦੇ ਕੀ ਕਾਰਣ ਹਨ ? ਇਨ੍ਹਾਂ ਦੀ ਕੀ ਪ੍ਰਕਿਰਤੀ ਹੈ ? ਆਦਿ ਪ੍ਰਸ਼ਨਾਂ ਦਾ ਉੱਤਰ ਇਸ ਅਧਿਐਨ ਵਿਚੋਂ ਵੀ ਨਹੀਂ ਲੱਭਦਾ। ਡਾ. ਓ.ਪੀ. ਗੁਪਤਾ ਨੇ "ਚੰਦਰ-ਯੁਗ-ਇਕ ਅਧਿਐਨ" ਵਿਚ ਪ੍ਰਭਜੋਤ ਦੀ ਕਵਿਤਾ ਨੂੰ ਇਸ ਕੋਣ ਤੋਂ ਨਹੀਂ ਵੇਖਿਆ। ਉਸਨੇ ਉਸ ਦੇ ਦ੍ਰਿਸ਼ਟੀਕੋਣ ਨੂੰ ਮਾਨਵਵਾਦੀ, ਯਥਾਰਥਵਾਦੀ, ਰਚਨਾਤਮਕ ਅਤੇ ਸਿਰਜਨਾਤਮਕ"[8] ਦੱਸਿਆ ਹੈ। ਅਜਾਇਬ ਕਮਲ ਨੇ ਵੀ ਹੋਰ ਬਹੁਤ ਸਾਰੇ ਅਧਿਏਤਾਵਾਂ ਵਾਂਗ ਉਸ ਦੀ ਕਵਿਤਾ ਵਿਚ ਪਿਆਰ ਦੀ ਪ੍ਰਕਿਰਤੀ ਦੀ ਪਛਾਣ ਤਕ ਹੀ ਆਪਣੇ ਅਧਿਐਨ ਨੂੰ ਸੀਮਿਤ ਰਖਦੇ ਹੋਏ ਲਿਖਿਆ ਹੈ :

> ਪ੍ਰਭਜੋਤ ਦੀਆਂ ਪਹਿਲੀਆਂ ਕ੍ਰਿਤਾਂ-ਅੰਜ਼ਲ ਤੋਂ ਤੇ **ਲਟ ਲਟ ਜੋਤ**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਗੋ–ਜ਼ੋਰਦਾਰ ਰੋਮਾਂਟਿਕ ਬਿਰਤੀ ਵਾਲੀਆਂ ਹਨ। ਇਨ੍ਹਾਂ ਵਿਚ ਪਿਆਰ ਦੇ ਅੰਨੇ ਵੇਗ ਤੇ ਵਿਛੋੜੇ ਦੀ ਪੀੜ ਨਾਲ ਭਰੀਆਂ ਕਵਿਤਾਵਾਂ ਅੰਕਿਤ ਸਨ।[9]

ਅਜਾਇਬ ਕਮਲ ਲੇਖਿਕਾ ਦੀ ਕਵਿਤਾ ਵਿਚੋਂ "ਅਖੰਡ ਤੇ ਅਵੰਡ ਪ੍ਰੇਮ ਭਾਵਨਾ ਦੇ ਦਰਸ਼ਨ" ਵੀ ਕਰਦਾ ਹੈ। ਵਿਜੇ ਸੋਨੀ ਨੇ ਆਪਣੇ ਲੇਖ ਪ੍ਰਭਜੋਤ ਕੌਰ ਦੀ **ਪੱਬੀ ਤੇ ਚੰਦਰਯੁਗ**" ਵਿਚ ਉਸ ਦੀ ਕਵਿਤਾ ਵਿਚੋਂ "ਮਨਚਾਹੀ ਅਸਲੀਅਤ ਤੇ ਪ੍ਰਾਪਤ ਅਸਲੀਅਤ ਦੇ ਅੰਤਰ"[10] ਦੀ ਪਛਾਣ ਵੀ ਕੀਤੀ ਹੈ ਪਰੰਤੂ ਉਸ ਦੀ ਕਵਿਤਾ ਵਿਚਲੇ ਇਸ ਪਾਸਾਰ ਦਾ ਸੰਦਰਭ ਕੀ ਹੈ? ਇਸ ਪ੍ਰਸ਼ਨ ਦਾ ਉੱਤਰ ਨਹੀਂ ਲੱਭਿਆ। ਮਾਨ ਸਿੰਘ ਨੇ ਆਪਣੇ ਮਜ਼ਮੂਨ "ਪ੍ਰਭਜੋਤ ਦੀ ਅਮਰ ਕਵਿਤਾ" ਵਿਚ ਪ੍ਰਭਾਵਵਾਦੀ ਟਿੱਪਣੀ ਕਰਦੇ ਹੋਏ ਲਿਖਿਆ ਹੈ :

> ਜਿਵੇਂ ਪ੍ਰਭ ਦੀ ਜੋਤ ਬ੍ਰਹਿਮੰਡ ਦੇ ਜ਼ੱਰੇ ਜ਼ੱਰੇ ਵਿਚ ਦੇਖੀ ਜਾਂਦੀ ਹੈ, ਤਿਵੇਂ ਹੀ ਠੀਕ ਪ੍ਰਭਜੋਤ ਦੀ ਸਮੁੱਚੀ ਕਵਿਤਾ ਵਿਚ ਪ੍ਰਭਜੋਤ ਆਪ ਨੂੰ, ਇਕ ਪੰਜਾਬ ਦੀ ਸ਼ਰਮੀਲੀ ਬੱਚੀ ਹੁੰਦੀ ਹੋਈ, ਲੁਕਾਂਦੇ ਹੋਏ ਵੀ ਇਕ ਇਕ ਅੱਖਰ ਵਿਚੋਂ ਸਾਫ ਦਿਸ ਰਹੀ ਹੈ।[11]

ਹਰਬੰਸ ਚਾਹਲ ਆਪਣੇ ਲੇਖ "ਪ੍ਰਭਜੋਤ ਕੌਰ ਦੀ ਕਵਿਤਾ ਵਿਚ ਭਾਵੁਕਤਾ ਅਤੇ ਬੌਧਿਕਤਾ ਦਾ ਦਵੰਦ" ਵਿਚ ਉਸ ਦੀ ਕਵਿਤਾ ਬਾਰੇ ਚਰਚਾ ਕਰਦਾ ਹੋਇਆ "ਨਿਜੀ ਆਸਾਂ, ਉਮੰਗਾਂ, ਨਿਰਾਸ਼ਾਵਾਂ, ਅਕਾਖਿਆਵਾਂ" ਨੂੰ ਉਸ ਦੀ ਰਚਨਾ ਦੇ ਕੇਂਦਰ ਬਿੰਦੂ ਸਵੀਕਾਰਦਾ ਹੈ। ਇਸਦੇ ਨਾਲ ਹੀ ਉਸਨੇ ਨਾਰੀ ਸੰਵੇਦਨਾ ਦੇ ਕੋਣ ਤੋਂ ਇਕ ਸੰਖਿਪਤ ਟਿਪਣੀ ਕਰਦੇ ਹੋਏ ਇਹ ਵੀ ਲਿਖਿਆ ਹੈ :

> ਪ੍ਰਭਜੋਤ ਨੂੰ ਆਪਣੀ ਹੋਣੀ ਬਾਕੀ ਔਰਤ ਜ਼ਾਤੀ ਤੋਂ ਅਲਹਿਦਾ ਨਹੀਂ ਜਾਪਦੀ। ਉਸ ਨੂੰ ਪਤਾ ਹੈ ਕਿ ਮਰਦ-ਪ੍ਰਧਾਨ ਸਮਾਜ ਵਿਚ ਪਿਆਰ ਦਾ ਸਹੀ ਅਰਥ ਗੁਆਚ ਗਿਆ ਹੈ। ਪ੍ਰਭਜੋਤ ਨੂੰ ਹੁਣ ਪਤੀ ਰੂਪ ਮਰਦ ਤੋਂ ਕਾਮ-ਚੇਸ਼ਟਾ ਉਪਰੰਤ ਹੋਰ ਕੋਈ ਲੰਬੇ ਚੌੜੇ ਸਾਥ ਦੀ ਆਸ ਨਹੀਂ ਰਹੀ — ਉਲਟਾ ਪ੍ਰਤਿਬੰਧਾਂ ਦਾ ਡਰ ਹੈ।[12]

ਪ੍ਰਭਜੋਤ ਕੌਰ ਦੇ ਕਾਵਿ ਸੰਬੰਧੀ ਪ੍ਰਾਪਤ ਸਮੀਖਿਆ ਬਾਰੇ ਉਪਰੋਕਤ ਸਮੁੱਚੀ ਚਰਚਾ ਵਿਚੋਂ ਗੁਜ਼ਰਨ ਤੋਂ ਪਿੱਛੋਂ ਕਿਹਾ ਜਾ ਸਕਦਾ ਹੈ ਕਿ ਉਸ ਦੇ ਕਾਵਿ ਸੰਬੰਧੀ ਵਧੇਰੇ ਸਮੀਖਿਆ ਪ੍ਰਭਾਵਵਾਦੀ ਕਿਸਮ ਦੀ ਹੈ। ਬਹੁਤੇ ਲੇਖਕ ਐਸੇ ਮਿਥਿਕ ਕਥਨਾਂ ਦਾ ਪ੍ਰਯੋਗ ਕਰਦੇ ਹਨ ਜਿਨ੍ਹਾਂ ਨੂੰ ਨਾ ਤਾਂ ਰੱਦ ਕੀਤਾ ਜਾ ਸਕਦਾ ਹੈ ਤੇ ਨਾ ਹੀ ਉਨ੍ਹਾਂ ਕਥਨਾਂ ਦੀ ਉਸ ਦੇ ਕਾਵਿ ਵਿਚੋਂ ਪੁਸ਼ਟੀ ਕੀਤੀ ਜਾ ਸਕਦੀ ਹੈ। ਟਿੱਪਣੀਕਾਰ ਇਹ ਮੰਨ ਕੇ ਤੁਰਦੇ ਹਨ ਕਿ ਉਹ ਜੋ ਕੁਝ ਉਸ ਦੇ ਕਾਵਿ ਸੰਬੰਧੀ ਕਹਿ ਰਹੇ ਹਨ, ਪਾਠਕ ਉਸ ਉੱਪਰ ਯਕੀਨ ਕਰ ਲੈਣਗੇ। ਇਸੇ ਲਈ ਉਹ ਵਿਸ਼ਲੇਸ਼ਣ-ਮੁਲਾਂਕਣ ਵੱਲ ਪਰਤਦੇ ਹੀ ਨਹੀਂ। ਇਸ ਦੇ ਬਾਵਜੂਦ ਕੁਝ ਟਿੱਪਣੀਆਂ ਅਜੇਹੀਆਂ ਵੀ ਹਨ ਜਿਨ੍ਹਾਂ ਦੇ ਆਧਾਰ ਉੱਪਰ ਉਸ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਵਿ ਦਾ ਹਲਕਾ ਜੇਹਾ ਮੁਹਾਂਦਰਾ ਉਭਰ ਕੇ ਸਾਮ੍ਹਣੇ ਆਉਂਦਾ ਹੈ।

ੳ. ਉਹ ਅੰਮ੍ਰਿਤਾ ਪ੍ਰੀਤਮ ਤੋਂ ਬਾਅਦ ਦੂਜੀ ਕਵਿਤਰੀ ਹੈ ਜਿਸ ਨੇ ਇਸਤਰੀ ਮਨ ਦੀਆਂ ਉਮੰਗਾਂ ਤੇ ਸੱਧਰਾਂ ਨੂੰ ਕਵਿਤਾ ਦਾ ਵਿਸ਼ਾ ਬਣਾਕੇ, ਉਨ੍ਹਾਂ ਦੇ ਜਜ਼ਬਿਆਂ ਦੀ ਤਰਜਮਾਨੀ ਕਰਨ ਦਾ ਯਤਨ ਕੀਤਾ ਹੈ।

ਅ. ਉਸ ਦੀ ਕਵਿਤਾ ਦਾ ਕੇਂਦਰੀ ਧੁਰਾ ਪ੍ਰੇਮ ਹੈ ਅਤੇ ਉਹ ਇਸੇ ਪ੍ਰਸੰਗ ਵਿਚ ਨਾਰੀ ਦੀਆਂ ਆਸਾਂ, ਉਮੰਗਾਂ, ਬੇਬਸੀ, ਨਿਰਾਸ਼ਾਵਾਂ ਅਤੇ ਅਕਾਂਖਿਆਵਾਂ ਨੂੰ ਚਿਤਰਦੀ ਹੈ।

ੲ. ਉਸ ਦੀ ਕਵਿਤਾ ਵਿਚ ਰਸ ਤੇ ਰੁਮਾਂਸ ਦਾ ਸੁਮੇਲ ਹੈ ਅਤੇ ਉਹ ਪਿਆਰ-ਭਰਪੂਰ, ਆਸ਼ਾਵਾਦੀ ਹੁਲਾਸ ਤੋਂ ਉਪਜੇ ਅਨੁਭਵ ਨੂੰ ਮੂਰਤੀਮਾਨ ਕਰਦੀ ਹੈ।

ਸ. ਉਸ ਦਾ ਪ੍ਰੀਤ-ਅਨੁਭਵ ਵਿਸ਼ਾਦ ਦੀ ਬਜਾਏ ਆਸ਼ਾਵਾਦੀ ਹੁਲਾਸ ਵਿਚੋਂ ਪੈਦਾ ਹੁੰਦਾ ਹੈ।

ਹ. ਉਸ ਦੀ ਕਵਿਤਾ ਵਿਚ ਮਰਦ-ਪ੍ਰਧਾਨ ਸਮਾਜ ਵਿਚ ਪਿਆਰ ਦੇ ਸਹੀ ਅਰਥਾਂ ਦੇ ਗੁਆਚਣ ਦਾ ਵੀ ਅਹਿਸਾਸ ਹੈ। ਉਸਨੂੰ ਪਤੀ ਰੂਪ ਮਰਦ ਪਾਸੋਂ ਕਾਮ-ਚੇਸ਼ਟਾ ਤੋਂ ਸਿਵਾਏ ਸਾਥ ਦੀ ਉਮੀਦ ਘਟ ਅਤੇ ਪ੍ਰਤਿਬੰਧਾਂ ਦੀ ਆਸ ਵਧੇਰੇ ਹੈ।

ਪ੍ਰਭਜੋਤ ਕੌਰ ਦੀ ਕਾਵਿ-ਰਚਨਾ ਦੇ ਅਧਿਐਨ ਵੱਲ ਪਰਤਣ ਤੋਂ ਪਹਿਲਾਂ ਕਾਵਿ-ਰਚਨਾ ਸੰਬੰਧੀ ਉਸ ਦੀਆਂ ਆਪਣੀਆਂ ਹੀ ਦੋ ਟਿੱਪਣੀਆਂ ਨੂੰ ਵਿਚਾਰਣਾ ਵੀ ਜ਼ਰੂਰੀ ਹੈ। ਟਿੱਪਣੀਆਂ ਇਸ ਪ੍ਰਕਾਰ ਹਨ :

ੳ. ਨਿਰੇ ਵਿਗੋਚੇ ਦੀ ਕਲਾ ਦਾ ਸਾਹਿਤ ਸਿਹਤਮੰਦ ਸੋਮਾ ਨਹੀਂ ਹੋ ਸਕਦਾ। ਅਸਲ ਵਿਚ ਉੱਚ ਸਾਹਿਤ ਇਕ ਰਜਵੇਂ ਤਜਰਬੇ, ਇਕ ਭਰਪੂਰ ਅਹਿਸਾਸ ਅਤੇ ਇਕ ਵਸਲ ਦੇ ਵਜੂਦ ਤੋਂ ਹੀ ਉਤਪੰਨ ਹੋ ਸਕਦਾ ਹੈ।[13]

ਅ. ਮੈਂ ਆਪਣੇ ਤੰਗ ਘੇਰਿਆਂ ਵਿਚੋਂ ਬਾਹਰ ਨਿਕਲਦੀ ਨਿਕਲਦੀ ਵਿਸ਼ਾਲ ਖੁਲ੍ਹਾਂ ਵਿਚ ਆਣ ਵਿਚਰੀ ਸਾਂ। ਪਰਿਪੂਰਨ ਜੀਵਨ ਨੇ ਮੇਰੀ ਆਤਮ ਪੜਪੁਖਤਾ ਨੂੰ ਇਕ ਬੌਧਿਕ ਰੂਪ ਦੇ ਦਿੱਤਾ ਸੀ। ਇਸਤ੍ਰੀ ਰੂਪ ਨੂੰ ਆਪਣੇ ਵਿਚ ਸਮਾ ਕੇ, ਮੈਂ ਪੁਰਖਾਂ ਦੀ ਦੁਨੀਆਂ ਨੂੰ ਪਛਾਣ ਲਿਆ ਸੀ। ਮੇਰੇ ਦੁਆਲੇ ਦੀਆਂ ਸੀਮਾਵਾਂ ਅਲੋਪ ਹੋ ਗਈਆਂ ਸਨ।[14]

ਇਹ ਟਿੱਪਣੀਆਂ ਪ੍ਰਭਜੋਤ-ਕਾਵਿ ਦੇ ਨਾਰੀ ਸੰਵੇਦਨਾ ਦੇ ਪੱਖ ਨੂੰ ਸਮਝਣ ਲਈ ਅਤਿ ਮਹੱਤਵ ਪੂਰਨ ਹਨ। ਇਨ੍ਹਾਂ ਵਿਚ ਅੰਕਿਤ ਪਹਿਲਾ ਵਿਚਾਰ ਇਹ ਹੈ ਕਿ ਨਿਰੇ ਵਿਗੋਚੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਕਲਾ ਦਾ ਸਾਹਿਤ ਸਿਹਤਮੰਦ ਸਾਹਿਤ ਨਹੀਂ ਹੋ ਸਕਦਾ ਅਤੇ ਦੂਸਰਾ ਇਹ ਕਿ ਉਸ ਦਾ ਅਨੁਭਵ ਸੀਮਾਵਾਂ ਦਾ ਅਨੁਭਵ ਨਹੀਂ, ਬਲਕਿ ਖੁਲ੍ਹ ਨਾਲ ਭਰਿਆ-ਪੂਰਾ ਹੈ। ਇਸ ਲਈ ਉਸ ਦੇ ਕਾਵਿ ਵਿਚੋਂ ਅੰਮ੍ਰਿਤਾ-ਕਾਵਿ ਜੇਹੀ ਨਾਰੀ-ਪੀੜਾ ਤੇ ਵਿਸ਼ਾਦ ਦੀ ਭਾਲ ਬਿਰਥਾ ਹੈ। ਇਸ ਤੋਂ ਇਲਾਵਾ, ਕਿਉਂਕਿ ਉਸ ਦਾ ਆਪਣਾ ਜੀਵਨ ਵਲਗਣਾਂ ਤੇ ਦੀਵਾਰਾਂ ਤੋਂ ਰਹਿਤ ਹੈ, ਇਸ ਲਈ ਉਸ ਵਲੋਂ ਸਿਰਜਿਤ ਨਾਰੀ ਵੀ ਸਮਾਜਕ ਤੇ ਸਭਿਆਚਾਰਕ ਮੁੱਲਾਂ ਦੀਆਂ ਦੀਵਾਰਾਂ ਤੋਂ ਆਜ਼ਾਦ ਵਿਚਰਦੀ ਹੈ।

"ਪ੍ਰੀਤ-ਭਾਵਨਾ" ਪ੍ਰਭਜੋਤ-ਕਾਵਿ ਦੀ ਤਹਿ ਵਿਚ ਕਾਰਜਸ਼ੀਲ ਮੂਲ ਸੂਤਰ ਹੈ। ਉਹ ਪ੍ਰੀਤ ਦੇ ਪੀੜਾ-ਮਈ ਜਾਂ ਸੰਕਟ ਗ੍ਰਸਤ ਰੂਪ ਨੂੰ ਚਿਤਰਣ ਦੀ ਬਜਾਏ ਵਸਲ ਦੀਆਂ ਘੜੀਆਂ ਨੂੰ ਆਪਣੇ ਕਾਵਿ ਵਿਚ ਰੂਪਮਾਨ ਕਰਦੀ ਹੈ। ਇਹ ਜਜ਼ਬਾ ਉਸ ਦੀਆਂ ਪਹਿ-ਲੀਆਂ ਤਿੰਨ ਕਾਵਿ-ਰਚਨਾਵਾਂ ਵਿਚੋਂ ਪ੍ਰਧਾਨ ਰੂਪ ਵਿਚ ਨਹੀਂ ਲੱਭਦਾ। **ਲਟ ਲਟ ਜੋਤ ਜਗੇ** ਪੁਸਤਕ ਵਿਚ ਉਸ ਦੇ ਕਾਵਿ ਦੀ ਕੇਂਦਰੀ ਸੁਰ ਦੇਸ਼ ਪਿਆਰ ਦੀ ਰਹਿੰਦੀ ਹੈ। ਇੰਜ ਹੀ **ਪਲਕਾਂ ਓਹਲੇ** ਅਤੇ ਕੁਝ ਹੋਰ ਕਾਵਿ-ਸੰਗ੍ਰਹਿਆਂ ਵਿਚ ਉਹ ਪ੍ਰਕਿਰਤਕ ਨਜ਼ਾਰਿਆਂ ਨੂੰ ਚਿਤਰਦੀ ਹੋਈ ਉਨ੍ਹਾਂ ਦੀ ਪ੍ਰਸ਼ੰਸਾ ਵੀ ਕਰਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਤਲਾਸ਼, ਅਤੇ ਕੁਝ ਹੋਰ ਪ੍ਰਾਪਤੀ ਦੀ ਇੱਛਾ ਦੀਆਂ ਸੁਰਾਂ ਵੀ ਪਛਾਣੀਆਂ ਜਾ ਸਕਦੀਆਂ ਹਨ। ਪਿਛਲੇਰੀਆਂ ਵਧੇਰੇ ਰਚਨਾਵਾਂ ਵਿਚ ਉਹ ਪ੍ਰੀਤ ਦੇ ਜਜ਼ਬੇ ਨੂੰ ਆਦਰਸ਼ਵਾਦੀ ਰੰਗ ਦੇ ਕੇ ਪ੍ਰਸਤੁਤ ਕਰਦੀ ਹੈ। ਇਹ ਆਦਰਸ਼ਵਾਦੀ ਰੰਗ ਓਪਰੀ ਨਜ਼ਰੇ ਵੇਖਿਆਂ ਭਾਵੇਂ ਵਸਤੂ-ਸਥਿਤੀ ਤੋਂ ਟੁੱਟਿਆ-ਵਿਛੁੰਨਿਆ ਲੱਗਦਾ ਹੈ, ਪਰ ਅਸਲ ਵਿਚ, ਉਹ ਮਰਦ-ਪ੍ਰਧਾਨ ਸਮਾਜ ਵਿਚ ਨਾਰੀ ਦੀਆਂ ਭਾਵਨਾਵਾਂ, ਅਕਾਂਖਿਆਵਾਂ ਤੇ ਇੱਛਾਵਾਂ ਦੇ ਖੂਬਸੂਰਤ ਚਿਤਰ ਪ੍ਰਸਤੁਤ ਕਰਕੇ ਵਰਤਮਾਨ ਸਮਾਜ ਦੇ ਸਮਾਂਨੰਤਰ ਇਕ ਸੁਪਨਮਈ ਸੰਸਾਰ ਨੂੰ ਲਿਆ ਟਿਕਾਉਂਦੀ ਹੈ। ਇਸ ਸੁਪਨਮਈ ਸੰਸਾਰ ਵਿਚ ਮਰਦ-ਇਸਤਰੀ ਇਕ ਬਰਾਬਰੀ ਦੇ ਮਾਨਵੀ ਧਰਾਤਲ ਉੱਪਰ ਖਲੋਤੇ ਹੋਏ ਵਸਲ ਦੀ ਸਥਿਤੀ ਨੂੰ ਪੂਰੀ ਭਰਪੂਰਤਾ ਸਹਿਤ ਹੰਢਾਉਂਦੇ ਹਨ। ਉਹ ਜ਼ਿੰਦਗੀ ਦੀ ਹਰ ਖੁਸ਼ੀ ਤੇ ਹਰ ਆਨੰਦ ਦਾ ਆਧਾਰ ਵਸਲ ਵਿਚੋਂ ਲੱਭਦੇ ਹਨ। ਪਿਆਰ ਵਿਚਲੀ ਵਸਲ ਦੀ ਸਥਿਤੀ ਦੇ ਇੰਦਰਿਆਵੀ ਰੂਪ ਨੂੰ ਪ੍ਰਭਜੋਤ ਬਾਰੀਕੀ ਨਾਲ ਚਿਤਰਦੀ ਹੈ। ਜਿਸਮਾਨੀ ਖਿੱਚ ਦੇ ਜਜ਼ਬੇ ਨੂੰ ਉਸ ਵਲੋਂ ਨਾ ਸਿਰਫ਼ ਮਾਨਤਾ ਦੇਣੀ ਬਲਕਿ ਉਸ ਨੂੰ ਇਕ ਨਾਰੀ ਹੋਣ ਦੇ ਬਾਵਜੂਦ ਭਰਵੇਂ ਰੂਪ ਵਿਚ ਚਿਤਰਣਾ ਉਸ ਦੀ ਦਲੇਰੀ ਦਾ ਪ੍ਰਗਟਾਵਾ ਮੰਨਣਾ ਚਾਹੀਦਾ ਹੈ। ਇਸਤਰੀ-ਪੁਰਖ ਦੀ ਜਿਸਮਾਨੀ ਖਿੱਚ ਦੇ ਗੌਰਵ ਨੂੰ ਪਛਾਣਦੇ ਹੋਏ ਹੀ ਉਸ ਨੇ "ਪ੍ਰਾਕਿਰਤਕ ਪ੍ਰਤਿਕਰਮ" ਕਵਿਤਾ ਵਿਚ ਲਿਖਿਆ ਹੈ :

ਮੈਂ ਤੀਵੀਂ
ਤੂੰ ਪੁਰਖ ਇਕ
ਇਕ ਦੂਏ ਦੀ ਖਿੱਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਹਾਨੋਂ ਵੱਖਰੀ
ਹੋਰ ਵੀ ਲੋਚਾਂ ਨੇ
ਜਗੋਂ ਬਾਹਰੀਆਂ
ਪਰ ਨਾ ਕੋਈ
ਇਸ ਤਰ੍ਹਾਂ ਹੈ ਵਿਗਸਦੀ
ਅੱਖ ਤੇਰੀ ਕਾਮਨਾ ਦੀ ਝਾਕਦੀ
ਮੇਰੇ ਮਨ ਵਿਚ
ਇਕ ਤਮੰਨਾ ਧੜਕਦੀ ।[15]

ਉਸ ਦੀ ਕਾਵਿ-ਰਚਨਾ ਹੰਝੂਆਂ, ਪੀੜਾ, ਡਰ ਅਤੇ ਅੰਦਰੇ ਅੰਦਰ ਘੁਲਣ ਵਾਲੀ ਮਨੋ-ਸਥਿਤੀ ਦੀ ਪ੍ਰਸਤੁਤੀ ਨਹੀਂ ਕਰਦੀ । ਉਹ ਗੱਲ ਭਾਵੇਂ ਵਰਤਮਾਨ ਵਿਚ ਵਸਲ ਦੀਆਂ ਘੜੀਆਂ ਦੀ ਕਰੇ ਜਾਂ ਅਤੀਤ ਦੀ ਕਿਸੇ ਸਿਮਰਿਤੀ ਦੀ, ਉਸ ਦੀ ਸੁਰ ਹੁਲਾਸਮਈ ਹੀ ਰਹਿੰਦੀ ਹੈ । ਮਿਲਾਪ ਦੀ ਅਵਸਥਾ ਨੂੰ ਚਿਤਰਦੀ ਹੋਈ ਉਹ ਉਨ੍ਹਾਂ ਪਲਾਂ ਨੂੰ ਸਾਕਾਰ ਕਰ ਦੇਂਦੀ ਹੈ ਜਿਨ੍ਹਾ ਪਲਾਂ ਵਿਚ ਮੁਹੱਬਤ ਕਰਨ ਵਾਲੇ ਦਿਲ ਇਕ ਦੂਸਰੇ ਨੂੰ ਵੇਖਣ ਪਿਛੋਂ ਹੀ ਪੂਰੀ ਤਰ੍ਹਾਂ ਕੀਲੇ ਜਾਂਦੇ ਹਨ । ਇਸ ਨੂੰ ਉਹ 'ਦੰਮ ਬੇਦੰਮ" ਅਵਸਥਾ ਦਾ ਨਾਂ ਦੇਂਦੀ ਹੋਈ ਲਿਖਦੀ ਹੈ :

ਮੈਂ ਤੀਵੀਂ
ਤੂੰ ਪੁਰਖ ਇਕ
ਮਿਲ ਪਏ ਜੇ ਰਸਤਿਆਂ 'ਤੇ ਚਾਣਚੱਕ
ਨੈਣ ਨੀਵੇਂ
ਪਰ ਨਾ ਪਗ ਪੁੱਟੇ ਗਏ
ਦੇਖਿਆ ਸੋਮਾ ਨਾ ਚਾਨਣ ਦਾ ਗਿਆ
ਦੰਮ ਬੇਦੰਮ
ਹੱਸਦੀ ਸਣੇ ਕੀਲੇ ਗਏ ।[16]

ਪ੍ਰਭਜੋਤ ਕੌਰ ਤੋਂ ਪਹਿਲਾਂ ਕਿਸੇ ਵੀ ਨਾਰੀ ਵਲੋਂ ਵਸਲ ਦੀਆਂ ਘੜੀਆਂ ਨੂੰ ਏਨੀ ਸੂਖਮਤਾ ਨਾਲ ਨਹੀਂ ਪਕੜਿਆ ਗਿਆ । ਉਹ ਪ੍ਰੇਮ ਨੂੰ ਅਫਲਾਤੂਨੀ ਰੰਗ ਵਿਚ ਪੇਸ਼ ਨਹੀਂ ਕਰਦੀ, ਨਾ ਹੀ ਉਹ ਸਭ ਕੁਝ ਨੂੰ ਰੂਹਾਨੀ ਰੰਗ ਵਿਚ ਗਲੇਫ ਕੇ ਅਖੌਤੀ ਤੇ ਬਨਾਵਟੀ ਜਿਹਾ ਰੂਪ ਦੇਂਦੀ ਹੈ। ਉਸ ਵਲੋਂ ਪ੍ਰਸਤੁਤ ਨਾਰੀ ਦੀ ਪ੍ਰੇਮ-ਭਾਵਨਾ ਤੇ ਜਜ਼ਬਿਆਂ ਵਿਚ ਤਨ ਮਨ ਦੋਵੇਂ ਸ਼ਾਮਲ ਹਨ । ਇਨ੍ਹਾਂ ਦੋਵਾਂ ਦਾ ਸਹਿਜ ਮੇਲ ਹੀ ਜੀਵਨ ਆਨੰਦ ਦਾ ਸੋਮਾ ਬਣਦਾ ਹੈ । ਉਸ ਦੀ ਕਲਾ ਖੂਬਸੂਰਤੀ ਇਸ ਗੱਲ ਵਿਚ ਹੈ ਕਿ ਉਹ ਤਨ ਮਨ ਦਾ ਸੰਗਮ ਬਣਾਉਂਦੀ ਹੋਈ ਵੀ ਕਿਸੇ ਦ੍ਰਿਸ਼ ਨੂੰ ਕਾਮ-ਉਕਸਾਊ ਤੇ ਗੈਰ-ਕੁਦਰਤੀ ਰੂਪ ਵਿਚ ਪੇਸ਼ ਨਹੀਂ ਕਰਦੀ । ਉਸ ਵਲੋਂ ਪੇਸ਼ ਇਹ ਮਿਲਣ, ਵਸਲ ਦੇ ਅਨੁਭਵ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੇਸ਼ਕਾਰੀ ਦੀ ਲੋੜ ਹੈ। ਇਸੇ ਲਈ ਉਸ ਉੱਪਰ ਕਦੀ ਅਸ਼ਲੀਲ ਹੋਣ ਦਾ ਦੋਸ਼ ਨਹੀਂ ਲੱਗਾ। ਤਨ-ਮਨ ਦੇ ਇਸ ਮਿਲਣ ਨੂੰ ਸੂਖਮਤਾ ਤੇ ਬਾਰੀਕੀ ਨਾਲ ਚਿਤਰਣ ਦੇ ਪੱਖੋਂ **ਪੱਬੀ** ਪੁਸਤਕ ਵਿਚਲੀਆਂ ਤਿੰਨ ਕਵਿਤਾਵਾਂ "ਹੋਟਲ ਦੀ ਚੌਥੀ ਛੱਤੇ", 'ਪੱਬੀ", ਅਤੇ "ਅਣਜਾਣੇ' ਵਿਸ਼ੇਸ਼ ਰੂਪ ਵਿਚ ਜ਼ਿਕਰਯੋਗ ਹਨ। 'ਅਣਜਾਣੇ" ਕਵਿਤਾ ਵਿਚ ਉਹ ਪਹਿਲੀ ਤੱਕਣੀ ਦੇ ਪਿਆਰ ਤੋਂ ਪਿਛੋਂ, ਇਕ ਦੂਸਰੇ ਦੀ ਛੋਹ ਪ੍ਰਾਪਤ ਕਰਨ, ਸਰੀਰਕ ਆਨੰਦ ਤਕ ਪਹੁੰਚਣ ਅਤੇ ਉਸ ਆਨੰਦ ਸਦਕਾ ਜ਼ਿੰਦਗੀ ਦੀ ਹਰ ਮੁਸ਼ਕਲ ਜਾਂ ਕੰਡਿਆਲੇ ਰਾਹਾਂ ਦੇ ਆਸਾਨ ਹੋਣ ਅਤੇ ਮੰਜ਼ਿਲ ਦੇ ਐਨ ਕਰੀਬ ਦਿੱਸਣ ਦੀ ਗੱਲ ਕਰਦੀ ਹੈ। ਇਸ ਮੇਲ ਵਿਚ ਉੱਚੇ-ਨੀਵੇਂ ਦਾ ਅਹਿਸਾਸ ਨਹੀਂ ਸਗੋਂ ਇਕ ਬਰਾਬਰੀ ਤੇ ਦੋਸਤੀ ਜਿਹਾ ਨਿੱਘ ਹੈ। ਨਾਰੀ ਨੂੰ ਇਕ ਧਰਤ ਦੇ ਪ੍ਰਤੀਕ ਵਜੋਂ ਪ੍ਰਸਤੁਤ ਕਰਦੀ ਹੋਈ ਉਹ "ਅਣਜਾਣੇ" ਕਵਿਤਾ ਵਿਚ ਲਿਖਦੀ ਹੈ :

ਏਸ ਅਗਨ ਦੀ ਗਰਮੀ ਡਾਢੀ
ਨਸ਼ੇ ਜਿਹਾ ਇਕ ਲੋਰ
ਯਾਦ ਰਹੇ ਨਾ ਰਾਹ ਕੰਡਿਆਲੇ
ਮੰਜ਼ਿਲਾਂ ਦਿੱਸੀਆਂ ਕੋਲ।
ਪੀਡੀ ਪਕੜ ਧਰਤ ਦੀ ਹੈ ਸੀ
ਤੇਰੀ ਖਿੱਚ ਪਰ ਹੋਰ
ਤੇਰੀ ਖਿੱਚ ਤੋਂ ਸਦਕੇ ਕੀਤੀ
ਇਹ ਜ਼ਿੰਦਗੀ ਅਨਮੋਲ।[17]

ਇਨ੍ਹਾਂ ਪੰਗਤੀਆਂ ਵਿਚ ਉਹ ਸਰੀਰਕ ਮੇਲ ਦਾ ਰੂਹਾਨੀਕਰਣ ਨਹੀਂ ਕਰਦੀ ਬਲਕਿ ਉਸ ਨੂੰ ਵਾਸਤਵਿਕ ਰੂਪ ਵਿਚ ਚਿਤਰਦੀ ਹੈ। ਉਸ ਦੀਆਂ ਪ੍ਰੇਮ ਦੇ ਜ਼ਜਬੇ ਨਾਲ ਭਰਪੂਰ ਕਵਿਤਾਵਾਂ ਵਿਚ ਪਤੀ ਹੀ ਮਹਿਬੂਬ ਜਾਂ ਪ੍ਰੇਮੀ ਦੇ ਰੂਪ ਵਿਚ ਪੇਸ਼ ਹੋਇਆ ਹੈ। ਜਿੱਥੇ ਅੰਮ੍ਰਿਤਾ ਆਪਣੀ ਕਵਿਤਾ ਵਿਚ ਵਿਆਹੁਤਾ ਨਾਰੀ ਨੂੰ ਆਪਣੇ ਪਤੀ ਨਾਲ ਨਾਖੁਸ਼ ਜੀਵਨ ਗੁਜ਼ਾਰਦੇ ਹੋਏ ਮਜਬੂਰੀ-ਵਸ ਸਮਾਂ ਕੱਟ ਰਹੀ ਬੇਬਸ ਔਰਤ ਦੇ ਰੂਪ ਵਿਚ ਚਿਤਰਦੀ ਹੈ, ਉਥੇ ਪ੍ਰਭਜੋਤ ਉਸ ਵਿਆਹੁਤਾ ਨਾਰੀ ਦਾ ਬਿੰਬ ਉਸਾਰਦੀ ਹੈ ਜਿਸ ਨੂੰ ਆਪਣੇ ਪਤੀ ਵਿਚੋਂ ਹੀ ਪ੍ਰੇਮੀ ਦਾ ਚਿਹਰਾ ਦਿਖਾਈ ਦੇਂਦਾ ਹੈ। ਇਸ ਗੱਲ ਨੂੰ ਗਲਤ ਸਭਿਆਚਾਰਕ ਕੀਮਤਾਂ ਉੱਪਰ ਉਸਰੇ ਵਿਆਹ-ਪ੍ਰਬੰਧ ਨੂੰ ਜਿਉਂ ਦਾ ਤਿਉਂ ਪ੍ਰਵਾਨ ਕਰਨ ਦੇ ਅਰਥਾਂ ਵਿਚ ਗ੍ਰਹਿਣ ਕਰਨ ਦੀ ਬਜਾਏ ਉਸੇ ਪ੍ਰਬੰਧ ਵਿਚ ਹੁਲਾਸਮਈ ਜੀਵਨ ਬਸਰ ਕਰਨ ਦੇ ਅਰਥਾਂ ਵਿਚ ਸਮਝਣਾ ਚਾਹੀਦਾ ਹੈ। "ਪੱਬੀ" ਕਵਿਤਾ ਵਿਚ ਉਹ ਜਿਸਮਾਨੀ ਮੇਲ ਵਿਚ ਹੰਢਾਏ ਪਲਾਂ ਨੂੰ ਸਾਕਾਰ ਕਰਦੀ ਹੈ। ਅਜਿਹੇ ਪਲਾਂ ਦੀ ਗ਼ੈਰ-ਹਾਜ਼ਰੀ ਵਿਚ ਉਸ ਨੂੰ ਸਭ ਕੁਝ ਨੀਰਸ, ਸਿੱਧੇ ਜਿਹੇ ਰਸਤੇ ਵਰਗਾ, ਚਿੱਟੇ ਕਪੜੇ ਜੇਹਾ ਜਾਂ ਸੁਲਝੀਆਂ ਤਾਰਾਂ ਦੀ ਇਕ ਚਿੱਟੀ ਅੱਟੀ ਸਮਾਨ ਦਿਖਾਈ ਦੇਂਦਾ ਹੈ। ਮੇਲ ਦੀ ਅਣਹੋਂਦ ਵਿਚ "ਜੀਣਾ"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਨੂੰ "ਬਿਨਾਂ ਬਹਾਨੇ ਜੀਵੀ ਜਾਣ" ਜੇਹਾ ਲੱਗਦਾ ਹੈ। ਇਸ ਤੋਂ ਵੀ ਅਗਾਂਹ ਸਰਕਦੀ ਹੋਈ ਉਹ "ਪੱਬੀ" ਕਵਿਤਾ ਵਿਚ ਲਿਖਦੀ ਹੈ :

ਹੁਣ ਦੁਖ ਸੁਖ ਦੋਵੇਂ ਸਮ ਦਿਸਦੇ
ਜਾਂ ਕਿਧਰੇ ਇਹ ਜਿੰਦ ਨਾ ਖੁਭਦੀ
ਬਸ ਜ਼ਿੰਦਗੀ ਦੀਆਂ ਬੁਲ੍ਹੀਆ ਅੰਦਰ
ਇਕ ਸਾਹਾਂ ਦੀ ਰੜਕਣ ਚੁੱਭਦੀ।[18]

ਪਿਆਰ ਦੇ ਜਜ਼ਬੇ ਨਾਲ ਭਰਪੂਰ ਜੀਵਨ-ਸਥਿਤੀ ਨੂੰ ਤਾਂ ਉਹ ਹੁਲਸਮਈ ਰੂਪ ਵਿਚ ਚਿਤਰਦੀ ਹੀ ਹੈ, ਉਸ ਦੀ ਵੱਖਰਤਾ ਇਸ ਗੱਲ ਵਿਚ ਹੈ ਕਿ ਉਸਦੇ ਕਾਵਿ ਵਿਚ ਪਿਆਰ ਵਿਚ ਪੂਰੀ ਤਰ੍ਹਾਂ ਡੁੱਬੀ ਹੋਈ ਨਾਰੀ ਵਿਛੋੜੇ ਦੀ ਅਵਸਥਾ ਵਿਚ ਨਾ ਕੀਰਨੇ ਪਾਉਂਦੀ ਹੈ ਅਤੇ ਨਾ ਹੀ ਵਿਰਲਾਪ ਕਰਦੀ ਹੈ ਬਲਕਿ ਇਸ ਅਵਸਥਾ ਨੂੰ ਵੀ ਪੂਰੀ ਚੇਤਨਾ ਤੇ ਬੁੱਧੀ ਨਾਲ ਸਮਝਣ ਦਾ ਯਤਨ ਕਰਦੀ ਹੈ। ਇਸ ਨਾਰੀ ਪ੍ਰੇਮ ਦੀ ਤੀਬਰਤਾ ਪਿੱਛੋਂ ਵਿਛੋੜੇ ਦੀ ਅਵਸਥਾ ਵਿਚ ਆਪਣੇ ਆਪ ਨੂੰ ਸੰਤੁਲਿਤ ਰੱਖਦੀ ਹੋਈ ਆਖਦੀ ਹੈ :

ਵਿਚ ਵਿਛੋੜੇ
ਮਰ ਜਾਵਣ ਦੀਆਂ
ਐਵੇਂ ਗੱਲਾਂ
ਇਸ ਹਿਕੜੀ ਦੇ ਡੂੰਘੇ ਤਲ ਵਿਚ
ਹੁਣ ਨਹੀਂ ਉਠਦੀਆਂ
ਭਾਵਕ ਛੱਲਾਂ।[19]

ਵਸਲ ਅਤੇ ਪ੍ਰਾਪਤੀ ਦੇ ਪਲਾਂ ਨੂੰ ਯਥਾਰਥਕ ਰੂਪ ਚਿਤਰਦੀ ਹੋਈ ਪ੍ਰਭਜੋਤ ਸੰਤੁਸ਼ਟੀ ਤੇ ਤ੍ਰਿਪਤੀ ਦੀ ਅਵਸਥਾ ਵਿਚੋਂ ਪੈਦਾ ਹੋਣ ਵਾਲੀ ਭਟਕਣਾ ਦੀ ਗੱਲ ਵੀ ਕਰਦੀ ਹੈ। ਸੰਤੁਸ਼ਟੀ ਤੇ ਤ੍ਰਿਪਤੀ ਦੀ ਅਵਸਥਾ ਵਿਚ ਹੀ ਕਈ ਵਾਰ ਸੱਖਣੇਪਨ, ਅਤ੍ਰਿਪਤੀ ਤੇ ਅਸੰਤੁਸ਼ਟੀ ਦਾ ਅਹਿਸਾਸ ਜਾਗਦਾ ਹੈ। ਉਹ ਹਰ ਪੱਖ ਤੋਂ ਸੰਤੁਸ਼ਟ ਸੁਲਝੀਆਂ ਤਾਰਾਂ ਦੀ ਇਕ ਅੱਟੀ ਜੇਹੀ ਜ਼ਿੰਦਗੀ ਨੂੰ ਨੀਸਰਤਾ ਭਰਪੂਰ ਖ਼ਿਆਲ ਕਰਦੀ ਹੈ। ਇੰਜ ਉਹ ਸੰਤੁਸ਼ਟੀ ਵਿਚੋਂ ਪੈਦਾ ਹੋਣ ਵਾਲੀ ਅਸੰਤੁਸ਼ਤੀ, ਤ੍ਰਿਪਤੀ ਵਿਚੋਂ ਪੈਦਾ ਹੋਣ ਵਾਲੀ ਅਤ੍ਰਿਪਤੀ ਦੀ ਗੱਲ ਕਰਦੀ ਹੈ। ਆਪਣੀ ਕਵਿਤਾ "ਉਤੇਜਨਾ, ਪਰਾਪਤੀ, ਭਟਕਣਾ" ਵਿਚ ਉਹ "ਪ੍ਰਾਪਤੀ" ਨੂੰ ਅਡੋਲ, ਅਹਿਲ, ਇਕਸਾਰ, ਟਿਕਾਓ ਭਰਪੂਰ, ਅਕੇਵਿਆਂ ਭਰਪੂਰ ਅਤੇ ਜ਼ਿੰਦਗੀ-ਰਹਿਤ ਦੱਸਦੀ ਹੋਈ ਲਿਖਦੀ ਹੈ :

ਹਰ ਪੜਾਅ 'ਤੇ ਪਹੁੰਚ ਕੇ
ਹੈ ਬੇਬਸੀ
ਕਿੱਥੇ ਖੁਸ਼ੀ
ਇਕ ਸਦੀਵੀ ਭਟਕਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨ ਨੂੰ ਸਦਾ ਭਟਕਾ ਰਹੀ
ਹਰ ਕਦਮ ਤੋਂ ਬਾਅਦ
ਦੂਜੇ ਕਦਮ ਨੂੰ ਜਿੰਦ ਤਾਂਘਦੀ
ਮੰਜ਼ਿਲਾਂ ਦੀ ਖਿੱਚ ਹੀ
ਕੀ ਜ਼ਿੰਦਗੀ ਦੀ ਔੜ ਹੈ।[20]

ਇੰਜ ਉਹ ਅਤ੍ਰਿਪਤੀ ਦੀ ਭਾਵਨਾ ਦਾ ਸਾਧਾਰਣੀਕਰਣ ਕਰ ਦੇਂਦੀ ਹੈ। ਉਸ ਦੇ ਕਾਵਿ ਵਿਚ ਪੇਸ਼ ਅਤ੍ਰਿਪਤੀ ਤੇ ਅਸੰਤੁਸ਼ਟੀ ਦਾ ਅਹਿਸਾਸ ਆਦਰਸ਼ਕ ਸਾਥ ਤੇ ਆਦਰਸ਼ਕ ਮੇਲ ਦੀ ਘਾਟ ਵਿਚੋਂ ਹੀ ਪੈਦਾ ਹੁੰਦਾ ਹੈ।

ਜਿਸਮਾਨੀ ਮੇਲ ਦੇ ਗੌਰਵ ਨੂੰ ਉਜਾਗਰ ਕਰਨ, ਪਤੀ ਨੂੰ ਪ੍ਰੇਮੀ ਦੇ ਰੂਪ ਵਿਚ ਚਿਤਰਣ ਅਤੇ ਸੰਤੁਸ਼ਟੀ ਵਿਚੋਂ ਪੈਦਾ ਹੋਣ ਵਾਲੇ ਸੱਖਣੇਪਨ ਨੂੰ ਉਲੀਕਣ ਤੋਂ ਇਲਾਵਾ ਪ੍ਰਭਜੋਤ ਉਨ੍ਹਾਂ ਪਲਾਂ ਨੂੰ ਵੀ ਚਿਤਰਦੀ ਹੈ ਜਿੱਥੇ ਪ੍ਰੇਮੀ-ਪਤੀ ਉੱਪਰ ਪਤੀ ਰੂਪ ਰਤਾ ਭਾਰੀ ਹੋ ਜਾਂਦਾ ਹੈ। ਇਸ ਪਾਸਾਰ ਨੂੰ ਉਭਾਰਦੀ ਹੋਈ "ਸਰਾਪ" ਕਵਿਤਾ ਵਿਚ ਉਹ ਲਿਖਦੀ ਹੈ :

ਮੈਂ ਤੈਨੂੰ ਮਰਦ ਕਰ ਜਾਣਿਆ
ਮਰਦ
ਜੋ ਤੀਵੀਂ ਨੂੰ
ਉਵੇਂ ਹੀ ਸੰਪੂਰਨ ਕਰਦਾ ਹੈ
ਜਿਵੇਂ ਤੀਵੀਂ ਮਰਦ ਨੂੰ
ਪਰ ਅਚਾਨਕ
ਇਸ ਤੋਂ ਪਹਿਲਾਂ
ਕਿ ਪਿਆਰ ਦੀ ਬਿਜਲੀ ਕੂੰਦ
ਕੋਈ ਚਮਤਕਾਰ ਕਰਦੀ
ਤੂੰ ਪਤੀ, ਮਾਲਕ ਤੇ ਸਵਾਮੀ
ਬਣ ਗਿਆ ਸੈਂ
ਤੇ ਮੈਂ...?[21]

ਪਰ ਇਨ੍ਹਾਂ ਪੰਗਤੀਆਂ ਵਿਚ ਵੀ ਪਤੀ-ਪਤਨੀ ਸੰਬੰਧਾਂ ਪ੍ਰਤਿ ਉਸਦਾ ਦ੍ਰਿਸ਼ਟੀਕੋਣ ਕਿਸੇ ਤਰ੍ਹਾਂ ਦੇ ਉਲਾਰ ਦਾ ਸ਼ਿਕਾਰ ਨਹੀਂ। ਉਸ ਨੂੰ ਤੀਵੀਂ ਤੇ ਮਰਦ ਦੀ ਹੋਂਦ ਇਕ ਦੂਸਰੇ ਨੂੰ ਸੰਪੂਰਨ ਕਰਦੀ ਪ੍ਰਤੀਤ ਹੁੰਦੀ ਹੈ ਪਰੰਤੂ ਇਸ ਸੰਤੁਲਨ ਦੇ ਡੋਲਨ ਨਾਲ ਜ਼ਿੰਦਗੀ ਤਨਾਉ ਭਰਪੂਰ ਹੋ ਜਾਂਦੀ ਹੈ। ਇਸ ਤਨਾਉ ਦੇ ਕੁਝ ਕੁ ਪਾਸਾਰ ਉਸ ਦੀ ਪੁਸਤਕ **ਇਸ਼ਕ ਸ਼ਰ੍ਹਾ ਕੀ ਨਾਤਾ** ਵਿਚ ਵਿਦਮਾਨ ਹਨ। ਇਸ ਤਨਾਉ ਨੂੰ ਚਿਤਰਦੀਆਂ ਇਸੇ ਪੁਸਤਕ ਵਿਚਲੀਆਂ ਕੁਝ ਕਵਿਤਾਵਾਂ ਜਿਵੇਂ "ਦਿਮਾਗੀ ਆਯਾਸ਼ੀ", "ਸਪੱਸ਼ਟੀਕਰਣ", ਫਰੇਮ ਤੋਂ ਬਾਹਰ",

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਭਰਿਆ ਕਟੋਰਾ", "ਫਿਰ" ਅਤੇ "ਸੁਪਨਾ ਮਰ ਗਿਆ" ਆਦਿ ਵਰਣਨਯੋਗ ਹਨ। ਇਨ੍ਹਾਂ ਕਵਿਤਾਵਾਂ ਵਿਚ ਕਵਿਤਰੀ ਅਸਲੋਂ ਵੱਖਰੀ ਪ੍ਰਕਾਰ ਦੀ ਅਤੇ ਪੀੜਿਤ ਮਾਨਸਿਕਤਾ ਨੂੰ ਸਮੂਰਤ ਰੂਪ ਦੇਂਦੀ ਹੈ।

ਨਾਰੀ-ਸੰਵੇਦਨਾ ਦੀ ਦ੍ਰਿਸ਼ਟੀ ਤੋਂ **ਇਸ਼ਕ ਸ਼ਰ੍ਹਾ ਕੀ ਨਾਤਾ** ਸੰਗ੍ਰਿਹ ਵਿਚਲੀਆਂ ਕੁਝ ਕਵਿਤਾਵਾਂ ਮਹਿਬੂਬ ਤੋਂ ਪਤੀ/ਮਾਲਕ/ਸਵਾਮੀ ਬਣ ਚੁੱਕੇ ਵਿਅਕਤੀ ਦੀਆਂ ਵਧੀਕੀਆਂ ਨੂੰ ਦਰਸਾਉਂਦੀਆਂ ਹੋਈਆਂ ਸੁਪਨ ਅਵਸਥਾ ਤੋਂ ਹਕੀਕਤ ਤਕ ਅਪੜੀ ਮਾਨਸਿਕਤਾ ਨੂੰ ਸਮੂਰਤ ਕਰਦੀਆਂ ਹਨ। ਇਸ ਤਰ੍ਹਾਂ ਇਹ ਕਵਿਤਾਵਾਂ ਜੁਗਾਂ ਜੁਗਾਂਤਰਾਂ ਤੋਂ ਨਾਰੀ ਨਾਲ ਹੋ ਰਹੀ ਵਧੀਕੀ ਅਤੇ ਇਸਦੇ ਫਲਸਰੂਪ ਨਾਰੀ ਦੀ ਪੀੜਿਤ ਸੰਵੇਦਨਾ ਨੂੰ ਸਾਮ੍ਹਣੇ ਲਿਆਉਂਦੀਆਂ ਹਨ। ਇਨ੍ਹਾਂ ਕਵਿਤਾਵਾਂ ਵਿਚ ਸੁਪਨਿਆਂ ਦੀ ਤਿੜਕਣ ਅਤੇ ਹਕੀਕਤ ਦਾ ਵਿਕਰਾਲ ਰੂਪ ਮੂਰਤੀਮਾਨ ਹੁੰਦਾ ਹੈ। ਇਹ ਕਵਿਤਾਵਾਂ ਆਦਰਸ਼ਕ ਦੀ ਬਜਾਏ ਵਾਸਤਵਿਕ ਪੱਧਰ ਉੱਪਰ ਨਾਰੀ ਦੀਆਂ ਸੱਧਰਾਂ ਤੇ ਉਮੰਗਾਂ ਨੂੰ ਦਰਸਾਉਂਦੀਆਂ ਅਤੇ ਉਸ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀਆਂ ਹਨ। ਪਹਿਲੇ ਸੰਗ੍ਰਹਿਆਂ ਦੀਆਂ ਕਵਿਤਾਵਾਂ ਦੇ ਮੁਕਾਬਲੇ ਇਨ੍ਹਾਂ ਕਵਿਤਾਵਾਂ ਵਿਚ ਰਸ ਤੇ ਰੁਮਾਂਸ ਦੀ ਅੰਸ਼ ਘੱਟ ਅਤੇ ਪੀੜਾ ਤੇ ਯਥਾਰਥ ਦਾ ਅੰਸ਼ ਵਧੇਰੇ ਹੈ। ਰੁਮਾਂਟਿਕ ਉਤੇਜਨਾ ਅਤੇ ਭਰਪੂਰ ਪ੍ਰਾਪਤੀ ਦੇ ਅਹਿਸਾਸ ਨੂੰ ਮਾਨਣ ਤੋਂ ਪਿਛੋਂ ਇਨ੍ਹਾਂ ਕਵਿਤਾਵਾਂ ਵਿਚਲੀ ਨਾਰੀ ਯਥਾਰਥ ਅਤੇ ਉਸ ਵਿਚੋਂ ਪੈਦਾ ਹੋਣ ਵਾਲੀ ਭਟਕਣਾ ਦੇ ਰੂਬਰੂ ਹੈ। ਇਸੇ ਲਈ ਇਨ੍ਹਾਂ ਵਿਚ ਆਸ਼ਾਵਾਦੀ ਹੁਲਾਸ ਦੀ ਬਜਾਏ ਪੀੜਿਤ ਸੰਵੇਦਨਾ ਅੰਕਿਤ ਹੋਈ ਹੈ। ਇਸ ਤੋਂ ਪਹਿਲਾਂ ਕਿ ਇਨ੍ਹਾਂ ਕਵਿਤਾਵਾਂ ਵਿਚਲੇ ਨਾਰੀ ਸੰਵੇਦਨਾ ਨਾਲ ਸੰਬੰਧਿਤ ਪਾਸਾਰਾਂ ਬਾਰੇ ਕੁਝ ਕਿਹਾ ਜਾਵੇ ਉਨ੍ਹਾਂ ਨੁਕਤਿਆਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ, ਜੋ ਇਨ੍ਹਾਂ ਕਵਿਤਾਵਾਂ ਦਾ ਪ੍ਰਸੰਗ ਸਿਰਜਦੇ ਪ੍ਰਤੀਤ ਹੁੰਦੇ ਹਨ।

ਪਹਿਲਾ ਨੁਕਤਾ ਇਹ ਹੈ ਕਿ **ਇਸ਼ਕ ਸ਼ਰ੍ਹਾ ਕੀ ਨਾਤਾ** ਕਾਵਿ-ਸੰਗ੍ਰਹਿ ਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਪ੍ਰਭਜੋਤ ਦੇ ਕਾਵਿ ਵਿਚ ਇਕ ਐਸੇ ਬਾਲ ਦੀ ਮਨੋ ਅਵਸਥਾ ਪ੍ਰਗਟ ਹੋਈ ਹੈ, ਜੋ ਖੁਸ਼ੀਆਂ ਤੇ ਹੁਲਾਸ ਭਰਿਆ, ਸੰਗਾਊ ਤੇ ਸਹੇਲੀਆਂ ਦੇ ਸਾਥ ਭਰਿਆ ਜੀਵਨ ਬਸਰ ਕਰਦਾ ਹੈ। ਉਸਨੂੰ ਕਿਸੇ ਪ੍ਰਕਾਰ ਦੇ ਵਿਤਕਰੇ, ਬੰਧਨਾਂ ਤੇ ਮਜਬੂਰੀਆਂ ਦਾ ਸਾਮ੍ਹਣਾ ਨਹੀਂ ਕਰਨਾ ਪੈਂਦਾ ਬਲਕਿ ਇਕ ਸ਼ਾਂਤ ਤੇ ਇਕਾਂਤ ਅਵਸਥਾ ਵਿਚ ਉਹ ਜ਼ਿੰਦਗੀ ਨੂੰ ਕਲਪਨਾ ਦੇ ਸਹਾਰੇ ਮਾਣਦਾ ਹੈ। ਇਸ ਬਾਲ ਦੀ ਮਨੋਅਵਸਥਾ ਨਿਡਰ, ਗੰਭੀਰ ਦ੍ਰਿੜ, ਅਤੇ ਸ੍ਵੈ-ਵਿਸ਼ਵਾਸ ਨਾਲ ਭਰਪੂਰ ਹੈ। ਇਸ ਲਈ ਪ੍ਰਭਜੋਤ ਦੀਆਂ ਮੁੱਢਲੀਆਂ ਰਚਨਾਵਾਂ ਵਿਚ ਬਾਲ-ਅਵਸਥਾ ਵਿਚ ਵਿਚਰਦੀ ਨਾਰੀ ਸੁਪਨਿਆਂ ਤੇ ਯਥਾਰਥ ਵਿਚਕਾਰ ਕਿਸੇ ਪ੍ਰਕਾਰ ਦੀ ਵਿੱਥ ਦਾ ਅਨੁਭਵ ਨਹੀਂ ਕਰਦੀ। ਉਹ ਤਾਂ ਆਲੇ-ਦੁਆਲੇ ਦੇ ਪ੍ਰਾਕਿਰਤਕ ਦ੍ਰਿਸ਼ਾਂ ਦੀ ਸਰਸਰਾਹਟ, ਪਾਣੀ ਦੀਆਂ ਲਹਿਰਾਂ ਆਦਿ ਦੀ ਕਲਪਨਾ ਕਰਦੀ ਅਤੇ ਆਲੇ ਦੁਆਲੇ ਦੇ ਰੁਮਾਂਚਿਤ ਵਾਤਾਵਰਣ ਨੂੰ ਭਾਵਾਂ ਦੀ ਤੀਬਰਤਾ ਨਾਲ ਬਿਆਨ ਕਰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਵਾਂ ਦੀ ਤੀਬਰਤਾ ਦੀ ਪਛਾਣ ਲਈ ਹੇਠ ਲਿਖੀਆਂ ਪੰਗਤੀਆਂ ਉਦਾਹਰਣ ਵਜੋਂ ਵੇਖੀਆਂ ਜਾ ਸਕਦੀਆਂ ਹਨ :

ਅੱਜ ਨਾ ਵੱਸੋ ਬਦਲੋ
ਤੁਸੀ ਗ਼ਮ ਦੇ ਜਾਏ
ਅੱਜ ਨਾ ਰੋਵੋ ਅੱਖੀਓ
ਮੈਂ ਦੀਪ ਜਗਾਏ
ਸਿਸਕੋ ਨਾ ਅੱਜ ਦਰਦ ਪੀੜ
ਮੇਰੇ ਕੰਬਦੇ ਪਏ ਪ੍ਰਾਣ
ਛਿੜੋ ਨਾ ਅੱਜ ਨੀ ਕੰਬਣੀਓ
ਮੈਨੂੰ ਗੀਤ ਦਿਓ ਇਕ ਗਾਣ...[22]

ਪ੍ਰਾਕਿਰਤਕ ਦ੍ਰਿਸ਼ਾਂ ਦੀ ਪੇਸ਼ਕਾਰੀ ਦੇ ਨਾਲ ਨਾਲ ਉਸ ਉੱਪਰ ਜ਼ਮਾਨੇ ਦੇ ਵੇਗ ਦਾ ਵੀ ਅਸਰ ਹੁੰਦਾ ਹੈ। ਇਸ ਲਈ ਉਹ ਹਿੰਦ ਦੀ ਗੁਲਾਮ ਦਸ਼ਾ ਪ੍ਰਤਿ ਦੇਸ਼ ਵਾਸੀਆਂ ਲਈ ਸੱਚੀ ਹਮਦਰਦੀ ਅਤੇ ਦੇਸ਼ ਪਿਆਰ ਦੇ ਭਾਵਾਂ ਨੂੰ ਪ੍ਰਗਟ ਕਰਦੀ ਹੈ। **ਲਟ ਲਟ ਜੋਤ ਜਗੇ** ਪੁਸਤਕ ਵਿਚਲੀਆਂ ਦੋ ਕਵਿਤਾਵਾਂ "ਭਾਰਤ ਦੀ ਕੰਨਿਆ" ਤੇ "ਪੰਜਾਬ ਦੀ ਕੁੜੀ" ਵਿਚ ਉਹ ਭਾਰੀ ਨਾਰੀ ਨੂੰ ਆਜ਼ਾਦੀ ਦੀ ਜੰਗ ਵਿਚ ਹਿੱਸਾ ਲੈਣ ਲਈ ਪ੍ਰੇਰਦੀ ਹੈ। "ਪੰਜਾਬ ਦੀ ਕੁੜੀ" ਕਵਿਤਾ ਦੇ ਅੰਤ ਵਿਚ ਉਹ ਲਿਖਦੀ ਹੈ :

ਸਮਾ ਹੁਣ ਆਇਆ ਬਿਪਤਾ ਝਾਗਣੇ ਦਾ
ਕੁੜੀ ਹੁਣ ਪੰਜਾਬ ਦੀ ਤਰ ਪੈਸੀ।
ਥਲਾਂ ਵਿਚ ਭੁਜਣਾ ਰਿਹਾ ਇਕ ਪਾਸੇ
ਉਹ ਬਹਾਦਰਾਂ ਦੀ ਮੌਤੇ ਮਰ ਵੈਸੀ।[23]

ਦੂਸਰਾ ਨੁਕਤਾ ਉਸ ਦੇ ਕਾਵਿ ਵਿਚਲੀ ਨਾਰੀ ਵਲੋਂ ਭਰਪੂਰ ਜਿਸਮਾਨੀ ਮੇਲ ਨੂੰ ਮਾਣਨ ਤੇ ਹੁਲਾਸਮਈ ਜੀਵਨ ਬਸਰ ਕਰਨ ਦੇ ਅਨੁਭਵਾਂ ਨਾਲ ਸੰਬੰਧਿਤ ਹੈ। ਜਿਸਮਾਨੀ ਮੇਲ ਦੇ ਆਨੰਦ ਤੇ ਗੌਰਵ ਨੂੰ ਮਾਣਦੀ ਹੋਈ ਇਸ ਪੜਾਅ ਤੇ ਵਿਚਰਦੀ ਉਸ ਦੇ ਕਾਵਿ ਵਿਚਲੀ ਨਾਰੀ ਨੂੰ ਉਲਝਣਾਂ, ਤ੍ਰਿਪਤੀਆਂ-ਅਤ੍ਰਿਪਤੀਆਂ, ਦੁਖ-ਸੁਖ, ਬਿਰਹਾ ਤੇ ਮਿਲਾਪ ਦਾ ਅਨੁਭਵ ਵੀ ਹੁੰਦਾ ਹੈ। ਪਰੰਤੂ ਇਸ ਸਭ ਕੁਝ ਦਾ ਕੇਂਦਰੀ ਪ੍ਰਸੰਗ ਪਿਆਰ ਹੀ ਰਹਿੰਦਾ ਹੈ ਜਿਸ ਦੀ ਆਨੰਦਮਈ ਸਿਖਰ ਉਪਰ ਵਿਚਰਦੀ ਹੋਈ ਉਹ ਇਸ ਨੂੰ ਸਦੀਵੀ ਬਣਾਉਣ ਦੀ ਲੋਚਾ ਰਖਦੀ ਹੈ। "ਸਿਖਰ" ਕਵਿਤਾ ਵਿਚ ਉਹ ਅਜੇਹੀ ਹੀ ਮਨੋ ਸਥਿਤੀ ਨੂੰ ਬਿਆਨਦੀ ਹੈ।

ਅੱਜ ਦਾ ਦਿਨ
ਤੇ ਇਹ ਪਲ ਸੱਜਣਾ
ਫੇਰ ਨਾ ਆਉਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਦੇ ਨਾ ਲਭਣਾ

... ...

ਕੀ ਜਾਣਾ ਕਿ ਫੇਰ ਕਦੇ ਮੈਂ
ਅਨੁਭਵ ਦੀ ਇਸ ਤੀਖਣਤਾ ਨੂੰ
ਛੋਹਾਂ ਕਿ ਨਾ ਛੋਹਾਂ
ਸ਼ਾਇਦ ਫੇਰ ਕਦੇ ਮੈਂ ਐਨੀ
ਪਿਆਰ ਵਿਆਕੁਲ ਹੋਵਾਂ ਜਾਂ ਨਾ ਹੋਵਾਂ ?[24]

ਇਨ੍ਹਾਂ ਕਵਿਤਾਵਾਂ ਵਿਚ ਪਿਆਰ ਦੀ ਵਿਆਕੁਲਤਾ ਦੇ ਨਾਲ ਨਾਲ ਉਹ "ਕਲ੍ਹ, ਜਿਉਂ ਰਾਤ ਅਮਾਵਸ ਕਾਲੀ" ਰਾਹੀਂ ਭਵਿਖਮੁਖੀ ਸੰਕੇਤ ਵੀ ਕਰਦੀ/ਦੇਂਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਨਾਰੀ-ਪੁਰਸ਼ ਦੇ ਸਰੀਰਕ ਮੇਲ ਨੂੰ ਉਹ ਜ਼ਿੰਦਗੀ ਦੇ ਆਨੰਦ ਦੀ ਸਿਖ਼ਰ ਸਮਝਦੀ ਹੈ। ਉਹ ਪੂਰੀ ਦਲੇਰੀ ਨਾਲ ਨਾਰੀ ਦੇ ਮਨ ਅੰਦਰਲੀਆਂ ਵਸਲ-ਆਨੰਦ ਦੀਆਂ ਭਾਵਨਾਵਾਂ ਨੂੰ ਅਭਿਵਿਅਕਤ ਕਰਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਪਤੀ ਮਹਿਬੂਬ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਨਿਰਾਸ਼ਾ ਤੇ ਭਟਕਣਾ ਇਸ ਪੜਾਅ ਉੱਪਰ ਪੇਸ਼ ਨਾਰੀ ਜੀਵਨ ਵਿਚੋਂ ਲਗਪਗ ਗ਼ੈਰ-ਹਾਜ਼ਿਰ ਹੈ। ਜਿਸਮਾਨੀ ਮੇਲ ਉੱਪਰ ਉਸਰੇ ਇਸ ਪਿਆਰ ਦੇ ਜਜ਼ਬੇ ਨੂੰ ਉਹ ਵਿਸ਼ੇਸ਼ ਸਮੇਂ, ਸਥਾਨ ਤੇ ਵਿਅਕਤੀ ਨਾਲ ਜੋੜਣ ਦੀ ਬਜਾਏ ਸਦੀਵੀ ਮਾਨਵੀ ਮੁੱਲਾਂ ਨਾਲ ਜੋੜਦੀ ਹੈ। ਉਦਾਸੀਨ ਤੇ ਨਿਰਲੇਪ ਵਿਅਕਤੀ ਨੂੰ ਉਹ ਆਦਰਸ਼ਕ ਰੂਪ ਵਿਚ ਚਿਤਰਦੀ ਹੈ ਅਤੇ ਸੌੜੇ ਹਿੱਤਾਂ, ਨਿੱਜੀ ਲੋੜਾਂ, ਥੋੜਾਂ ਤੋਂ ਨਿਰਲੇਪ ਮਨੁੱਖ ਨੂੰ ਪੂਰੇ ਬ੍ਰਹਿਮੰਡੀ ਪਾਸਾਰ ਨੂੰ ਪ੍ਰਾਪਤ ਹੁੰਦੇ ਦਰਸਾਉਂਦੀ ਹੈ। "ਨਿਰੰਤਰ" ਕਵਿਤਾ ਵਿਚ ਉਸਨੇ ਲਿਖਿਆ ਹੈ :

ਮੈਂ ਵੀ ਮਾਦੇ ਦਾ ਇਕ ਕਿਣਕਾ
ਅੰਮ੍ਰਿਤ ਬੂੰਦ ਸਵਾਂਤ ਦਾ ਟੇਪਾ
ਇਕ ਸਿੱਪੀ ਦੇ ਨੈਣੀ ਡੁਬਿਆ
ਹਉਮੇ ਦੀ ਖੁਭਣ ਵਿਚ ਖੁਭਿਆ
ਕੇਵਲ ਪੰਜ ਤੱਤਾਂ ਦਾ ਕੈਦੀ
ਇਹ ਜੀਵਨ ਜੋ ਹੱਥ ਨਾ ਸਾਡੇ
ਇਹ ਜੀਵਨ ਜੋ ਦੂਰ ਦੁਰਾਡੇ
ਅਣਡਿੱਠੀ ਅਣਜਾਣੀ ਸੋਝੀ
ਅੰਤ ਟਿਕਾ ਦੀ
ਸਦਾ ਵਹਾ ਦੀ।[25]

ਜਿਸਮਾਨੀ ਪਿਆਰ ਦੀ ਭਰਪੂਰਤਾ ਨੂੰ ਮਾਣਨ ਤੇ ਉਦਾਸੀਨ ਤੇ ਨਿਰਲੇਪ ਮਨੁੱਖ ਨੂੰ ਆਦਰਸ਼ਕ ਰੂਪ ਵਿਚ ਚਿਤਰਣ ਦੇ ਨਾਲ ਨਾਲ ਉਸ ਦੇ ਕਾਵਿ ਵਿਚਲੀ ਨਾਰੀ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤੇਜਨਾ ਤੇ ਪ੍ਰਾਪਤੀ ਦੇ ਅਹਿਸਾਸ ਤੋਂ ਪਿਛੋਂ ਭਟਕਣਾ ਦਾ ਅਹਿਸਾਸ ਵੀ ਜਾਗਦਾ ਹੈ। ਇਸੇ ਪੜਾਅ ਉਪਰ ਉਸ ਦੇ ਕਾਵਿ ਵਿਚਲੀ ਨਾਰੀ ਨੂੰ ਜ਼ਿੰਦਗੀ ਦੀ ਨੀਰਸਤਾ ਤੇ ਉਸ ਦੇ ਇਕ ਸੁਲਝੀ ਹੋਈ ਅੱਟੀ ਭਾਵ ਬੇਸੁਆਦ ਤੇ ਬੇਰਸ ਹੋਣ ਦਾ ਅਨੁਭਵ ਵੀ ਹੁੰਦਾ ਹੈ। ਮਹਿਬੂਬ ਬਣਿਆ ਪਤੀ ਜਦੋਂ ਪਤੀ-ਰੂਪ ਵਿਚ ਵਾਪਸ ਪਰਤ ਆਉਂਦਾ ਹੈ ਤਾਂ ਇਸ ਭਾਵਨਾ ਨੂੰ ਵਧੇਰੇ ਤੀਖਣਤਾ ਪ੍ਰਾਪਤ ਹੁੰਦੀ ਹੈ। ਇਸ ਕਰਕੇ ਸੁਖ-ਅਰਾਮ ਤੇ ਪਦਾਰਥਕ-ਪ੍ਰਾਪਤੀਆਂ ਨਾਲ ਭਰੀ ਪੂਰੀ ਜ਼ਿੰਦਗੀ ਨੂੰ ਮਾਣ ਰਹੀ ਨਾਰੀ ਦੇ ਮਨ ਅੰਦਰ ਭਟਕਣਾ ਤੇ ਨਿਰਾਸ਼ਾ ਪ੍ਰਵੇਸ਼ ਕਰਦੀ ਹੈ. ਅਧੂਰੇਪਣ ਤੇ ਖਾਲੀਖਨ ਦਾ ਅਹਿਸਾਸ ਜਾਗਦਾ ਹੈ। ਜਿਥੇ ਪਹਿਲੀ ਅਵਸਥਾ ਵਿਚ ਉਹ ਤਨ ਮਨ ਦੀ ਅਭੇਦਤਾ ਦੀ ਗੱਲ ਕਰਦੀ ਹੈ, ਉਥੇ ਇਸ ਪੜਾਅ ਤੇ ਵਿਚਰਦੀ ਨਾਰੀ ਦੀ ਮਨੋਅਵਸਥਾ ਨੂੰ ਉਹ "ਅਜਨਬੀ" ਕਵਿਤਾ ਵਿਚ ਇਸ ਤਰ੍ਹਾਂ ਅੰਕਿਤ ਕਰਦੀ ਹੈ :

ਕਈ ਵਾਰ ਤਨ ਮਿਲ ਜਾਣ ਵੀ
ਦੋਹਾਂ ਤੋਂ ਇਕ ਹੋ ਜਾਣ ਵੀ
ਮਨ ਫੇਰ ਵੀ ਨੇ ਭਟਕਦੇ[26]

ਜਿਸਮਾਨੀ ਅਭੇਦਤਾ ਨੂੰ ਮਾਣਦੀ ਹੋਈ ਉਸ ਦੇ ਕਾਵਿ ਵਿਚਲੀ ਨਾਰੀ ਤਨ-ਮਨ ਦੀ ਦ੍ਵੈਤ ਨੂੰ ਵੀ ਸਾਮ੍ਹਣੇ ਲਿਆਉਂਦੀ ਹੈ। ਇਸ ਦ੍ਵੈਤ ਵਿਚੋਂ ਇਕ ਮਾਨਸਿਕ ਭਟਕਣ ਤੇ ਸਹਿਕਣ ਦਾ ਅਹਿਸਾਸ ਪੈਦਾ ਹੁੰਦਾ ਹੈ, ਜਿਵੇਂ ਕਿ ਨਿਮਨ ਅੰਕਿਤ ਪੰਗਤੀਆਂ ਤੋਂ ਸਪੱਸ਼ਟ ਹੈ :

ਜਾਮ ਤੇਰੇ ਪਿਆਰ ਦਾ
ਲਬਰੇਜ਼ ਹੋਇਆ ਨਾ ਕਦੀ
ਮੈਂ ਅੰਤ ਛੋਹਿਆ ਨਾ ਕਦੀ
ਅੱਧਵਾਟ ਸਹਿਕਦੀ ਰਹੀ
ਬੇਅਰਥ ਮਹਿਕਦੀ ਰਹੀ।[27]

"ਵੱਡ ਦਰਸ਼ੀ ਸ਼ੀਸ਼ਾ" ਸੰਗ੍ਰਹਿ ਵਿਚ ਪ੍ਰਭਜੋਤ ਕੌਰ ਨੇ ਤਨ ਅਤੇ ਮਨ ਦੀ ਦ੍ਵੈਤ ਜਾਂ ਤਨਾਉ ਨੂੰ ਭੋਗ ਰਹੀ ਨਾਰੀ ਦੀ ਮਨੋਅਵਸਥਾ ਨੂੰ ਰੂਪਮਾਨ ਕੀਤਾ ਹੈ। ਉਸ ਦੁਆਰਾ ਸਿਰਜਿਤ ਨਾਰੀ ਇਸ ਪੜਾਅ ਤੇ ਪਹੁੰਚ ਕੇ ਉਦਾਸੀਨ ਤੇ ਨਿਰਲੇਪ ਵਿਅਕਤੀ ਨੂੰ ਆਦਰਸ਼ਕ ਸਮਝਦੀ ਹੈ ਜੋ ਪੁਰਾਤਨਤਾ ਤੋਂ ਮੁੱਖ ਮੋੜੇ, ਪਰੰਪਰਾ ਨੂੰ ਅਸਵੀਕਾਰ ਕਰੇ, ਪਰਿਪਾਟੀਆਂ ਨੂੰ ਕਬੂਲ ਨਾ ਕਰੇ ਅਤੇ ਤਨ ਤੇ ਮਨ ਦੀਆਂ ਸਾਰੀਆਂ ਹੱਦਾਂ ਨੂੰ ਪਾਰ ਕਰੇ। ਉਸ ਦੇ ਕਾਵਿ ਵਿਚਲੀ ਨਾਰੀ ਨੂੰ ਇਸ ਪੜਾਅ ਤੇ ਪਹੁੰਚ ਕੇ ਮਨੁੱਖ ਅੰਦਰਲੇ ਪਸ਼ੂਪੁਣੇ ਦੀ ਪਛਾਣ ਹੋਣੀ ਸ਼ੁਰੂ ਹੋ ਜਾਂਦੀ ਹੈ। "ਜੰਗਲ ਦੀ ਵਿਰਾਸਤ" ਕਵਿਤਾ ਵਿਚ ਉਹ ਲਿਖਦੀ ਹੈ :

ਮਨੁੱਖ ਅਜੇ ਇਨਸਾਨ ਬਣ ਕੇ
ਉਭਰਿਆ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਦਾ ਪਸ਼ੂਪੁਣਾ
ਅਜੇ ਨਿਬੜਿਆ ਨਹੀਂ
ਜੰਗਲ ਦੀ ਵਿਰਾਸਤ
ਅਜੇ ਓਹਦੇ ਉਤੇ ਭਾਰੂ ਹੈ
ਤਹਿਜ਼ੀਬ ਦੇ ਉਜਾੜ ਵਿਚ
ਇੱਜੜ ਹੀ ਉਸਾਰੂ ਹੈ।[28]

ਇਸ ਪੜਾਅ ਉੱਤੇ ਪਹੁੰਚ ਕੇ ਉਸ ਦੇ ਕਾਵਿ ਵਿਚਲੀ ਨਾਰੀ ਅੰਦਰ ਇਹ ਅਹਿਸਾਸ ਪਨਪਦਾ ਹੈ ਕਿ ਜੱਗ ਕਿਸੇ ਚੇਤਨ ਨਾਰੀ ਦੀ ਮਨੋਸਥਿਤੀ ਨੂੰ ਪੂਰਨ ਭਾਂਤ ਸਮਝ ਨਹੀਂ ਸਕਦਾ। ਇਸ ਪ੍ਰਸੰਗ ਵਿਚ ਉਸ ਦੀ ਕਵਿਤਾ "ਡਿਉੜਾ" ਵਿਚਾਰਣਯੋਗ ਹੈ। ਚੇਤਨ ਨਾਰੀ ਅੰਦਰ ਇਹ ਭਾਵਨਾ ਜਾਗਦੀ ਹੈ ਕਿ "ਜਿਸ ਤੀਵੀਂ ਨੇ, ਆਪਣੇ ਆਪ ਨੂੰ ਮਨੁੱਖ ਜਾਤਾ/ਜਿਸ ਦੇ ਸਿਰ ਬੁੱਧੀ ਦਾ ਕੋਈ ਦੀਵਾ ਜਗਿਆ/ਜਿਸ ਨੇ ਆਪਣਾ ਤੱਤ ਪਛਾਤਾ/ਜਿਸ ਦੀ ਸੂਝ ਨੇ ਸੁਪਨੇ ਤਕੇ/ਲਗਨ ਲਗਾਈ/ਉਸ ਦੇ ਮਨ-ਕਰਮ ਦੀ ਜੱਗ ਨੂੰ ਸਮਝ ਨਾ ਆਈ।"[29] ਇਹ ਪੰਗਤੀਆਂ ਅਜੋਕੇ ਸਮਾਜ ਵਿਚ ਨਾਰੀ ਪ੍ਰਤਿ ਪ੍ਰਚਲਿਤ ਪਰੰਪਰਾਗਤ ਸੋਚ ਨੂੰ ਸਾਮ੍ਹਣੇ ਲਿਆਉਂਦੀਆਂ ਹਨ, ਐਸੀ ਸੋਚ ਜਿਹੜੀ ਨਾਰੀ ਨੂੰ ਸੂਝਵਾਨ ਤੇ ਚੇਤਨ ਰੂਪ ਵਿਚ ਵੇਖਣਾ ਹੀ ਨਹੀਂ ਚਾਹੁੰਦੀ। ਇਨ੍ਹਾਂ ਪੰਗਤੀਆਂ ਵਿਚੋਂ ਦੋ ਲਫ਼ਜ਼ "ਤੀਵੀਂ" ਅਤੇ "ਮਨੁੱਖ" ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਪਰੰਪਰਾਗਤ ਸੋਚ ਨਾਰੀ ਨੂੰ ਵੀ ਤੀਵੀਂ ਰੂਪ ਵਿਚ ਹੀ ਪ੍ਰਵਾਨ ਕਰਦੀ ਹੈ ਜਦ ਕਿ ਨਾਰੀ ਆਪਣੀ ਸਵੀਕ੍ਰਿਤੀ ਇਕ ਮਾਨਵ ਦੇ ਰੂਪ ਵਿਚ ਲੋੜਦੀ ਹੈ।

ਪ੍ਰਭਜੋਤ-ਕਾਵਿ ਵਿਚਲੀ ਨਾਰੀ ਸੁਪਨਿਆਂ ਭਰਪੂਰ, ਖ਼ੁਸ਼ਹਾਲ, ਪ੍ਰਾਪਤੀ, ਹੁਲਾਸ ਤੇ ਉਤੇਜਨਾ-ਭਰਪੂਰ ਜੀਵਨ ਬਸਰ ਕਰਨ ਦੇ ਨਾਲ ਨਾਲ ਭਟਕਣ ਤੇ ਸੱਖਣੇਪਨ ਦਾ ਅਨੁਭਵ ਕਰਦੀ ਹੋਈ ਬੁਢਾਪੇ ਦੀ ਅਵਸਥਾ ਨੂੰ ਵੀ ਤੀਬਰ ਰੂਪ ਵਿਚ ਅਨੁਭਵ ਕਰਦੀ ਹੈ। ਕਵਿਤਰੀ ਵਾਸਤਵਿਕਤਾ ਨੂੰ ਤਨਾਉਮਈ ਰੂਪ ਵਿਚ ਚਿਤਰਦੀਆਂ ਕਵਿਤਾਵਾਂ **ਚੰਦਰਯੁਗ** ਅਤੇ **ਇਸ਼ਕ ਸ਼ਰ੍ਹਾ ਕੀ ਨਾਤਾ** ਸੰਗ੍ਰਹਿਆਂ ਵਿਚ ਸ਼ਾਮਿਲ ਹਨ। **ਚੰਦਰਯੁਗ** ਸੰਗ੍ਰਹਿ ਵਿਚਲੀ ਕਵਿਤਾ "ਤਰਲ ਸ਼ੀਸ਼ਾ" ਵਿਚ ਜਿਥੇ ਉਹ ਇਕ ਪਾਸੇ ਉਮਰ ਨਾਲ ਵਿਕਸੀ ਸਿਆਣਪ ਵੱਲ ਇਸ਼ਾਰਾ ਕਰਦੀ ਹੈ ਉਥੇ ਅੰਗਾਂ ਦੀ ਲਚਕ ਦੇ ਗਾਇਬ ਹੋਣ, ਹੱਡੀਆਂ ਦੇ ਬਲ ਦੇ ਘਟਣ, ਉਨ੍ਹਾਂ ਦੇ ਭੁਰ-ਭੁਰੀਆਂ ਹੋਣ ਅਤੇ ਸਰੀਰਕ ਕਮਜ਼ੋਰੀ ਦੀ ਗੱਲ ਵੀ ਕਰਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਬੁਢਾਪੇ ਦੀ ਇਸ ਸਥਿਤੀ ਦਾ ਵਰਣਨ ਪੀੜਿਤ ਮਾਨਸਿਕਤਾ ਰਾਹੀਂ ਹੋਇਆ ਹੈ: "ਪਰ ਹਾਏ! ਹੁਣ ਅੰਗਾਂ ਅੰਦਰ/ਲਚਕ ਨਹੀਂ ਨਾ...।" ਇਸੇ ਪੁਸਤਕ ਵਿਚਲੀ ਇਕ ਹੋਰ ਕਵਿਤਾ "ਹੁਨਾਲ ਸਿਆਲ" ਵਿਚ ਉਹ ਤਨ ਤੋਂ ਪੱਤਿਆਂ ਦੇ ਝੜਨ ਤੇ ਰੁੱਖਾਂ ਦੇ ਮੌਨ ਧਾਰਣ ਦੀ ਗੱਲ ਕਰਦੀ ਹੈ। ਸੁਆਲ ਪੈਦਾ ਹੁੰਦਾ ਹੈ ਕਿ ਬੁਢਾਪੇ ਦਾ ਇਹ ਅਹਿਸਾਸ ਏਨਾ ਤੀਬਰ ਤੀਖਣ ਰੂਪ ਕਿਉਂ ਅਖਤਿਆਰ ਕਰਦਾ ਹੈ? ਇਸ ਪੜਾਅ ਤੇ ਆ ਕੇ ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇ ਕਾਵਿ ਵਿਚਲੀ ਨਾਰੀ ਮਨੁੱਖ ਨੂੰ "ਬਾਂਦਰ ਦਾ ਵਿਰਸਾ" ਕਿਉਂ ਆਖਦੀ ਹੈ ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਇਸ਼ਕ ਸ਼ਰ੍ਹਾ ਕੀ ਨਾਤਾ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਵਿਚ ਪੇਸ਼ ਅਨੁਭਵ ਵਿਚੋਂ ਲੱਭਦੇ ਹਨ । ਇਨ੍ਹਾਂ ਕਵਿਤਾਵਾਂ ਵਿਚ ਜੋਬਨ ਦੇ ਜਾਣ ਜਾਂ ਪ੍ਰੀਤ ਦੇ ਢਲਣ ਦਾ ਅਹਿਸਾਸ ਨਾਰੀ ਅੰਦਰ ਸ਼ਾਹੁ ਦੀ ਪ੍ਰੀਤ ਦੇ ਖੁੱਸ ਜਾਣ ਪਿਛੋਂ ਹੀ ਤੀਖਣ ਰੂਪ ਧਾਰਦਾ ਹੈ । ਸਵਾਮੀ, ਮਾਲਕ ਤੇ ਪਤੀ ਬਣਿਆ ਮਹਿਬੂਬ ਜਦੋਂ "ਦਿਮਾਗੀ ਆਯਾਸ਼ੀ" ਦਾ ਸ਼ਿਕਾਰ ਹੁੰਦਾ ਹੈ ਤਾਂ ਬੁਢਾਪੇ ਤੇ ਉਸ ਵਿਚੋਂ ਪੈਦਾ ਹੋਈ ਪੀੜਿਤ ਮਾਨਸਿਕਤਾ ਸਨੇਹ, ਪਿਆਰ ਤੇ ਹਮਦਰਦੀ ਨੂੰ ਸੁਪਨੇ ਜੇਹਾ ਤੁਸੱਵੁਰ ਕਰਦੀ ਹੈ ਅਤੇ ਸਾੜਾ, ਸ਼ਰੀਕਾ, ਸੰਤਾਪ, ਤਸੀਹੇ, ਪੀੜਾ, ਕਸ਼ਟ, ਕੱਕਰ, ਕੋਹਰਾ ਤੇ ਸਰਦੀ ਉਸ ਨੂੰ ਜ਼ਿੰਦਗੀ ਦੀ ਵਾਸਤਵਿਕਤਾ ਪ੍ਰਤੀਤ ਹੁੰਦੇ ਹਨ । ਨਾਰੀ ਦੀ ਮਾਨਸਿਕਤਾ ਜਿਥੇ ਸਮੇਂ ਦੀ ਤਬਾਹਕੁਨ ਹਰਕਤ ਨੂੰ ਵੇਖ ਕੇ ਚੌਂਕਦੀ ਹੈ ਉਥੇ ਉਸ ਦਾ ਪਤੀ ਉਸ ਦੀ ਅਜਿਹੀ ਹਾਲਤ ਉਪਰ ਮੁਸਕਰਾਉਂਦਾ ਹੈ । ਉਸ ਦੀ ਇਸ ਮਾਨਸਿਕਤਾ ਨੂੰ ਤਿੱਖੇ ਵਿਅੰਗ ਦਾ ਨਿਸ਼ਾਨਾ ਬਣਾਉਂਦੀ ਹੋਈ ਪ੍ਰਭਜੋਤ "ਦਿਮਾਗੀ ਅਯਾਸ਼ੀ" ਕਵਿਤਾ ਵਿਚ ਲਿਖਦੀ ਹੈ :

ਉਹ ਤਾਂ ਅਜੇ
ਆਪਣੇ ਆਪ ਵਿਚ ਮਸਤ ਹੈ
ਸਵੇਰੇ ਯੋਗਾ, ਸ਼ਾਮੀ ਸੈਰ
ਰੰਗੀਨ ਰਸਾਲਿਆਂ 'ਚੋਂ
ਮੁਸ਼ਕੀ ਕੁੜੀਆਂ ਦੀ ਸ਼ਨਾਖਤ
ਇਕ ਨਿਗੂਣਾ ਜਿਹਾ ਸ਼ੌਕ ਹੈ
ਕਲਪਨਾ ਵਿਚ
ਕੁਝ ਵੀ ਤੇ ਵਿਵਰਜਤ ਨਹੀਂ
ਦਿਮਾਗੀ ਆਯਾਸ਼ੀ
ਕਿਹੜਾ ਕੋਈ
ਭਿਆਨਕ ਰੋਗ ਹੈ ।[30]

ਮਰਦ ਦੇ ਪਤੀ ਤੋਂ ਮਹਿਬੂਬ, ਮਹਿਬੂਬ ਤੋਂ ਫਿਰ ਪਤੀ ਤਕ ਦੀ ਅਵਸਥਾ ਤਕ ਅੱਪੜਨ ਨਾਲ ਨਾਰੀ ਦਾ ਇਕ ਤਨਾਉ-ਭਰਪੂਰ ਜੀਵਨ ਆਰੰਭ ਹੁੰਦਾ ਹੈ । ਇਸ ਪੀੜ ਦੇ ਯਥਾਰਥ ਨੂੰ ਉਹ ਸੰਵੇਦਨਾ ਦੇ ਸਹਾਰੇ ਪਛਾਣਦੀ ਹੈ । ਤਨਾਉ ਦੀ ਇਸ ਅਵਸਥਾ ਵਿਚ ਵੀ ਉਸ ਦੇ ਕਾਵਿ ਵਿਚਲੀ ਨਾਰੀ ਸੰਤੁਲਨ ਤੇ ਸਹਿਜ ਦਾ ਪੱਲਾ ਨਹੀਂ ਛੱਡਦੀ । ਇਸ ਸਥਿਤੀ ਦਾ ਵਿਸ਼ਲੇਸ਼ਣ ਕਰਦੀ ਹੋਈ ਕਵਿਤਰੀ "ਸਪਸ਼ਟੀਕਰਣ" ਕਵਿਤਾ ਵਿਚ ਲਿਖਦੀ ਹੈ :

ਸ਼ਾਇਦ
ਮੈਂ ਵੀ ਤੀਵੀਂ ਬਣ ਕੇ
ਤੈਨੂੰ ਦਗਾ ਦਿਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧ੍ਰੋਹ ਕਮਾਇਆ
ਕੁਝ ਕੁਝ
ਤੇ ਕਿਧਰੇ ਕਿਧਰੇ
ਤੇਰੇ ਨਿਸ਼ਚਿਤ ਪਿੜ ਵਿਚ
ਕਦਮ ਪਾਇਆ
ਪਰ
ਇਹ ਮੇਰਾ ਸੱਚ ਹੈ
ਤੇ ਦੂਜਾ, ਤੇਰਾ
ਦੋਵੇਂ ਅਧੂਰੇ ਹਨ
ਪਰ ਅਟੱਲ ਹਨ
ਬੁੱਧੀ ਦੀ
ਭਟਕੀ ਹੋਈ ਛੱਲ ਹਨ ।[31]

ਯਥਾਰਥ ਦੀ ਸੰਵੇਦਨਾ ਦੇ ਸਹਾਰੇ ਪਛਾਣ ਕਰਦੀ ਹੋਈ ਪੀੜਿਤ ਮਾਨਸਿਕਤਾ ਦੀ ਭਰਵੇਂ ਰੂਪ ਵਿਚ ਪਛਾਣ ਉਸ ਦੀਆਂ ਦੋ ਕਵਿਤਾਵਾਂ "ਫਰੇਮ ਤੋਂ ਬਾਹਰ" ਅਤੇ "ਪ੍ਰਸ਼ਨ ਚਿੰਨ੍ਹ" ਵਿਚੋਂ ਭਲੀ ਭਾਂਤ ਹੋ ਜਾਂਦੀ ਹੈ। ਇਸ ਪੀੜਿਤ ਤੇ ਤਨਾਉਸ਼ੀਲ ਮਾਨਸਿਕਤਾ ਰਾਹੀਂ ਉਹ ਇਕ ਨਾਰੀ ਦੀ ਸਮੱਸਿਆ ਨੂੰ ਇਤਿਹਾਸਕ ਆਕਾਰ ਪ੍ਰਦਾਨ ਕਰਦੀ ਹੈ। ਇਹ ਨਾਰੀ ਆਪਣੀ ਪਰਖ ਤੇ ਪਛਾਣ ਪਰੰਪਰਾਗਤ ਕੀਮਤਾਂ ਅਨੁਸਾਰ ਕਢਵਾਏ ਜਾਣ ਤੋਂ ਇਨਕਾਰੀ ਹੁੰਦੀ ਹੈ। ਉਸ ਨੂੰ ਪਰਖ ਤੇ ਪਛਾਣ ਦੇ ਇਨ੍ਹਾਂ ਮਾਡਲਾਂ ਉੱਪਰ ਪੁਰਖ-ਪ੍ਰਭੁਤਾ ਦੀ ਛਾਪ ਦਿਸਣੀ ਆਰੰਭ ਹੋ ਜਾਂਦੀ ਹੈ। ਇਸੇ ਨੂੰ ਕਾਵਿਕ-ਪ੍ਰਗਟਾਵਾ ਦੇਂਦੀ ਹੋਈ ਉਹ "ਫਰੇਮ ਤੋਂ ਬਾਹਰ" ਕਵਿਤਾ ਵਿਚ ਲਿਖਦੀ ਹੈ :

ਹੁਣ ਮੈਂ
ਉਹ ਤਸਵੀਰ ਨਹੀਂ
ਜੋ ਤੂੰ ਫਰੇਮ ਵਿਚ ਲਾਈ ਸੀ
ਸਦੀਆਂ ਦੇ ਸੰਸਕਾਰਾਂ ਦੇ ਰੰਗ
ਤੂੰ ਆਪ ਪਰਖ ਕੇ
ਉਸ ਆਕਾਰ ਵਿਚ ਭਰੇ ਸਨ
ਤੇ ਫਿਰ ਸੁਨਹਿਰੀ ਚੌਖਟਾ ਲਗਾ
ਆਪਣੇ ਘਰ ਦੀ
ਸੁੰਨੀ ਦੀਵਾਰ ਸਜਾਈ ਸੀ ।[32]

ਇਸ ਕਵਿਤਾ ਵਿਚ ਸੁਨਹਿਰੀ ਫਰੇਮ ਪਰੰਪਰਾਗਤ ਕੀਮਤਾਂ ਦਾ ਪ੍ਰਤੀਕ ਹੈ। ਨਾਰੀ ਇਸ ਫਰੇਮ ਵਿਚੋਂ ਬਾਹਰ ਸਰਕਦੀ ਹੈ। ਆਪਣੀ ਚੇਤਨਾ ਸਦਕਾ ਉਹ ਪਰੰਪਰਾ ਦੀ ਧੁੰਦ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਫ਼ ਕਰਦੀ ਹੈ। ਉਸ ਦੀ ਪ੍ਰਤਿਕਿਰਿਆ ਅਗਾਂਹ ਸਰਕਦੀ ਹੋਈ ਨਾਰੀ ਨੂੰ ਅਲ੍ਹੜ, ਅਨਜਾਣ, ਭਾਵੁਕ, ਅਨਪੜ੍ਹ, ਬੇਅਕਲ, ਫੂਹੜ ਤੀਵੀਂ ਮੰਨਣ ਤੋਂ ਇਨਕਾਰੀ ਤਾਂ ਹੁੰਦੀ ਹੈ ਇਸਦੇ ਨਾਲ ਹੀ ਉਹ ਨਾਰੀ ਨਾਲ ਜੋੜੇ ਜਾਂਦੇ ਇਨ੍ਹਾਂ ਸਭ ਵਿਸ਼ੇਸ਼ਣਾ ਨੂੰ ਮਰਦ ਦੀ ਆਪਣੀ ਹੀ ਮਾਨਸਿਕਤਾ ਦਾ ਅਕਸ ਖਿਆਲ ਕਰਦੀ ਹੈ। ਨਾਰੀ ਦੇ ਮਨੁੱਖ ਜਾਂ ਮਾਨਵ ਵਜੋਂ ਸਵੀਕਾਰੇ ਜਾਣ ਦੇ ਸੁਪਨੇ ਨੂੰ ਅਗਰਭੂਮੀ ਵਿਚ ਲਿਆਉਂਦੀ ਹੋਈ ਉਹ ਲਿਖਦੀ ਹੈ :

ਮੈਂ ਪਛੜੀ ਹੋਈ ਜਾਤ ਹਾਂ
ਪਰ ਮਨੁਖ ਹਾਂ
ਧੀ, ਤੀਵੀਂ, ਪਤਨੀ ਤੇ ਮਾਂ ਵੀ
ਪਰ ਮਨੁਖ ਹਾਂ।[33]

ਪੁਰਖ-ਪ੍ਰਭੁਤਾ ਵਾਲੇ ਮੁੱਲ ਨਾਰੀ ਦੀ ਇਸ ਸੰਵੇਦਨਾ ਤੇ ਚੇਤਨਾ ਨੂੰ ਆਪਣੀ ਆਰਥਿਕ-ਸ਼ਕਤੀ ਦੇ ਸਹਾਰੇ ਦਬਾਉਣ ਦੀ ਕੋਸ਼ਿਸ਼ ਕਰਦੇ ਹਨ। ਏਥੋਂ ਤਕ ਕਿ ਇਹ ਕਹਿ ਕੇ ਕਿ "ਲਛਮਣ ਰੇਖਾ ਛਡ ਕੇ ਸੀਤਾ ਵਾਂਗ ਪਛਤਾਏਂਗੀ" ਧਮਕੀ ਵੀ ਦੇਂਦੇ ਹਨ ਪਰ ਨਾਰੀ ਦੀ ਜਾਗ ਚੁੱਕੀ ਚੇਤਨਾ ਇਨ ਸਭ ਕੁਝ ਤੋਂ ਘਬਰਾਉਂਦੀ-ਤ੍ਰਹੁੰਦੀ ਨਹੀਂ। ਉਹ ਆਪਣੇ ਪਰੰਪਰਾਗਤ ਰੂਪ ਵਜੋਂ ਸਵੀਕਾਰੇ ਜਾਣ ਤੋਂ ਇਨਕਾਰੀ ਹੁੰਦੀ ਹੈ। ਉਹ ਦੀਵਾਰ ਉੱਪਰ ਲਟਕੀ ਜਾਂ ਮਰਦ ਦੇ ਕਦਮਾਂ ਉੱਪਰ ਪਟਕੀ ਹੋਂਦ ਨੂੰ ਪ੍ਰਵਾਨ ਨਹੀਂ ਕਰਦੀ ਅਤੇ ਆਪਣੀ ਵਿਦਰੋਹੀ ਚੇਤਨਾ ਨਾਲ ਇਨ੍ਹਾਂ ਘਿਸੇ-ਪਿਟੇ ਸੰਸਕਾਰਾਂ ਨੂੰ ਚੁਣੌਤੀ ਦੇਂਦੀ ਹੈ :

ਮੈਂ ਤਾਂ ਹੁਣ
ਟੱਪ ਆਈ ਹਾਂ
ਲਛਮਣ-ਰੇਖਾ
ਆਪ ਤਪਾਂ
ਤੇ ਰਾਮ ਨੂੰ ਤਪਾਵਾਂ
ਏਉਂ ਹੀ ਹੋਵੇਗਾ
ਜਗਤ ਸਾਵਾਂ।[34]

ਨਾਰੀ-ਪੁਰਸ਼ ਦੇ ਆਪਸੀ ਸੰਬੰਧਾਂ ਦੇ ਪੱਖ ਤੋਂ ਜਗਤ ਦੇ ਅਸਾਵੇਂ ਹੋਣ ਦਾ ਅਹਿਸਾਸ ਪਹਿਲੀ ਵਾਰ ਉਸ ਦੇ ਇਸ ਸੰਗ੍ਰਹਿ ਵਿਚਲੀਆਂ ਕੁਝ ਕਵਿਤਾਵਾਂ ਵਿਚ ਹੀ ਪ੍ਰਗਟ ਹੁੰਦਾ ਹੈ। "ਪ੍ਰਸ਼ਨ ਚਿੰਨ੍ਹ" ਕਵਿਤਾ ਵਿਚ ਮਰਦ ਦੁਆਰਾ ਸਿਰਜੇ ਮਰਦ-ਪੱਖੀ ਮੁੱਲਾਂ ਨੂੰ ਇੰਨ ਬਿੰਨ ਸਵੀਕਾਰ ਕਰਨ ਤੋਂ ਨਾ ਸਿਰਫ਼ ਇਨਕਾਰੀ ਹੀ ਹੁੰਦੀ ਹੈ ਬਲਕਿ ਇਨ੍ਹਾਂ ਮੁੱਲਾਂ ਨੂੰ ਚੁਣੌਤੀ ਵੀ ਦੇਂਦੀ ਹੈ। ਉਹ ਮਰਦ-ਪ੍ਰਧਾਨ ਸਮਾਜ ਦੀ ਉਸ ਸਾਜ਼ਿਸ਼ ਦੀ ਪਛਾਣ ਵੀ ਕਰਦੀ ਹੈ ਜਿਹੜੀ ਹਮੇਸ਼ਾਂ ਨਾਰੀ ਨੂੰ ਬੇਸੂਝ ਰੱਖਣਾ ਲੋੜਦੀ ਹੈ। ਇਸ ਕਵਿਤਾ ਵਿਚ ਉਹ ਸਟੈਪਲ ਅਤੇ ਫੈਵੀਕੋਲ ਆਦਿ ਪ੍ਰਤੀਕਾਂ ਰਾਹੀਂ ਨਾਰੀ ਨਾਲ ਕੀਤੀਆਂ ਜਾਂਦੀਆਂ ਵਧੀਕੀਆਂ ਦੀ ਪਛਾਣ ਕਰਦੀ ਹੈ। ਇਸ ਕਵਿਤਾ ਦਾ ਆਰੰਭ ਹੀ ਵਿਦਰੋਹੀ ਸੁਰ ਨਾਲ ਹੁੰਦਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੁਸਾਂ ਤਾਂ ਚਾਹਿਆ ਸੀ
ਕਿ ਮੈਂ ਸਦਾ
ਅੱਧ ਜ਼ਿੰਦਾ, ਅੱਧ ਮੁਰਦਾ
ਤੜਪਦੀ ਰਹਾਂ
ਤੇ ਸੀਅ ਨਾ ਕਰਾਂ।[35]

ਇਸ ਕਵਿਤਾ ਵਿਚ ਉਹ ਨਾਰੀ ਦੀ ਸੰਦੇਹਭਾਵੀ ਬਿਰਤੀ ਨੂੰ ਮਰਦ ਦੁਆਰਾ ਦਬਾਏ ਜਾਣ ਦੀ ਵਿਰੋਧਤਾ ਵੀ ਕਰਦੀ ਹੈ। ਇਸ ਤਰ੍ਹਾਂ ਉਸਨੇ ਨਾਰੀ ਦੀ ਅੱਖ ਥਾਣੀ ਦਿਸਦੇ ਸਮਾਜ ਦੀ ਵੱਖਰਤਾ ਨੂੰ ਪਛਾਣਿਆ ਹੈ। ਇਕ ਸੰਵੇਦਨਸ਼ੀਲ ਨਾਰੀ ਜਦੋਂ ਆਪਣੀ ਚੇਤਨਾ ਦੇ ਸਹਾਰੇ ਵਿਤਕਰਿਆਂ-ਭਰਪੂਰ ਸਮਾਜ ਨੂੰ ਦੇਖਦੀ ਅਤੇ ਉਸ ਦੇ ਘਿਸੇ-ਪਿਟੇ ਮੁੱਲਾਂ ਉੱਪਰ ਪ੍ਰਸ਼ਨ ਚਿੰਨ੍ਹ ਲਗਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ ਮਰਦ-ਪੱਖੀ ਸਮਾਜ ਉਸ ਦੀ ਅਜਿਹੀ ਆਵਾਜ਼ ਨੂੰ ਖਾਮੋਸ਼ੀ ਵਿਚ ਬਦਲ ਦੇਂਦਾ ਹੈ। ਇਸੇ ਕਵਿਤਾ ਦੀਆਂ ਕੁਝ ਪੰਗਤੀਆਂ ਇਸ ਪ੍ਰਸੰਗ ਵਿਚ ਧਿਆਨਯੋਗ ਹਨ :

ਮੇਰੀਆਂ ਅੱਖੀਆਂ
ਉਹ ਕਿਉਂ ਨਹੀਂ ਸਨ ਦੇਖਦੀਆਂ
ਜੋ ਤੁਸੀਂ ਦੇਖਦੇ ਸੀ
ਕੁਝ ਵੱਖ ਵੱਖ ਜਿਹੇ ਨਖਸ਼ਿਖ
ਦਿਸ ਪੈਂਦੇ ਸਨ ਮੈਨੂੰ
ਤੁਸਾਂ ਤੁਰੰਤ ਹੀ ਮੇਰੀਆਂ ਪਲਕਾਂ
ਚਿਪਕਾ ਦਿੱਤੀਆਂ
ਫੈਵੀਕੋਲ ਕੋਈ ਨਵੀਂ ਕਾਢ ਤਾਂ ਨਹੀਂ ਸੀ।[36]

ਸਪੱਸ਼ਟ ਹੈ ਕਿ ਇਨ੍ਹਾਂ ਕਵਿਤਾਵਾਂ ਵਿਚ ਉਹ ਆਦਰਸ਼ਵਾਦੀ ਰੰਗ ਦਾ ਤਿਆਗ ਕਰਕੇ ਵਾਸਤਵਿਕਤਾ ਦੇ ਕਰੀਬ ਅੱਪੜਦੀ ਹੈ। ਉਹ ਖ਼ੁਦ ਹੀ "ਭਰਿਆ ਕਟੋਰਾ" ਕਵਿਤਾ ਵਿਚ ਜਦੋਂ ਇਹ ਲਿਖਦੀ ਹੈ "ਕਿ ਮੇਰੀ ਪੀਂਘ/ਇਕ ਸੁਪਨਾ ਸੀ/ਤੇ ਡੋਰ/ਇਕ ਛਲਣਾ" ਤਾਂ ਉਸ ਦੇ ਵਾਸਤਵਿਕਤਾ ਦੇ ਨੇੜੇ ਹੋਣ ਪ੍ਰਤਿ ਸੰਦੇਹ ਨਹੀਂ ਰਹਿੰਦਾ।

ਨਾਰੀ ਸੰਵੇਦਨਾ ਦੇ ਪੱਖ ਤੋਂ ਪ੍ਰਭਜੋਤ ਦੀ ਇਕ ਹੋਰ ਕਵਿਤਾ "ਵਹੀ ਖਾਤਾ" ਵੀ ਵਰਣਨਯੋਗ ਹੈ। ਇਸ ਕਵਿਤਾ ਵਿਚ ਇਕ ਪਾਸੇ ਉਹ ਨਾਰੀ ਦੇ ਹੌਕਿਆਂ, ਹਾਵਿਆਂ ਤੇ ਕਸਕਾਂ ਦੀ ਗੱਲ ਕਰਦੀ ਹੈ ਅਤੇ ਉਸ ਦੇ ਸਮਾਂਨੰਤਰ ਮਰਦ ਦੁਆਰਾ ਆਪਣੇ ਪੱਖ ਵਿਚ ਸਿਰਜੀ ਮਰਿਯਾਦਾ ਨੂੰ ਸਾਮ੍ਹਣੇ ਲਿਆਉਂਦੀ ਹੈ। ਇਨ੍ਹਾਂ ਦੋਵਾਂ ਨੂੰ ਇਕ ਦੂਸਰੇ ਦੇ ਬਰਾਬਰ ਰੱਖ ਕੇ ਉਹ ਇਨ੍ਹਾਂ ਦੀ ਪ੍ਰੌੜਤਾ ਲਈ ਬਣੇ ਧਾਰਮਿਕ ਮੁੱਲਾਂ ਦੀ ਵੀ ਨਿਖੇਧੀ ਕਰਦੀ ਹੈ। ਇਸ ਕਵਿਤਾ ਦੀ ਸੁਰ ਲਲਕਾਰ ਤੇ ਵਿਦਰੋਹ ਦੀ ਹੈ। ਇਸ ਕਵਿਤਾ ਵਿਚਲੀ ਚੇਤਨ ਨਾਰੀ ਨੂੰ ਇਸ ਗੱਲ ਦਾ ਭਲੀ ਭਾਂਤ ਬੋਧ ਹੈ ਕਿ ਮਰਦ ਨੇ ਉਸ ਨੂੰ ਘਰ ਦੀ ਚਾਰ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀਵਾਰੀ ਅੰਦਰ ਕੈਦ ਰੱਖਿਆ ਹੈ, ਅਤੇ ਇਸ ਤੋਂ ਵੀ ਵੱਧ ਉਸ ਨੂੰ ਆਪਣੀ ਕਾਮ ਦੀ ਭੁੱਖ ਮਿਟਾਉਣ ਲਈ ਇਕ ਸਾਧਨ ਵਾਂਗ ਵਰਤਿਆ ਹੈ। ਲੇਖਿਕਾ ਲਿਖਦੀ ਹੈ :

ਕੌਣ ਹੋ,
ਕੌਣ ਹੋ ਤੁਸੀਂ ?
ਜਿਨ੍ਹਾਂ
ਮੇਰੇ ਕੁਦਰਤੀ ਕਿਰਦਾਰ ਨੂੰ
ਆਪਣੇ ਸੁਆਰਥ ਲਈ
ਵਰਤਿਆ।[37]

ਉਸ ਨੂੰ ਇਸ ਗੱਲ ਦਾ ਵੀ ਬੋਧ ਹੈ ਕਿ ਇਤਿਹਾਸ ਨੇ ਨਾਰੀ ਦੀਆਂ ਕੋਮਲ ਭਾਵਨਾਵਾਂ ਦੀ ਹਮੇਸ਼ਾਂ ਖਿੱਲੀ ਉਡਾਈ ਹੈ। ਇਸ ਚੇਤਨ ਨਾਰੀ ਨੂੰ ਇਸ ਗੱਲ ਦੀ ਵੀ ਭਲੀ ਭਾਂਤ ਸੋਝੀ ਹੈ ਕਿ ਮਰਦ-ਪ੍ਰਧਾਨ ਸਮਾਜ ਨਾਰੀ ਪਾਸੋਂ ਉਸ ਦੇ ਜੀਵਨ ਦਾ ਹੱਕ ਖੋਹ ਕੇ, ਘਰ ਦੀ ਚਾਰਦੀਵਾਰੀ ਅੰਦਰ ਕੈਦ ਕਰਕੇ ਆਪਣੀ ਸ਼ਕਤੀ ਤੇ ਸੱਤਾ ਨੂੰ ਮਜ਼ਬੂਤ ਕਰਦਾ ਹੈ। ਉੱਪਰ ਚਰਚਿਤ ਕਵਿਤਾ ਰਾਹੀਂ ਉਹ ਮਰਦ-ਪੱਖੀ ਕੀਮਤਾਂ ਤੇ ਹਉਂ ਨੂੰ ਜਿਉ ਰਹੇ ਪੁਰਖ ਨੂੰ ਆਪਣੇ ਵਤੀਰੇ ਨੂੰ ਬਦਲਣ ਦੀ ਚਿਤਾਵਨੀ ਵੀ ਦੇਂਦੀ ਹੈ। ਉਸ ਨੂੰ ਬਦਲ ਰਹੇ ਸਮਾਜ ਤੇ ਕੀਮਤਾਂ ਦਾ ਭਲੀ ਭਾਂਤ ਬੋਧ ਹੈ। ਇਸ ਕਵਿਤਾ ਵਿਚ ਪਤੀ ਦੇ ਸਾਥੀ ਬਣਨ ਦੀ ਲੋਚਾ ਵੀ ਪੇਸ਼ ਹੋਈ ਹੈ। ਜਿਥੇ ਅਤੀਤ ਵਿਚ ਉਸ ਵਲੋਂ ਸਿਰਜਿਤ ਨਾਰੀ ਪਤੀ ਨੂੰ ਮਹਿਬੂਬ ਵਜੋਂ ਚਿਤਰਦੀ ਸੀ, ਉਥੇ ਇਸ ਕਵਿਤਾ ਰਾਹੀਂ ਪਤੀ ਨੂੰ ਮੁੜ ਸਾਥੀ/ਮਹਿਬੂਬ ਬਣਨ ਦਾ ਮਸ਼ਵਰਾ ਦੇਂਦੀ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਪਿਛੋਂ ਪ੍ਰਭਜੋਤ ਕੌਰ ਦੀ ਕਾਵਿ-ਰਚਨਾ ਦੇ ਅਧਿਐਨ ਦੇ ਆਧਾਰ ਤੇ ਉਸ ਦੀ ਨਾਰੀ-ਸੰਵੇਦਨਾ ਸੰਬੰਧੀ ਸਿੱਟੇ ਉੱਭਰ ਕੇ ਸਾਮ੍ਹਣੇ ਆਉਂਦੇ ਹਨ :

ੳ. ਉਸ ਦੀ ਕਾਵਿ-ਰਚਨਾ ਦਾ ਇਤਿਹਾਸ ਲਗਭਗ ਪੰਜ ਦਹਾਕਿਆਂ ਵਿਚ ਫੈਲਿਆ ਹੋਇਆ ਹੈ ਅਤੇ ਉਹ ਅੰਮ੍ਰਿਤਾ ਤੋਂ ਬਾਦ ਦੂਜੀ ਕਵਿਤਰੀ ਹੈ ਜਿਸ ਨੇ ਨਾਰੀ-ਮਨ ਦੀਆਂ ਉਮੰਗਾਂ ਤੇ ਸੱਧਰਾਂ ਨੂੰ ਆਪਣੀ ਕਾਵਿ-ਰਚਨਾ ਦਾ ਧੁਰਾ ਬਣਾਉਂਦੇ ਹੋਏ ਉਸ ਦੇ ਜਜ਼ਬਿਆਂ ਦੀ ਤਰਜਮਾਨੀ ਕੀਤੀ ਹੈ।

ਅ. ਉਸ ਦੀ ਕਵਿਤਾ ਦਾ ਕੇਂਦਰੀ ਧੁਰਾ ਪ੍ਰੇਮ ਹੈ ਅਤੇ ਉਹ ਇਸੇ ਦੇ ਪ੍ਰਸੰਗ ਵਿਚ ਨਾਰੀ ਦੀਆਂ ਆਸਾਂ, ਉਮੰਗਾਂ, ਬੇਬਸੀ, ਨਿਰਾਸ਼ਾਵਾਂ ਅਤੇ ਅਕਾਂਖਿਆਵਾਂ ਨੂੰ ਚਿਤਰਦੀ ਹੈ। ਆਪਣੀ ਬਹੁਤੀਆਂ ਕਾਵਿ-ਪੁਸਤਕਾਂ ਵਿਚ ਉਹ ਪ੍ਰੀਤ ਦੇ ਪੀੜਾ-ਮਈ ਜਾਂ ਵਿਸ਼ਾਦ-ਗ੍ਰਸਤ ਰੂਪ ਨੂੰ ਚਿਤਰਣ ਦੀ ਬਜਾਏ ਉਸ ਦੇ ਹੁਲਾਸਮਈ ਰੂਪ ਨੂੰ ਸਾਮ੍ਹਣੇ ਲਿਆਉਂਦੀ ਹੈ। ਉਹ ਆਪਣੀ ਕਾਵਿ-ਰਚਨਾ ਵਿਚ ਨਾਰੀ-ਪੁਰਖ ਦੀ ਜਿਸਮਾਨੀ ਖਿੱਚ ਅਤੇ ਮੇਲ ਦੇ ਗੌਰਵ ਨੂੰ ਉਜਾਗਰ ਕਰਦੀ ਹੈ। ਸਪੱਸ਼ਟ ਹੈ ਕਿ ਉਹ ਪ੍ਰੇਮ ਨੂੰ ਅਫਲਾਤੂਨੀ ਰੰਗ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੇਸ਼ ਨਹੀਂ ਕਰਦੀ, ਨਾ ਹੀ ਉਹ ਇਸ ਸਭ ਕੁਝ ਨੂੰ ਰੂਹਾਨੀ ਰੰਗ ਵਿਚ ਗਲੇਫ਼ ਕੇ ਅਖੌਤੀ ਤੇ ਬਨਾਵਟੀ ਰੂਪ ਦੇਂਦੀ ਹੈ। ਉਸ ਵਲੋਂ ਪ੍ਰਸਤੁਤ ਨਾਰੀ ਦੀ ਪ੍ਰੇਮ-ਭਾਵਨਾ ਤੇ ਜਜ਼ਬਿਆਂ ਵਿਚ ਤਨ ਤੇ ਮਨ ਦੋਵੇਂ ਸ਼ਾਮਿਲ ਹਨ। ਇਨ੍ਹਾਂ ਦੋਵਾਂ ਦਾ ਸਹਿਜ ਮੇਲ ਹੀ ਜੀਵਨ-ਆਨੰਦ ਦਾ ਸੋਮਾ ਬਣਦਾ ਹੈ।

ੲ. ਉਸ ਦੀਆਂ ਪ੍ਰੇਮ ਦੇ ਜਜ਼ਬੇ ਨਾਲ ਭਰਪੂਰ ਕਵਿਤਾਵਾਂ ਵਿਚ ਪਤੀ ਹੀ ਮਹਿਬੂਬ ਜਾਂ ਪ੍ਰੇਮੀ ਦੇ ਰੂਪ ਵਿਚ ਪੇਸ਼ ਹੋਇਆ ਹੈ। ਜਿਥੇ ਅੰਮ੍ਰਿਤਾ ਹਮੇਸ਼ਾ ਆਪਣੀ ਕਵਿਤਾ ਵਿਚ ਵਿਆਹੁਤਾ ਨਾਰੀ ਨੂੰ ਆਪਣੇ ਪਤੀ ਨਾਲ ਨਾਖੁਸ਼ ਜੀਵਨ ਗੁਜ਼ਾਰਦੇ ਹੋਏ ਮਜਬੂਰੀ ਵਸ ਸਮਾਂ ਕੱਟ ਰਹੀ ਬੇਬਸ ਔਰਤ ਦੇ ਰੂਪ ਵਿਚ ਚਿਤਰਦੀ ਹੈ, ਉਥੇ ਪ੍ਰਭਜੋਤ ਕੌਰ ਉਸ ਵਿਆਹੁਤਾ ਨਾਰੀ ਦਾ ਬਿੰਬ ਉਸਾਰਦੀ ਹੈ ਜਿਸ ਨੂੰ ਆਪਣੇ ਪਤੀ ਵਿਚੋਂ ਹੀ ਪ੍ਰੇਮੀ ਤੇ ਸਾਥੀ ਦਾ ਚਿਹਰਾ ਦਿਖਾਈ ਦੇਂਦਾ ਹੈ।

ਸ. ਉਸ ਦੀ ਕਾਵਿ-ਰਚਨਾ ਵਿਚ ਇਸਤਰੀ-ਪੁਰਸ਼ ਦਾ ਮੇਲ ਓਪਰੀ ਨਜ਼ਰੇ ਆਦਰਸ਼ਵਾਦੀ ਜਿਹਾ ਪ੍ਰਤੀਤ ਹੁੰਦਾ ਹੈ ਪਰੰਤੂ ਜਦੋਂ ਇਸ ਨੂੰ ਵਾਸਤਵਿਕ ਸਥਿਤੀ ਦੇ ਸਮਾਨੰਤਰ ਰੱਖਕੇ ਵੇਖੀਏ ਤਾਂ ਇਉਂ ਵੀ ਲੱਗਦਾ ਹੈ ਕਿ ਉਹ ਮਰਦ-ਪ੍ਰਧਾਨ ਸਮਾਜ ਵਿਚ ਨਾਰੀ ਦੀਆਂ ਭਾਵਨਾਵਾਂ, ਅਕਾਂਖਿਆਵਾਂ ਤੇ ਪ੍ਰਾਪਤੀਆਂ ਦੇ ਖੂਬਸੂਰਤ ਚਿਤਰ ਪੇਸ਼ ਕਰਕੇ ਵਰਤਮਾਨ ਸਮਾਜ ਦੇ ਸਮਾਨੰਤਰ ਇਕ ਸੁਪਨਮਈ ਸੰਸਾਰ ਨੂੰ ਟਿਕਾਉਂਦੀ ਹੈ। ਇਸ ਸੁਪਨਮਈ ਸੰਸਾਰ ਵਿਚ ਇਸਤਰੀ-ਮਰਦ ਇਕ ਬਰਾਬਰ ਮਾਨਵੀ ਧਰਾਤਲ ਉੱਪਰ ਖਲੋਤੇ ਦਿਖਾਈ ਦੇਂਦੇ ਹਨ।

ਹ. ਉਹ ਖੁਸ਼ਹਾਲ, ਤੇ ਪ੍ਰਾਪਤੀਆਂ-ਭਰਪੂਰ ਜੀਵਨ ਬਸਰ ਕਰ ਰਹੀ ਨਾਰੀ ਦੀ ਭਟਕਣਾ ਨੂੰ ਵੀ ਸਾਮ੍ਹਣੇ ਲਿਆਉਂਦੀ ਹੈ। ਇਹ ਭਟਕਣ ਉਸ ਵਕਤ ਪ੍ਰਚੰਡ ਰੂਪ ਧਾਰਦੀ ਹੈ ਜਦੋਂ ਪਤੀ ਮਹਿਬੂਬ ਦੀ ਬਜਾਏ ਮਾਲਕ ਬਣ ਬੈਠਦਾ ਹੈ। ਉਹ ਪ੍ਰਾਪਤੀਆਂ-ਭਰਪੂਰ ਤੇ ਉਤੇਜਨਾ-ਰਹਿਤ ਜੀਵਨ ਨੂੰ ਸੁਲਝੀਆਂ ਤਾਰਾਂ ਵਾਲੀ ਚਿੱਟੀ ਅੱਟੀ ਦੇ ਸਮਾਨ ਸਮਝਦੀ ਹੈ। ਉਸ ਦੀ ਕਾਵਿ ਰਚਨਾ ਵਿਚ ਸੱਖਣੇਪਨ, ਅਤ੍ਰਿਪਤੀ ਤੇ ਅਸੰਤੁਸ਼ਟੀ ਦੀਆਂ ਭਾਵਨਾਵਾਂ ਨੂੰ ਵੀ ਸਥਾਨ ਪ੍ਰਾਪਤ ਹੋਇਆ ਹੈ। ਇਨ੍ਹਾਂ ਕਵਿਤਾਵਾਂ ਵਿਚ ਰਸ ਤੇ ਰੁਮਾਂਸ ਦਾ ਅੰਸ਼ ਘੱਟ ਅਤੇ ਯਥਾਰਥ ਤੇ ਪੀੜਾ ਦਾ ਅੰਸ਼ ਵਧੇਰੇ ਹੈ।

ਕ. ਉਸ ਨੇ ਆਪਣੀ ਕਾਵਿ-ਰਚਨਾ ਵਿਚ ਖੁਸ਼ਹਾਲ ਨਾਰੀ ਦੇ ਜੀਵਨ ਨੂੰ ਇਕ ਸੰਗਲੀ ਵਿਚ ਪੇਸ਼ ਕੀਤਾ ਹੈ। ਇਸ ਸੰਗਲੀ ਵਿਚ ਉਹ ਵਿਆਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਪਹਿਲਾਂ ਵੀ ਖੁਸ਼ਹਾਲ ਹੈ ਅਤੇ ਵਿਆਹ ਤੋਂ ਪਿੱਛੋਂ ਜਵਾਨੀ ਦੇ ਰਸ-ਕਸ ਨੂੰ ਪੂਰੀ ਤਰ੍ਹਾਂ ਮਾਣਦੀ ਹੋਈ ਵੀ ਖੁਸ਼ਹਾਲ ਹੈ। ਇਸ ਕਾਵਿ ਵਿਚ ਉਹ ਬਾਲ ਅਵਸਥਾ ਵਿਚ ਵਿਚਰਦੀ ਹੋਈ ਨਾਰੀ ਦੀ ਹੁਲਾਸਮਈ ਤੇ ਆਸਾਂ-ਭਰਪੂਰ ਮਨੋਸਥਿਤੀ ਨੂੰ ਸਾਮ੍ਹਣੇ ਲਿਆਉਂਦੀ ਹੈ। ਉਸ ਦਾ ਜੀਵਨ ਖ਼ੁਸ਼ੀਆਂ ਤੇ ਸਹੇਲੀਆਂ ਦੇ ਸਾਥ ਨਾਲ ਭਰਪੂਰ ਹੈ ਅਤੇ ਉਸ ਨੂੰ ਆਪਣੇ ਸੁਪਨਿਆਂ ਤੇ ਯਥਾਰਥ ਵਿਚਾਲੇ ਕਿਸੇ ਪ੍ਰਕਾਰ ਦੀ ਵਿੱਥ ਦੀ ਆਭਾਸ ਨਹੀਂ ਹੁੰਦਾ। ਜਵਾਨੀ ਦੀ ਅਵਸਥਾ ਵਿਚ ਇਹ ਨਾਰੀ ਜਿਸਮਾਨਾ ਮੇਲ ਨੂੰ ਭਰਪੂਰਤਾ ਸੰਗ ਹੰਢਾਉਂਦੀ ਹੋਈ ਤਨਾਉ-ਰਹਿਤ ਜੀਵਨ ਬਸਰ ਕਰਦੀ ਹੈ। ਕਿਧਰੇ ਕਿਧਰੇ ਇਹ ਖੁਸ਼ਹਾਲੀ ਤੇ ਤਨਾਉ-ਰਹਿਤ ਜੀਵਨ ਹੀ ਉਸ ਦੇ ਤਨਾਉ ਦਾ ਕਾਰਣ ਹੋ ਨਿਬੜਦਾ ਹੈ।

ਖ. ਬਾਲ ਤੇ ਜਵਾਨੀ ਦੀ ਅਵਸਥਾ ਤੋਂ ਪਿੱਛੋਂ ਇਸ ਕਾਵਿ ਵਿਚਲੀ ਨਾਰੀ ਬੁਢਾਪੇ ਦੀ ਅਵਸਥਾ ਵਿਚ ਅਪੜਦੀ ਅਤੇ ਪੀੜਿਤ ਤੇ ਤਨਾਉਸ਼ੀਲ ਮਾਨਸਿਕਤਾ ਨੂੰ ਹੰਢਾਉਂਦੀ ਹੈ। ਇਸ ਪੀੜ ਦਾ ਵੱਡਾ ਕਾਰਣ ਇਕ ਪਾਸੇ ਜੋਬਨ ਦਾ ਢਲਣਾ ਹੈ ਤੇ ਦੂਸਰੇ ਪਾਸੇ ਸ਼ਹੁ ਦੀ ਬੇਮੁਖਤਾ ਹੈ। ਇਸ ਅਵਥਸਾ ਵਿਚ ਮਹਿਬੂਬ ਫਿਰ ਪਤੀ, ਸਵਾਮੀ ਜਾਂ ਮਾਲਕ ਦਾ ਰੂਪ ਧਾਰ ਲੈਂਦਾ ਹੈ। ਸਵਾਮੀ, ਮਾਲਕ ਤੇ ਪਤੀ ਬਣਿਆਂ ਮਹਿਬੂਬ ਜਦੋਂ "ਦਿਮਾਗੀ ਆਯਾਸ਼ੀ" ਦਾ ਸ਼ਿਕਾਰ ਹੁੰਦਾ ਹੈ ਤਾਂ ਬੁਢਾਪੇ ਤੇ ਉਸ ਵਿਚੋਂ ਪੈਦਾ ਹੋਣ ਵਾਲੀ ਪੀੜਿਤ ਮਾਨਸਿਕਤਾ ਸਨੇਹ, ਪਿਆਰ ਅਤੇ ਹਮਦਰਦੀ ਨੂੰ ਸੁਪਨੇ ਜਿਹਾ ਤੁਸੱਵੁਰ ਕਰਦੀ ਹੈ ਅਤੇ ਸਾੜਾ, ਸ਼ਰੀਕਾ, ਸੰਤਾਪ, ਤਸੀਹੇ ਅਤੇ ਪੀੜਾ, ਉਸ ਨੂੰ ਜ਼ਿੰਦਗੀ ਦੀ ਵਾਸਤਵਿਕਤਾ ਪ੍ਰਤੀਤ ਹੁੰਦੇ ਹਨ। ਤਨਾਉ ਤੇ ਪੀੜਾ ਦੀ ਇਸ ਅਵਸਥਾ ਵਿਚ ਵੀ ਉਸ ਦੇ ਕਾਵਿ ਵਿਚਲੀ ਨਾਰੀ ਤਰਕ ਦਾ ਪੱਲਾ ਨਹੀਂ ਛੱਡਦੀ। ਇਸ ਤਨਾਉਪੂਰਣ ਮਾਨਸਿਕਤਾ ਵਿਚੋਂ ਹੀ ਉਸ ਦੀ ਨਾਰੀ-ਸੰਵੇਦਨਾ ਯਥਾਰਥਕ ਤੇ ਇਤਿਹਾਸਕ ਆਕਾਰ ਹਾਸਲ ਕਰਦੀ ਹੈ। ਉਹ ਪੁਰਖ-ਪ੍ਰਭੁਤਾ ਵਾਲੇ ਸਮਾਜ ਦੀ ਹਕੀਕਤ ਨੂੰ ਪਛਾਣਦੀ ਅਤੇ ਉਸ ਦੀਆਂ ਮਰਿਯਾਦਾ-ਮੂਲਕ ਕੀਮਤਾਂ ਪ੍ਰਤਿ ਵਿਦਰੋਹਭਾਵੀ ਰਵੱਈਆ ਅਖਤਿਆਰ ਕਰਦੀ ਹੈ। ਉਸ ਨੂੰ ਇਸ ਗੱਲ ਦਾ ਬੋਧ ਹੁੰਦਾ ਹੈ ਕਿ ਨਾਰੀ ਨਾਲ ਪੁਰਖ ਨੇ ਅਤੀਤ ਵਿਚ ਕਿੰਨੀਆਂ ਕੁ ਵਧੀਕੀਆਂ ਕੀਤੀਆਂ ਹਨ। ਇਨ੍ਹਾਂ ਵਧੀਕੀਆਂ ਦੀ ਪਛਾਣ ਉਸ ਦੀ ਚੇਤਨਾ ਨੂੰ ਜਗਾਉਂਦੀ ਹੈ ਅਤੇ ਇਹ ਜਾਗੀ ਹੋਈ ਚੇਤਨਾ ਘਿਸੇ-ਪਿਟੇ ਸੰਸਕਾਰਾਂ ਨੂੰ ਚੁਣੌਤੀ ਦੇਂਦੀ ਹੈ। ਉਹ ਮਰਦ-ਪੱਖੀ ਹਰ ਮੁੱਲ ਉਪਰ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ। ਉਸ ਦੇ ਕਾਵਿ ਵਿਚ ਨਾਰੀ ਆਦਰਸ਼ਵਾਦੀ ਕੀਮਤਾਂ ਦਾ ਤਿਆਗ ਕਰਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯਥਾਰਥਵਾਦੀ ਮੁੱਲਾਂ ਦੀ ਧਾਰਣੀ ਹੋ ਨਿਬੜਦੀ ਹੈ। ਇੰਜ ਨਾਰੀ-ਸੰਵੇਦਨਾ ਦੇ ਪੱਖ ਤੋਂ ਇਸ ਕਾਵਿ ਵਿਚ ਵਿਕਾਸ ਤੇ ਵੰਨ ਸੁਵੰਨਤਾ ਵੇਖਣ ਨੂੰ ਮਿਲਦੀ ਹੈ।

ਹਵਾਲੇ ਤੇ ਟਿੱਪਣੀਆਂ

1. "She does not deal with the problem of unfulfilled love. The love in her does not have to contend with social conventions and compulsions whose iniquily is all along patent. The problem she takes up is that of love that fades, inevitably and inexorably, with the march of time, with the passing of youth whether physical or emotional."—"New Sensibility in Panjabi Poetry," (unpublished research paper), p. 8.
2. ਪੰਨਾ 310.
3. **ਪੰਜਾਬੀ ਸਾਹਿਤ ਦਾ ਇਤਿਹਾਸ** (ਆਧੁਨਿਕ ਕਾਲ), ਪੰਨਾ 48.
4. ਪੰਨਾ 9.
5. "In her poetry echoes the voice of the woman of today. The mo ern eve has emancipated herself from the shackles of social conventi ons She is now on the road to achieving the equality of sexes"—(typed research paper), p. 3.
6. ਸਾਹਿਤ ਸਭਾ ਜ਼ੀਰਾ ਵਲੋਂ 18-12-1988 ਨੂੰ ਪ੍ਰਭਜੋਤ ਕੌਰ ਦੇ ਸਨਮਾਨ ਸਮਾਰੋਹ ਵਿਚ ਪੜਿਆ ਗਿਆ, ਪੰਨਾ 4.
7. **ਵਿਕੇਂਦ੍ਰਿਤ**, ਦਸੰਬਰ 87, ਪੰਨਾ 6.
8. ਉਹੀ, ਜੂਨ 78, ਪੰਨਾ 12.
9. ਉਹੀ, ਪੰਨਾ 6.
10. ਉਹੀ, ਜੂਨ 80. ਪੰਨਾ 7.
11. ਉਹੀ, ਮਈ 78, ਪੰਨਾ 12.
12. **ਵਿਕੇਂਦ੍ਰਿਤ**, ਫਰਵਰੀ 1990, ਪੰਨਾ 7.
13. **ਮਧਿਆਂਤਰ**, ਪੰਨੇ 23-24.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

14. ਉਹੀ, ਪੰਨਾ 25.
15. **ਪੱਬੀ**, ਪੰਨਾ 38.
16. ਉਹੀ, ਪੰਨਾ 39.
17. ਉਹੀ, ਪੰਨਾ 54.
18. ਉਹੀ, ਪੰਨਾ 16.
19. ਉਹੀ, ਪੰਨਾ 15.
20. ਉਹੀ, ਪੰਨਾ 32.
21. **ਚੰਦਰ ਯੁਗ**, ਪੰਨੇ 66-67.
22. **ਮਾਧਿਆਂਤਰ**, ਪੰਨਾ 10.
23. **ਲਟ ਲਟ ਜੋਤ ਜਗੇ**, ਪੰਨਾ 36.
24. **ਪੱਬੀ**, ਪੰਨੇ 25-26.
25. **ਖਾੜੀ**, ਪੰਨਾ 20.
26. **ਵੱਡਦਰਸ਼ੀ ਸ਼ੀਸ਼ਾ**, ਪੰਨਾ 54.
27, ਉਹੀ, ਪੰਨਾ 55,
28. ਉਹੀ, ਪੰਨਾ 27.
29. ਉਹੀ, ਪੰਨਾ 47.
30. **ਇਸ਼ਕ ਸ਼ਰ੍ਹਾ ਕੀ ਨਾਤਾ**, ਪੰਨਾ 43.
31. ਉਹੀ, ਪੰਨੇ 52-53.
32. ਉਹੀ, ਪੰਨਾ 54,
33. ਉਹੀ, ਪੰਨਾ 55.
34. ਉਹੀ, ਪੰਨਾ 56.
35. ਉਹੀ, ਪੰਨਾ 57.
36. ਉਹੀ, ਪੰਨਾ 58.
37. ਉਹੀ, ਪੰਨਾ 48.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੱਟੇ ਤੇ ਸਥਾਪਨਾਵਾਂ

ਇਸ ਪੁਸਤਕ ਵਿਚ ਅਸਾਂ ਨਾਰੀ ਸੰਵੇਦਨਾ ਦੇ ਸਿੱਧਾਂਤਕ ਤੇ ਇਤਿਹਾਸਕ ਪਰਿਪੇਖਾਂ ਨੂੰ ਸਪੱਸ਼ਟ ਕਰਨ ਤੋਂ ਇਲਾਵਾ ਅੰਮ੍ਰਿਤਾ-ਪ੍ਰਭਜੋਤ ਕਾਵਿ ਦੇ ਵਿਸ਼ਲੇਸ਼ਣ ਮੁਲਾਂਕਣ ਨੂੰ ਆਪਣਾ ਨਿਸ਼ਾਨਾ ਮਿਥਿਆ ਸੀ। ਇਸ ਕਾਰਜ ਨੂੰ ਮੁਕੰਮਲ ਕਰਨ ਉਪਰੰਤ ਅਸੀਂ ਆਪਣੇ ਅਧਿਐਨ ਦੇ ਆਧਾਰ ਉੱਪਰ ਸਿੱਟੇ ਤੇ ਸਥਾਪਨਾਵਾਂ ਪੇਸ਼ ਕਰ ਰਹੇ ਹਾਂ। ਕਿਉਂਕਿ ਇਹ ਅਧਿਆਇ ਪੂਰਵਲੇ ਅਧਿਐਨ ਉੱਪਰ ਆਧਾਰਿਤ ਹੈ ਇਸ ਲਈ ਇਕ ਅਨਿਵਾਰੀ ਕਿਸਮ ਦਾ ਦੁਹਰਾਉ ਇਸ ਦੀ ਕਾਇਆ ਦਾ ਹਿੱਸਾ ਬਣਿਆ ਦਿਖਾਈ ਦੇਵੇਗਾ।

ਨਾਰੀ ਸੰਵੇਦਨਾ ਦੇ ਸਿੱਧਾਂਤਕ ਤੇ ਇਤਿਹਾਸਕ ਪਰਿਪੇਖ ਸੰਬੰਧੀ ਗੱਲ ਕਰਦਿਆਂ ਨਾਰੀ, ਸੰਵੇਦਨਾ, ਨਾਰੀ-ਸੰਵੇਦਨਾ, ਨਾਰੀ ਦੇ ਇਤਿਹਾਸ, ਨਾਰੀਵਾਦੀ ਲਹਿਰਾਂ ਅਤੇ ਨਾਰੀਵਾਦੀ ਸਮੀਖਿਆ ਆਦਿ ਪੱਖਾਂ ਨੂੰ ਸਪੱਸ਼ਟ ਰੂਪ ਵਿਚ ਸਮਝਣ ਦੀ ਲੋੜ ਹੈ। ਇਹ ਹਕੀਕਤ ਹੈ ਕਿ ਸ੍ਰਿਸ਼ਟੀ ਚੱਕਰ ਦੇ ਆਰੰਭ ਅਤੇ ਵਿਕਾਸ ਵਿਚ ਨਾਰੀ ਦੀ ਕਿਰਿਆਸ਼ੀਲ ਭੂਮਿਕਾ ਰਹੀ ਹੈ। ਪੁਰਸ਼ ਅਤੇ ਇਸਤਰੀ ਦਾ ਸੰਯੋਗ ਹੀ ਸੰਸਾਰ ਦੀ ਹੋਂਦ ਦਾ ਬੁਨਿਆਦੀ ਆਧਾਰ ਹੈ। ਪਰੰਤੂ ਇਹ ਸਭ ਕੁਝ ਹੋਣ ਦੇ ਬਾਵਜੂਦ ਨਾਰੀ ਦਾ ਇਤਿਹਾਸ ਵਿਸ਼ਾਦ ਅਤੇ ਪੀੜਾ ਦਾ ਇਤਿਹਾਸ ਹੈ। ਸੀਮਾਨ ਦੀ ਬੂਆ ਤਾਂ ਇਥੋਂ ਤਕ ਕਹਿੰਦੀ ਹੈ ਕਿ ਨਾਰੀ ਦਾ ਨਾ ਕੋਈ ਅਤੀਤ ਹੈ, ਨਾ ਇਤਿਹਾਸ ਹੈ ਤੇ ਨਾ ਹੀ ਉਨ੍ਹਾਂ ਦਾ ਆਪਣਾ ਕੋਈ ਮਜ਼ਬ ਹੈ। ਉਹ ਮਰਦਾਂ ਦੀ ਦੁਨੀਆਂ ਵਿਚ ਖਿੱਲਰੀਆਂ ਪਈਆਂ ਹਨ। ਮਰਦਾਂ ਨਾਲ ਉਹ ਸਿਰਫ ਘਰੇਲੂ ਕੰਮ-ਕਾਜ, ਆਰਥਿਕ ਨਿਰਭਰਤਾ ਤੇ ਸਮਾਜਕ ਰਿਸ਼ਤੇ ਦੀ ਦ੍ਰਿਸ਼ਟੀ ਤੋਂ ਜੁੜੀਆਂ ਹੋਈਆਂ ਹਨ। ਮਰਦ ਜਾਂ ਤਾਂ ਉਨ੍ਹਾਂ ਦੇ ਪਿਤਾ ਬਣੇ ਹਨ, ਜਾਂ ਪਤੀ। ਇਹ ਮਰਦਾਂ ਦਾ ਬੁਰਜੂਆ ਦ੍ਰਿਸ਼ਟੀਕੋਣ ਹੈ ਜਿਸ ਦੀ ਔਰਤ ਹਮੇਸ਼ਾਂ ਤੋਂ ਸ਼ਿਕਾਰ ਰਹੀ ਹੈ।

ਜਦੋਂ ਅਸੀਂ ਨਾਰੀ ਸੰਵੇਦਨਾ ਪਦਾਂ ਨੂੰ ਜੋੜਦੇ ਹਾਂ ਤਾਂ ਮੋਟੇ ਤੌਰ ਤੇ ਨਾਰੀ ਦੇ ਬਹੁ-ਪਾਸਾਰੀ ਅਨੁਭਵ ਦੀ ਗ੍ਰਹਿਣਸ਼ੀਲਤਾ/ਅਭਿਵਿਅਕਤੀ ਹੀ ਨਾਰੀ ਸੰਵੇਦਨਾ ਅਖਵਾਉਂਦੀ ਹੈ। ਜਦੋਂ ਨਾਰੀ ਸੰਵੇਦਨਾ ਪਦ ਕਾਵਿ ਨਾਲ ਜੁੜ ਜਾਂਦਾ ਹੈ ਤਾਂ ਇਹ ਨਾਰੀ ਦੀ ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨੋਵਿਗਿਆਨਕ, ਸਮਾਜਕ ਤੇ ਆਰਥਿਕ ਸਥਿਤੀ ਦਾ ਬੋਧਕ ਬਣ ਜਾਂਦਾ ਹੈ ਜੋ ਰੂਪਾਂਤਰਣ ਦੀ ਪ੍ਰਕਿਰਿਆ ਵਿਚੋਂ ਗੁਜ਼ਰ ਕੇ ਕਾਵਿ ਵਿਚ ਪ੍ਰਗਟ ਹੁੰਦੀ ਹੈ। ਅਜੋਕੇ ਨਾਰੀ ਸੰਬੰਧੀ ਚਿੰਤਨ ਨੇ ਇਸ ਨੁਕਤੇ ਉੱਪਰ ਬਲ ਦਿੱਤਾ ਹੈ ਕਿ ਨਾਰੀ ਦੀ ਸੰਵੇਦਨਾ ਨੂੰ ਨਾਰੀ ਹੀ ਵਧੇਰੇ ਚੰਗੀ ਤਰ੍ਹਾਂ ਸਮਝ ਕੇ ਸਿਰਜ ਸਕਦੀ ਹੈ ਅਤੇ ਉਨ੍ਹਾਂ ਸਮੱਸਿਆਵਾਂ ਤੇ ਗੁੰਝਲਾਂ ਦੀ ਭਾਲ ਕਰ ਸਕਦੀ ਹੈ ਜਿਨ੍ਹਾਂ ਵਿਚ ਉਸ ਦੀ ਤ੍ਰਾਸਦੀ ਦੇ ਬੀਜ ਛੁਪੇ ਹੋਏ ਹਨ। ਜਦੋਂ ਕੋਈ ਇਸਤਰੀ-ਕਵੀ ਨਾਰੀ ਦੀ ਸਰੀਰਕ, ਮਾਨਸਿਕ, ਮਨੋਵਿਗਿਆਨਕ ਸਮੱਸਿਆ ਤੇ ਮਜਬੂਰੀਆਂ ਨੂੰ ਅਰਥਾਤ ਉਸ ਦੇ ਜੀਵਨ-ਅਨੁਭਵ ਦੀਆਂ ਵਿਭਿੰਨ ਪਰਤਾਂ ਦਾ ਕਾਵਿਕ ਰੂਪਾਂਤਰਣ ਕਰ ਰਹੀ ਹੁੰਦੀ ਹੈ ਤਾ ਉਹ ਨਾਰੀ ਸੰਵੇਦਨਾ ਨੂੰ ਹੀ ਉਲੀਕ ਰਹੀ ਹੁੰਦੀ ਹੈ।

ਵਰਤਮਾਨ ਸਦੀ ਵਿਚ ਪ੍ਰਚਲਿਤ ਹੋਈ ਨਾਰੀਵਾਦੀ ਲਹਿਰ ਨੇ ਨਾਰੀ ਦੀ ਜੀਵਨ ਸਥਿਤੀ ਤੇ ਮਨੋਸਥਿਤੀ ਸੰਬੰਧੀ ਅਧਿਐਨ ਚਿੰਤਨ ਨੂੰ ਹੋਰ ਉਤਸ਼ਾਹਿਤ ਕੀਤਾ ਹੈ। ਇਸ ਲਹਿਰ ਦੇ ਬਾਨੀਆਂ ਅਤੇ ਸੰਸਥਾਪਕਾਂ ਵਿਚ ਗ੍ਰਮੇਨ ਗਰੀਅਰ, ਐਨੇ ਨੁਰਾਕੀਨ ਅਤੇ ਕੇਟ ਮਿਲੇਟ ਦੇ ਨਾਂ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ। ਇਹ ਲਹਿਰ ਪੁਰਖ-ਪ੍ਰਭੁਤਾ ਦੇ ਖਿਲਾਫ਼ ਵੱਖ ਵੱਖ ਪੱਧਰਾਂ ਉੱਪਰ ਜਹਾਦ ਖੜਾ ਕਰਨ ਪ੍ਰਤਿ ਵਚਨਬੱਧਤਾ ਦਾ ਇਜ਼ਹਾਰ ਕਰਦੀ ਹੋਈ ਕਾਮਵਾਦ, ਜ਼ਾਤੀਵਾਦ, ਜ਼ੁਲਮ ਅਤੇ ਜ਼ਿਆਦਤੀ ਪ੍ਰਤਿ ਆਪਣੀ ਲੜਾਈ ਨੂੰ ਮੁੱਖ ਨਿਸ਼ਾਨਾ ਮਿਥਦੀ ਹੈ। ਇਸ ਤੋਂ ਇਲਾਵਾ ਇਸ ਨੇ ਸਰਮਾਏਦਾਰੀ ਢਾਂਚੇ ਵਿਚ ਵਿਆਹ-ਪ੍ਰਬੰਧ ਦੇ ਵਰਤਮਾਨ ਰੂਪ ਨੂੰ ਚੁਣੌਤੀ ਦਿੱਤੀ ਹੈ ਅਤੇ ਉਨ੍ਹਾਂ ਸੰਚਾਰ ਸਾਧਨਾਂ ਨੂੰ ਵੀ ਆਪਣੀ ਤਿੱਖੀ ਆਲੋਚਨਾ ਦਾ ਨਿਸ਼ਾਨਾ ਬਣਾਇਆ ਹੈ, ਜਿਨ੍ਹਾਂ ਨੇ ਨਾਰੀ ਨੂੰ ਮਹਿਜ਼ ਕਾਮ-ਚਿੰਨ੍ਹ ਬਣਾ ਕੇ ਰੱਖ ਦਿੱਤਾ। ਇਸ ਲਹਿਰ ਦੇ ਨਾਲ ਹੀ ਨਾਰੀਵਾਦੀ ਸਮੀਖਿਆ ਦਾ ਜਨਮ ਹੋਇਆ। ਜਿਸ ਦੀਆਂ ਕੁਝ ਹਾਂ-ਪੱਖੀ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :

ੳ. ਕਿਸੇ ਵੀ ਪ੍ਰਕਾਰ ਦੇ ਨਾਰੀਵਾਦੀ ਚਿੰਤਨ ਦੀ ਸਿਰਜਣਾ ਨਾਰੀ ਦੇ ਆਪਣੇ ਤਜਰਬੇ ਅਤੇ ਅਵਚੇਤਨ ਦੇ ਆਧਾਰ ਤੇ ਹੀ ਸੰਭਵ ਹੈ।

ਅ. ਨਾਰੀ ਨੂੰ ਖ਼ੁਦ ਉਸ ਭਾਸ਼ਾ ਦੀ ਸਿਰਜਣਾ ਕਰਨੀ ਚਾਹੀਦੀ ਹੈ ਜਿਹੜੀ ਕਿ ਉਸ ਨੂੰ ਠੀਕ ਢੰਗ ਨਾਲ ਸਿਰਜ ਤੇ ਸਮਝ ਸਕੇ।

ੲ. ਇਸ ਨੂੰ ਆਪਣੀ ਪਛਾਣ ਲਈ ਮੌਲਿਕ ਸੰਕਲਪੀ ਢਾਂਚੇ ਦੀ ਸਿਰਜਣਾ ਕਰਨੀ ਚਾਹੀਦੀ ਹੈ।

ਸ. ਨਾਰੀ ਨੂੰ ਕਿੰਨੀਆਂ ਵੀ ਮੁਸ਼ਕਲਾਂ ਦਾ ਸਾਮ੍ਹਣਾ ਕਿਉਂ ਨਾ ਕਰਨਾ ਪਵੇ, ਉਸ ਨੂੰ ਇਸ ਗੱਲ ਦਾ ਪੂਰਨ ਅਧਿਕਾਰ ਹੈ ਕਿ ਉਹ ਆਪਣੇ ਮੁੱਲਾਂ ਉੱਪਰ ਪਹਿਰਾ ਦੇਵੇ, ਆਪਣੇ ਚੇਤਨ ਅਵਚੇਤਨ ਨੂੰ ਉਘਾੜੇ ਅਤੇ ਅਜੇਹੇ ਨਵੀਨ ਮੁੱਲਾਂ ਦੀ ਸਿਰਜਣਾ ਕਰੇ ਜਿਹੜੇ ਉਸ ਦੀ ਚੇਤਨਾ ਨੂੰ ਸੰਚਾਰਿਤ ਕਰਨ।

ਹ. ਕਿਉਂਕਿ ਸ਼ਕਤੀ ਦਾ ਤਵਾਜ਼ਨ ਹਮੇਸ਼ਾਂ ਪੁਰਸ਼ ਦੇ ਹੱਥ ਵਿਚ ਰਿਹਾ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਲਈ ਅਤੀਤ ਵਿਚ ਪੁਰਸ਼ ਦੁਆਰਾ ਸਾਹਿਤ ਤੇ ਨਾਰੀ ਨੂੰ ਸਮਝਣ ਲਈ ਸਿਰਜੇ ਗਏ ਪ੍ਰਤਿਮਾਨ ਵੀ ਪੁਨਰ-ਵਿਆਖਿਆ ਤੇ ਪੁਨਰ-ਸਿਰਜਣਾ ਦੀ ਮੰਗ ਕਰਦੇ ਹਨ।

ਕੁਲ ਮਿਲਾਕੇ ਨਾਰੀਵਾਦੀ ਸਮੀਖਿਆ ਇਕ ਭਾਂਤ ਦੀ ਅੰਤਰ ਅਨੁਸ਼ਾਸਨੀ ਜਾਂਚ ਦੀ ਇਕ ਅਜਿਹੀ ਸ਼ਾਖਾ ਹੈ ਜਿਹੜੀ ਕਿ ਲਿੰਗ ਨੂੰ ਅਨੁਭਵ ਦੀ ਮੁਢਲੀ ਸੰਗਠਿਤ ਸ੍ਰੇਣੀ ਮੰਨਦੀ ਹੈ। ਇਸ ਸਮੀਖਿਆ ਦੀ ਨਾਰੀ ਸੰਬੰਧੀ ਮੁਢਲੀ ਸਥਾਪਨਾ ਹੀ ਇਹ ਹੈ ਕਿ ਲਿੰਗਾਂ ਦੀ ਅਸਮਾਨਤਾ ਨਾ ਤਾਂ ਜੀਵ-ਵਿਗਿਆਨਕ ਦੇਣ ਹੈ ਤੇ ਨਾ ਹੀ ਰੱਬੀ ਫੁਰਮਾਨ। ਸਗੋਂ ਇਹ ਤਾਂ ਸਾਂਸਕ੍ਰਿਤਕ ਘਾੜਤ ਹੈ। ਦੂਸਰਾ ਇਹ ਕਿ ਮਰਦ ਦ੍ਰਿਸ਼ਟੀਕੋਣ ਜਿਸ ਨੂੰ ਸਰਬ-ਵਿਆਪਕ ਮੰਨਿਆ ਜਾਂਦਾ ਹੈ, ਨੇ ਆਪਣੇ ਪ੍ਰਤਿਮਾਨਾ ਤੇ ਢੰਗ ਤਰੀਕਿਆਂ ਨਾਲ ਗਿਆਨ ਦੇ ਖੇਤਰਾਂ ਵਿਚ ਪ੍ਰਭੁਤਾ ਜਮਾਈ ਹੈ। ਇਹ ਸਮੀਖਿਆ ਸਮੁੱਚੀਆਂ ਚਿੰਤਨ ਵਿਧੀਆਂ ਦੀ ਤਿੱਖੀ ਆਲੋਚਨਾ ਕਰਕੇ, ਇਸ ਚਿੰਤਨ ਦੀ ਨਵੇਂ ਸਿਰੇ ਤੋਂ ਵਿਆਖਿਆ ਕਰਕੇ ਉਨ੍ਹਾਂ ਦੀ ਪੁਨਰ ਸਿਰਜਣਾ ਲਈ ਲੋੜੀਂਦੇ ਨੇਮਾਂ, ਭਾਸ਼ਾ ਤੇ ਅਧਿਐਨ ਦੇ ਢੰਗ ਤਰੀਕਿਆਂ ਦੀ ਨਵੀਨ ਘਾੜਤ ਉੱਪਰ ਬਲ ਦੇਂਦੀ ਹੈ। ਨਾਰੀਵਾਦੀ ਚਿੰਤਕਾਂ ਦੀ ਪ੍ਰਮੁੱਖ ਧਾਰਣਾ ਹੈ ਕਿ ਉਨ੍ਹਾਂ ਦੀ ਸਿਰਜਣਾ ਦਾ ਮੁਨਾਸਬ ਮੁੱਲ ਤਾਂ ਹੀ ਪੈ ਸਕਦਾ ਹੈ ਜੇਕਰ ਉਹ ਖ਼ੁਦ ਚਿੰਤਨ ਕਾਰਜ ਦਾ ਆਰੰਭ ਕਰਨ। ਉਨ੍ਹਾਂ ਦਾ ਮੁੱਖ ਇਤਰਾਜ਼ ਇਹ ਹੈ ਕਿ ਨਾਰੀ-ਬਿੰਬ ਦੀ ਨਾ ਤਾਂ ਸਾਹਿਤ ਵਿਚ ਉਚਿਤ ਢੰਗ ਨਾਲ ਸਿਰਜਣਾ ਹੋਈ ਹੈ ਤੇ ਨਾ ਹੀ ਉਸ ਦਾ ਠੀਕ ਵਿਸ਼ਲੇਸ਼ਣ-ਮੁਲਾਂਕਣ। ਮਨੁੱਖ, ਜਗਤ ਅਤੇ ਪ੍ਰਕਿਰਤੀ ਪ੍ਰਤਿ ਨਾਰੀ ਦਾ ਅਨੁਭਵ ਪੁਰਸ਼ ਨਾਲ ਅਸਲੋਂ ਭਿੰਨ ਹੈ। ਇਸ ਲਈ ਉਸ ਨੂੰ ਖਦ ਹੀ ਸਾਹਿਤ ਵਿਚ ਮਰਦ ਦੁਆਰਾ ਆਪਣੇ ਸਿਰਜੇ ਬਿੰਬ ਦੀ ਪ੍ਰਮਾਣਕਤਾ ਦੀ ਪੁਣ ਛਾਣ ਕਰਨੀ ਚਾਹੀਦੀ ਹੈ ਅਤੇ ਨਾਲ ਹੀ ਨਾਲ ਨਾਰੀ ਲੇਖਿਕਾਵਾਂ ਵਲੋਂ ਸਿਰਜੇ ਜਾ ਰਹੇ ਸਾਹਿਤ ਦਾ ਲੇਖਾ ਜੋਖਾ ਵੀ ਕਰਨਾ ਚਾਹੀਦਾ ਹੈ। ਪੁਰਸ਼ ਦੁਆਰਾ ਕੀਤੀ ਸਿਰਜਣਾ ਦੀ ਪਛਾਣ, ਨਾਰੀ ਦੀ ਨਵੀਨ ਸਿਰਜਣਾ ਤੇ ਇਸ ਦੀ ਵਿਆਖਿਆ-ਵਿਸ਼ਲੇਸ਼ਣ ਇਸ ਪਹੁੰਚ ਵਿਧੀ ਦਾ ਮਨੋਰਥ ਹੈ। ਇਹ ਨਾਰੀ-ਕੇਂਦ੍ਰਿਤ ਅਧਿਐਨ-ਵਿਧੀ ਪ੍ਰਯੋਜਨ ਦੇ ਪੱਖ ਤੋਂ ਨਾਰੀ ਪ੍ਰਤਿ ਸੁਖਾਵੇਂ ਸਮਾਜਕ ਵਾਤਾਵਰਣ ਅਤੇ ਪ੍ਰਬੰਧ ਦੀ ਸਿਰਜਣਾ ਪ੍ਰਤਿ ਵਚਨਬੱਧਤਾ ਦਾ ਇਜ਼ਹਾਰ ਕਰਦੀ ਹੈ।

ਪੁਰਖ-ਪ੍ਰਭੁਤਾ ਵਾਲੇ ਅਜੋਕੇ ਸਮਾਜ ਵਿਚ ਨਾਰੀ ਨੂੰ ਘਰ ਤੇ ਘਰ ਤੋਂ ਬਾਹਰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਵਸਤੂ-ਸਥਿਤੀ ਇਹੀ ਮੰਗ ਕਰਦੀ ਹੈ ਕਿ ਇਕ ਸੰਵੇਦਨਸ਼ੀਲ ਨਾਰੀ ਆਪਣੇ ਦੁਆਲੇ ਉਸਰੀਆਂ ਸਾਂਸਕ੍ਰਿਤਕ ਮੁੱਲਾਂ ਦੀਆਂ ਵਲਗਣਾਂ ਨੂੰ/ਆਪਣੀ ਸਿਰਜਣਾਤਮਕ ਸ਼ਕਤੀ ਰਾਹੀਂ ਦਰਸਾਵੇ ਅਤੇ ਢਹਿ ਢੇਰੀ ਕਰੇ। ਇਸ ਦੇ ਨਾਲ ਹੀ ਨਾਲ ਦੂਸਰੀ ਵੱਡੀ ਜ਼ਰੂਰਤ ਇਹ ਵੀ ਹੈ ਕਿ ਨਾਰੀ ਉਨ੍ਹਾਂ ਚਿੰਤਨ-ਵਿਧੀਆਂ ਨੂੰ ਰੱਦ ਕਰੇ ਜਿਹੜੀਆਂ ਮਰਦ ਪ੍ਰਧਾਨ ਸਮਾਜ ਦੀ ਉਪਜ ਹਨ। ਇਨ੍ਹਾਂ ਚਿੰਤਨ-ਮਾਡਲਾਂ ਨੂੰ ਸੰਦੇਹ ਦੀ ਨਜ਼ਰ ਨਾਲ ਵੇਖਣਾ ਇਸ ਲਈ ਵੀ ਜ਼ਰੂਰੀ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਉਂਕਿ ਇਨ੍ਹਾਂ ਦਾ ਮੂਲ-ਸੁਭਾਅ ਮਰਦ-ਪੱਖੀ ਹੈ। ਸਿੱਧਾਂਤਕ ਪੱਧਰ ਉਪਰ ਇਹ ਕਾਰਜ ਦਾਰਸ਼ਨਿਕ ਚਿੰਤਨ ਦੀ ਮੰਗ ਕਰਦਾ ਹੈ। ਪਰੰਤੂ ਸਿਰਜਣਾ ਦੀ ਪੱਧਰ ਉਪਰ ਨਾਰੀ ਨੂੰ ਆਪਣੇ ਅਸਤਿਤਵ ਦੀ ਗਾਥਾ ਨੂੰ ਇਤਿਹਾਸਕ ਸੰਦਰਭਾਂ ਤੇ ਅਨੁਭਵ ਰਾਹੀਂ ਸਾਖਸ਼ਾਤ ਕਰਨਾ ਚਾਹੀਦਾ ਹੈ। ਵਰਤਮਾਨ ਸਮਾਜਕ ਪ੍ਰਬੰਧ ਵਿਚ ਨਾਰੀ ਇਕ ਬੇਪਛਾਣ ਅਸਤਿਤਵ ਵਜੋਂ ਵਿਚਰ ਰਹੀ ਹੈ। ਉਹ ਭਾਵੁਕ ਤੇ ਬੌਧਿਕ ਪੱਧਰ ਉਪਰ ਆਪਣੇ ਚੌਗਿਰਦੇ ਤੋਂ ਅਸੰਤੁਸ਼ਟ ਹੋਣ ਸਦਕਾ ਕਈ ਤਰ੍ਹਾਂ ਦੇ ਮਾਨਸਿਕ ਤਨਾਉ ਭੋਗ ਰਹੀ ਹੈ। ਉਹ ਅਣਚਾਹਿਆ ਜੀਵਨ ਬਸਰ ਕਰ ਰਹੀ ਹੈ ਅਤੇ ਸਮਾਜਕ ਕਿਰਿਆ-ਪ੍ਰਤਿਕਿਰਿਆ ਵਿਚ ਉਸ ਦੀ ਮਰਜ਼ੀ ਸ਼ਾਮਲ ਨਹੀਂ ਹੁੰਦੀ। ਇਸ ਤਨਾਉ ਦੇ ਪਾਸਾਰਾਂ ਨੂੰ ਪਛਾਨਣ ਨਾਲ ਹੀ ਵਸਤੂ-ਸਥਿਤੀ ਦੀ ਠੀਕ ਪਛਾਣ ਹੋ ਸਕਦੀ ਹੈ। ਇਸ ਵਿਚ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਜਦੋਂ ਨਾਰੀ ਆਪਣੇ ਵਜੂਦ ਅੰਦਰ ਚਲ ਰਹੀ ਕਸ਼ਮਕਸ਼ ਨੂੰ ਸਮੂਰਤ ਰੂਪ ਦੇਣ ਦਾ ਯਤਨ ਕਰੇਗੀ ਤਾਂ ਪਹਿਲੀ ਸਮੱਸਿਆ ਉਸ ਦੇ ਸਾਮ੍ਹਣੇ ਨਵੀਂ ਤੇ ਮੌਲਿਕ ਭਾਸ਼ਾ ਦੇ ਸਿਰਜਣ ਦੀ ਆਵੇਗੀ ਜਿਹੜੀ ਉਸ ਦੇ ਅੰਦਰਲੇ ਤਨਾਉ ਨੂੰ ਰੂਪਮਾਨ ਕਰੇ। ਅਜਿਹੀ ਸਿਰਜਣਾ ਦੀ ਪ੍ਰਕਿਰਤੀ ਸ੍ਵੈ-ਸਹਿਜ ਹੀ ਵਿਦਰੋਹੀ ਹੋਵੇਗੀ, ਕਿਉਂਕਿ ਇਹ ਪ੍ਰਧਾਨ ਚਿੰਤਨ-ਮਾਡਲਾਂ ਨੂੰ ਨਕਾਰ ਕੇ ਉਨ੍ਹਾਂ ਦੇ ਸਮਾਂਨੰਤਰ ਇਕ ਪ੍ਰਤਿ-ਚਿੰਤਨ ਦੀ ਸਿਰਜਣਾ ਵਲ ਰਜੂਅ ਕਰੇਗੀ। ਨਾਰੀ-ਪੱਖੀ ਕਾਵਿ ਨੂੰ ਨਾਰੀ ਜੀਵਨ ਦੇ ਬਹੁ-ਪਾਸਾਰੀ ਯਥਾਰਥ ਨੂੰ ਛੋਹਣਾ ਅਤੇ ਉਸ ਦੀ ਸਮੁੱਚੀ ਦਸ਼ਾ ਨੂੰ ਯਥਾਯੋਗ ਢੰਗ ਨਾਲ ਅਭਿਵਿਅਕਤ ਕਰਨਾ ਚਾਹੀਦਾ ਹੈ, ਨਾ ਕਿ ਉਸ ਦੇ ਮਰਦ ਨਾਲ ਅਖੌਤੀ ਕਿਸਮ ਦੇ ਵਿਰੋਧ ਨੂੰ ਭਾਵੁਕ/ ਉਪਭਾਵੁਕ ਉਤੇਜਨਾ ਸਦਕਾ ਲੋੜ ਤੋਂ ਵਧੇਰੇ ਤੂਲ ਦੇਣੀ ਚਾਹੀਦੀ ਹੈ। ਇਸ ਗੱਲ ਵਿਚ ਰਤਾ ਜਿੰਨਾ ਵੀ ਸ਼ੱਕ ਨਹੀ ਕਿ ਨਾਰੀ ਦੇ ਵਜੂਦ ਨੂੰ ਖੰਡਿਤ ਕਰਨ ਵਿਚ ਇਤਿਹਾਸ ਦੀ ਵੱਡੀ ਭੂਮਿਕਾ ਹੈ। ਇਸ ਲਈ ਜ਼ਰੂਰਤ ਉਨ੍ਹਾਂ ਚਿੰਤਨ-ਮਾਡਲਾਂ ਉੱਪਰ ਚੋਟ ਲਗਾਉਣ ਦੀ ਹੈ ਜਿਨ੍ਹਾਂ ਨੇ ਉਸ ਦੀ ਸੋਚ ਤੇ ਵਜੂਦ ਦੁਆਲੇ ਕਈ ਕਿਸਮ ਦੀਆਂ ਰੁਕਾਵਟਾਂ ਖੜੀਆਂ ਕੀਤੀ ਰੱਖੀਆਂ ਹਨ। ਨਾਰੀ ਦੁਆਰਾ ਕੀਤੀ ਜਾਣ ਵਾਲੀ ਸਿਰਜਣਾ ਨੇ ਨਾਰੀ ਹੋਣ ਦੇ ਅਹਿਸਾਸ ਨਾਲ ਓਤਪੋਤ ਤਾਂ ਹੋਣਾ ਹੀ ਹੈ, ਨਾਲ ਹੀ ਨਾਲ ਇਸ ਵਿਚ ਨਾਰੀ ਦੀ ਗੁਲਾਮੀ, ਬੇਬਸੀ, ਘੁਟਨ, ਖੰਡਿਤ ਵਜੂਦ ਦੀ ਪੇਸ਼ਕਾਰੀ ਅਤੇ ਪੂੰਜੀਵਾਦੀ ਜ਼ਿਹਨੀਅਤ ਉੱਪਰ ਵਿਅੰਗ ਵੀ ਸੁਭਾਵਿਕ ਹੈ।

ਅਜੋਕੇ ਸਾਹਿਤ ਚਿੰਤਨ ਦਾ ਇਕ ਪ੍ਰਚਲਿਤ ਸੂਤਰ ਹੈ ਕਿ ਸਾਹਿਤ-ਰਚਨਾ ਨੂੰ ਉਸ ਦੇ ਕਰਤਾ ਨਾਲੋਂ ਵਿਜੋਗ ਕੇ ਵੇਖਣਾ ਪਰਖਣਾ ਚਾਹੀਦਾ ਹੈ। ਇਸ ਮਤ ਦੀ ਪੁਸ਼ਟੀ ਲਈ ਇਹ ਵਿਚਾਰ ਪੇਸ਼ ਕੀਤਾ ਜਾਂਦਾ ਹੈ ਕਿ "ਕਵੀ ਦੀ ਵਿਆਖਿਆ ਨਾਲੋਂ ਕਵੀ ਦੀ ਕਿਰਤ ਉੱਪਰ ਹੀ ਵਿਸ਼ਵਾਸ਼ ਕਰਨਾ ਉਚਿਤ ਹੋਵੇਗਾ। ਕਾਵਿ ਅਭਿਵਿਅੰਜਨ ਨੂੰ ਸਮਝਨ ਲਈ ਕਵੀ ਕਥਨ ਦੀ ਸਹਾਇਤਾ ਬੇਲੋੜੀ ਹੈ।" ਪਰੰਤੂ ਨਾਰੀਵਾਦੀ ਸਮੀਖਿਆ ਆਪਣੇ ਧਿਆਨ ਦਾ ਪਹਿਲਾ ਕੇਂਦਰ ਬਿੰਦੂ ਜਿਸ ਨੁਕਤੇ ਨੂੰ ਬਣਾਉਂਦੀ ਹੈ ਉਹ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਕਿ ਕਿਸੇ ਵੀ ਸਿਰਜਣਾ ਦਾ ਸਿਰਜਕ ਕੌਣ ਹੈ ? ਅਰਥਾਤ ਇਹ ਸਮੀਖਿਆ ਇਸ ਮੱਤ ਦੀ ਹਾਮੀ ਹੈ ਕਿ ਹਰ ਸਿਰਜਣਾ ਵਿਚੋਂ ਉਸ ਦੇ ਲੇਖਕ ਦੀ ਸ਼ਖਸੀਅਤ ਤੇ ਦ੍ਰਿਸ਼ਟੀ ਦੇ ਦੀਦਾਰ ਹੁੰਦੇ ਹਨ। ਇੰਜ ਇਹ ਸਮੀਖਿਆ ਦ੍ਰਿਸ਼ਟੀ ਸਾਹਿਤ ਨੂੰ ਸ਼ੁਧ ਸਾਹਿਤ ਦੀ ਹੀ ਦ੍ਰਿਸ਼ਟੀ ਤੋਂ ਪਰਖਣ ਦੇ ਮਤ ਨੂੰ ਪ੍ਰਵਾਨ ਨਹੀਂ ਕਰਦੀ ਕਿਉਂਕਿ ਨਾਰੀ ਦੁਆਰਾ ਰਚੇ ਗਏ ਸਾਹਿਤ ਦੀ ਭਾਸ਼ਾ, ਉਸ ਦੀ ਬਿੰਬਾਵਲੀ, ਪ੍ਰਤੀਕਾਵਲੀ, ਰੂਪ-ਚੇਤਨਾ, ਦ੍ਰਿਸ਼ਟੀਕੋਣ ਆਦਿ ਸਭ ਕੁਝ ਅਸਲੋਂ ਭਿੰਨ ਤੇ ਮੌਲਿਕ ਸੁਭਾਅ ਦੇ ਧਾਰਣੀ ਹੁੰਦੇ ਹਨ। ਇਸ ਨੁਕਤੇ ਤੋਂ ਸਾਹਿਤ ਦਾ ਅਧਿਐਨ ਕਰਨ ਨਾਲ ਬਿਲਕੁਲ ਵੱਖਰੇ ਨਤੀਜੇ ਸਾਮ੍ਹਣੇ ਆਉਂਦੇ ਹਨ। ਮਿਸਾਲ ਵਜੋਂ ਮੱਧਕਾਲ ਵਿਚ ਪੁਰਸ਼ਾਂ ਦੁਆਰਾ ਸਿਰਜੇ ਗਏ ਸਾਹਿਤ ਵਿਚੋਂ ਨਾਰੀ ਦਾ ਜੋ ਬਿੰਬ ਉਭਰਦਾ ਹੈ, ਉਸ ਉੱਪਰ ਪੁਰਸ਼-ਪ੍ਰਧਾਨ ਸਮਾਜ ਦੇ ਮੁੱਲ-ਵਿਧਾਨ ਦੀ ਡੂੰਘੀ ਮੁਹਰ-ਛਾਪ ਲੱਗੀ ਹੋਈ ਹੈ। ਇਸੇ ਸਦਕਾ ਹੀ ਇਹ ਸਾਹਿਤ ਇਸ ਸੂਤਰ ਨੂੰ ਪੇਸ਼ ਕਰਦਾ ਹੈ ਕਿ ਨਾਰੀ ਸੁੰਦਰ ਹੈ, ਪ੍ਰੇਮ ਦੇ ਲਾਇਕ ਹੈ ਪਰ ਨਾਲ ਹੀ ਨਾਲ ਉਹ ਮਰਦ ਨੂੰ ਖਰਾਬ ਵੀ ਕਰਦੀ ਹੈ। ਸਾਡੇ ਪ੍ਰਚਲਿਤ ਚਿੰਤਨ-ਮਾਡਲਾਂ ਮੁਤਾਬਿਕ ਉਹ ਨਾਰੀ ਹੀ ਭਲੀ ਹੈ ਜੋ ਮਰਦ ਦੀ ਹਰ ਵਧੀਕੀ ਤੇ ਭਲੇ ਬੁਰੇ ਨੂੰ ਬਿਨਾ ਕਿਸੇ ਪ੍ਰਤਿਕਿਰਿਆ ਦੇ ਸਹਿਨ ਕਰ ਜਾਂਦੀ ਹੈ। ਇੰਜ ਪੁਰਸ਼-ਪ੍ਰਧਾਨ ਸਮਾਜ ਦਾ ਅਵਚੇਤਨ ਨਾਰੀ ਦਾ ਬੇਜ਼ੁਬਾਨ ਹੋਣਾ ਲੋੜਦਾ ਹੈ। ਜੇਕਰ ਉਹ ਜ਼ੁਬਾਨ ਖੋਲ੍ਹੇ ਵੀ ਤਾਂ ਉਹ ਮਿੱਠੀ ਹੋਣੀ ਚਾਹੀਦੀ ਹੈ। ਇੰਜ ਹੀ, ਸਾਡੀ ਸੋਚ ਵਿਧੀ ਵਿਚ ਚੇਤੰਨ ਨਾਰੀ ਦਾ ਕੋਈ ਸੰਕਲਪ ਆਪਣੀ ਹੋਂਦ ਨਹੀਂ ਰਖਦਾ। ਸਗੋਂ ਉਹ ਤਾਂ ਨੀਵੀਂ ਨਜ਼ਰ ਰਖਣ ਵਾਲੀ ਤੇ ਖੂਬਸੂਰਤ ਸਜੀ-ਸੰਵਰੀ ਹੋਣੀ ਚਾਹੀਦੀ ਹੈ। ਪੁਰਸ਼-ਪ੍ਰਧਾਨ ਸਮਾਜ ਦੇ ਇਸ ਅਵਚੇਤਨ ਨੂੰ ਮੱਧਕਾਲ ਦੇ ਵੱਖ ਵੱਖ ਸਾਹਿਤ ਰੂਪਾਂ ਵਿਚ ਪ੍ਰਗਟ ਹੋਇਆ ਵੇਖਿਆ ਜਾ ਸਕਦਾ ਹੈ।

ਇਸ ਗੱਲ ਵਿਚ ਸ਼ੱਕ ਨਹੀਂ ਕਿ ਪੁਰਸ਼ ਨਾਰੀ ਦੇ ਭਾਵਾਂ ਤੇ ਸੰਸਕਾਰਾਂ ਨੂੰ ਪੂਰਨ ਭਾਂਤ ਸਮਝ ਤੇ ਸਿਰਜ ਨਹੀਂ ਸਕਦਾ। ਸਮਾਜਕ ਸਿਸਟਮ ਵਿਚ ਨਾਰੀ ਦੀ ਆਜ਼ਾਦੀ ਲਈ ਨਾਰੀ ਹੀ ਸਕ੍ਰਿਆ ਤੇ ਕੇਂਦਰੀ ਭੂਮਿਕਾ ਨਿਭਾ ਸਕਦੀ ਹੈ। ਨਾਰੀ ਸਰੀਰਕ, ਭਾਵੁਕ ਤੇ ਮਾਨਸਿਕ ਪੱਧਰ ਉੱਪਰ ਪੁਰਸ਼ ਨਾਲੋਂ ਭਿੰਨਤਾ ਰੱਖਦੀ ਹੈ ਜਿਸ ਕਰਕੇ ਉਸ ਉੱਪਰ ਪੁਰਸ਼ ਦੇ ਸਿਰਜੇ ਸੋਚ ਮਾਡਲ ਠੋਸੇ ਨਹੀਂ ਜਾ ਸਕਦੇ। ਪੁਰਸ਼ ਲਈ ਤਾਂ ਉਹ ਸੁੰਦਰ, ਕੋਮਲ ਤੇ ਹੀਣੀ ਹੈ। ਨਾਰੀ ਲਈ ਇਹ ਸਭ ਕੁਝ ਦਮਿਤ ਅਸਤਿਤਵ ਦਾ ਪ੍ਰਮਾਣ ਹੈ। ਨਾਰੀ ਨੂੰ ਕਿਉਂਕਿ ਸਮਾਜ ਵਿਚ ਮਰਦ ਵਰਗੀ ਬਰਾਬਰੀ ਤੇ ਸੁਤੰਤਰਤਾ ਹਾਸਲ ਨਹੀਂ, ਇਸ ਲਈ ਸਾਹਿਤ ਵਿਚ ਔਰਤ ਤੇ ਪੁਰਸ਼ ਵਿਚਲੇ ਅੰਤਰ ਦੀ ਅਭਿਵਿਅਕਤੀ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ।

ਨਾਰੀ ਇਕ ਸੰਵੇਦਨਸ਼ੀਲ ਪ੍ਰਾਣੀ ਹੈ। ਉਹ ਲੰਮਾ ਸਮਾਂ ਕਿਸੇ ਨਾ ਕਿਸੇ ਰੂਪ ਵਿਚ ਸਾਹਿਤ ਸਿਰਜਣਾ ਦਾ ਪ੍ਰੇਰਣਾ ਸੋਮਾ ਤਾਂ ਬਣਦੀ ਰਹੀ ਹੈ ਪਰ ਸਿਰਜਕ ਘੱਟ ਹੀ ਬਣੀ ਹੈ। ਨਾਰੀ ਜਾਤੀ ਦੇ ਇਤਿਹਾਸਕ ਪਿਛੋਕੜ ਉੱਪਰ ਝਾਤ ਮਾਰੀਏ ਤਾਂ ਪਤਾ ਲੱਗਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਕਿ ਦੇਸ਼, ਕੌਮ ਅਤੇ ਸਮਾਜ ਦੀ ਭਿੰਨਤਾ ਦੇ ਬਾਵਜੂਦ, ਉਸ ਉੱਪਰ ਮਰਦ ਜ਼ਾਤ ਹਾਵੀ ਰਹੀ ਹੈ। ਸਮਾਜਕ, ਰਾਜਨੀਤਿਕ, ਆਰਥਿਕ ਤੇ ਧਾਰਮਿਕ ਕਾਰਣਾਂ ਨੇ ਹਮੇਸ਼ਾਂ ਨਾਰੀ ਨੂੰ ਅਧੀਨਗੀ ਵਾਲੀ ਸਥਿਤੀ ਦਾ ਸਿਕਾਰ ਰਖਿਆ ਹੈ। ਭਾਰਤੀ ਤੇ ਪੰਜਾਬੀ ਸਮਾਜ ਵਿਚ ਵੀ ਪੁਰਸ਼ਪ੍ਰਭੁਤਾ ਤੇ ਨਾਰੀ-ਨਿਰਭਰਤਾ (male dominance and female dependence) ਵਾਲਾ ਨੇਮ ਪ੍ਰਚਲਿਤ ਰਿਹਾ ਹੈ। ਨਾਰੀ ਜ਼ਾਤੀ ਸਦੀਆਂ ਤੋਂ ਪੁਰਸ਼ ਦੀ ਗੁਲਾਮ ਰਹੀ ਹੈ ਅਤੇ ਇਸ ਗੁਲਾਮੀ ਸਦਕਾ ਮਰਦ-ਪ੍ਰਧਾਨ ਸਮਾਜਕ ਪ੍ਰਬੰਧ ਪ੍ਰਤਿ ਇਕ ਕੁੜਿੱਤਣ ਉਸ ਦੇ ਅਵਚੇਤਨ ਦਾ ਅੰਗ ਬਣ ਗਈ ਹੈ। ਇਸ ਕੌੜੀ ਪ੍ਰਕਿਰਿਆ ਵਿਚੋਂ ਹੀ ਪੱਛਮ ਵਿਚ ਨਾਰੀ-ਸੁਤੰਤਰਤਾ ਦੀਆਂ ਲਹਿਰਾਂ ਨੇ ਜਨਮ ਲਿਆ, ਜੋ ਆਪਣੇ ਕਈ ਗੁਣਾਂ ਦੇ ਬਾਵਜੂਦ ਦਿਸ਼ਾਹੀਣਤਾ, ਅਤਿਵਾਦ ਤੇ ਫੋਕੀ ਨਾਅਰੇਬਾਜ਼ੀ ਦਾ ਸ਼ਿਕਾਰ ਹੋ ਗਈਆਂ। ਜ਼ਰੂਰਤ ਇਸ ਕੌੜੀ ਪ੍ਰਤਿਕਿਰਿਆ ਵਿਚੋਂ ਨਿਕਲ ਕੇ ਆਰਥਿਕ, ਸਮਾਜਕ, ਧਾਰਮਿਕ ਤੇ ਰਾਜਨੀਤਕ ਢਾਂਚੇ ਅਤੇ ਉਸ ਵਿਚ ਪ੍ਰਚਲਿਤ ਕਦਰਾਂ ਕੀਮਤਾਂ ਨੂੰ ਸਮਝਣ ਤੇ ਬਦਲਣ ਦੀ ਹੈ। ਨਾਰੀ ਜ਼ਾਤੀ ਨਾਲ ਹੁੰਦੀਆਂ ਵਧੀਕੀਆਂ, ਪ੍ਰਤਿਕੂਲ ਸਮਾਜਕ ਮੁੱਲਾਂ ਅਤੇ ਫਲਸਰੂਪ ਪੈਦਾ ਹੋਏ ਤਨਾਉ ਨੂੰ ਜਾਨਣ ਦੀ ਜ਼ਰੂਰਤ ਵੀ ਹੈ ਅਤੇ ਅਜੇਹੇ ਪ੍ਰਬੰਧ ਨੂੰ ਸਮਝਣ ਦੀ ਲੋੜ ਵੀ ਹੈ ਜੋ ਇਸ ਸਭ ਕੁਝ ਦਾ ਕਾਰਣ ਬਣਦਾ ਹੈ। ਇਸ ਪ੍ਰਬੰਧ ਨੂੰ ਜਾਨਣ ਤੇ ਬਦਲਣ ਨਾਲ ਹੀ ਨਾਰੀ ਉਤੇ ਹੁੰਦੇ ਜ਼ੁਲਮਾਂ ਤੇ ਅਤਿਆਚਾਰਾਂ ਦੀ ਕੱਸ ਢਿੱਲੀ ਪਵੇਗੀ ਅਤੇ ਇਸ ਵਿਚੋਂ ਹੀ ਨਾਰੀ ਦੀ ਬਰਾਬਰੀ ਦਾ ਕੋਈ ਠੋਸ ਅਤੇ ਸੰਤੁਲਿਤ ਸੰਕਲਪ ਉੱਭਰ ਕੇ ਸਾਮ੍ਹਣੇ ਆਵੇਗਾ।

ਪੂਰਵ-ਅੰਮ੍ਰਿਤਾ ਯੁੱਗ ਵਿਚ ਸਾਨੂੰ ਕੋਈ ਵੀ ਅਜਿਹੀ ਇਸਤਰੀ-ਕਵੀ ਪ੍ਰਾਪਤ ਨਹੀਂ ਜਿਸ ਦੇ ਕਾਵਿ ਵਿਚੋਂ ਨਾਰੀ-ਸੰਵੇਦਨਾ ਪ੍ਰਤਿ ਸੰਕੇਤ ਪ੍ਰਾਪਤ ਹੁੰਦੇ ਹੋਣ। ਉਸ ਤੋਂ ਪੂਰਵਲੇ ਯੁੱਗ ਵਿਚ ਜੇਕਰ ਇਸਤਰੀਆਂ ਦੁਆਰਾ ਕਾਵਿ-ਰਚਨਾ ਹੋਈ ਵੀ ਹੈ ਤਾਂ ਉਸ ਦੀ ਉਭਰਵੀਂ ਤੁਰ ਧਾਰਮਿਕ ਤੇ ਸੁਧਾਰਵਾਦੀ ਕਿਸਮ ਦੀ ਹੈ। ਮਰਦ-ਪ੍ਰਧਾਨ ਸਮਾਜ ਵਿਚ ਨਾਰੀ ਦੀ ਸੰਵੇਦਨਾ ਨੂੰ ਭਰਵੇਂ ਤੇ ਭਰਪੂਰ ਰੂਪ ਵਿਚ ਚਿਤਰ ਕੇ ਅੰਮ੍ਰਿਤਾ ਪ੍ਰੀਤਮ ਨੇ ਇਤਿਹਾਸਿਕ ਭੂਮਿਕਾ ਅਦਾ ਕੀਤੀ ਹੈ।

ਅੰਮ੍ਰਿਤਾ-ਪ੍ਰੀਤਮ ਦੇ ਮੁੱਢਲੇ ਕਾਵਿ ਵਿਚ ਨਾਰੀ ਦੇ ਬਾਲ-ਜੀਵਨ ਦੇ ਦ੍ਰਿਸ਼ ਤਾਂ ਹਨ ਪਰ ਉਨ੍ਹਾਂ ਅੰਦਰ ਨਾਰੀ-ਸੰਵੇਦਨਾ ਦੀ ਪਛਾਣ ਕਰਨ ਵਾਲੀ ਦ੍ਰਿਸ਼ਟੀ ਦੀ ਅਣਹੋਂਦ ਹੈ। ਬਾਲ ਅਵਸਥਾ ਨਾਲ ਸੰਬੰਧਿਤ ਇਨ੍ਹਾਂ ਕਵਿਤਾਵਾਂ ਵਿਚ ਬੇਫਿਕਰੀ, ਸਹੇਲੀਆਂ ਦੇ ਮੇਲ ਅਤੇ ਉਨ੍ਹਾਂ ਤੋਂ ਵਿਛੜਣ ਦਾ ਹੇਰਵਾ ਤਾਂ ਹੈ ਪਰ ਇਹ ਸਭ ਕੁਝ ਸਾਡੇ ਸਭਿਆਚਾਰ ਦੇ ਧੁਰ-ਡੂੰਘ, ਜਿਸ ਵਿਚ ਨਾਰੀ ਪ੍ਰਤਿ ਅਸੁਖਾਵੀਆਂ ਤੇ ਅਸੰਤੁਲਿਤ ਕਦਰਾਂ-ਕੀਮਤਾਂ ਹਨ, ਤਕ ਨਹੀਂ ਅਪੜਦਾ। ਇਸ ਲਈ ਕਈ ਵਾਰ ਇਹ ਕਵਿਤਾਵਾਂ ਲੇਖਿਕਾ ਦੇ ਨਿੱਜ ਤੋਂ ਪਾਰ ਫੈਲ ਕੇ ਪਰ ਤਕ ਅਪੜਦੀਆਂ ਪ੍ਰਤੀਤ ਨਹੀਂ ਹੁੰਦੀਆਂ। ਜਿੱਥੇ ਕਿਧਰੇ ਉਹ ਸਦੀਵੀ ਜੀਵਨ ਮੁੱਲਾਂ ਨਾਲ ਨਾਤਾ ਜੋੜ ਕੇ ਕਿਸੇ ਸਾਂਝੀ ਹੂਕ ਨੂੰ ਪੇਸ਼ ਕਰਦੀ ਵੀ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉੱਥੇ ਵੀ ਸਮਕਾਲੀ ਸਥਿਤੀ ਉਸ ਵਿਚੋਂ ਗ਼ੈਰ ਹਾਜ਼ਿਰ ਹੈ। ਇਨ੍ਹਾਂ ਕਵਿਤਾਵਾਂ ਵਿਚ ਜਾਂ ਤਾਂ ਜੀਵਨ ਦੇ ਇਸ ਵਿਸ਼ੇਸ਼ ਬਿੰਦੂ ਦੇ ਵੰਨ ਸੁਵੰਨੇ ਤੇ ਰੰਗ ਬਿਰੰਗੇ ਬਿੰਬ ਹਨ ਅਤੇ ਜਾਂ ਸਦੀਵੀ ਮੁੱਲਾਂ ਨੂੰ ਪਕੜਣ ਵਾਲੀ ਹੂਕ ਪਰ ਇਨ੍ਹਾਂ ਦੋਹਾਂ ਵਿਚੋਂ ਵਾਤਾਵਰਣ ਵਿਚਲੀ ਉਹ ਘੁਟਣ, ਬੇਬਸੀ, ਭੇਦ ਭਾਵ ਅਤੇ ਮਜਬੂਰੀ ਨਹੀਂ ਲੱਭਦੀ ਜਿਹੜੀ ਨਾਰੀ ਦੇ ਚੌਗਿਰਦੇ ਵਿਚ ਪਸਰੀ ਹੋਈ ਹੈ। ਅੰਮ੍ਰਿਤਾ ਪ੍ਰੀਤਮ ਨੇ ਆਪਣੀਆਂ ਮੁੱਢਲੀਆਂ ਰਚਨਾਵਾਂ ਵਿਚ ਨਾਰੀ ਦੇ ਜੁਆਨ ਜਜ਼ਬਿਆਂ ਨੂੰ ਬਿਆਨਣ ਦੀ ਦਲੇਰੀ ਵੀ ਕੀਤੀ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਇਹ ਰਚਨਾਵਾਂ ਵਿਸ਼ੇਸ਼ ਮਹੱਤਵ ਦੀਆਂ ਧਾਰਣੀ ਇਸ ਕਰਕੇ ਹਨ ਕਿਉਂਕਿ ਨਾਰੀ ਦੇ ਪ੍ਰਤਿ ਅਣਸੁਖਾਵਾਂ ਮਾਹੌਲ ਹੋਣ ਦੇ ਬਾਵਜੂਦ ਉਹ ਉਸ ਦੇ ਪ੍ਰੀਤ-ਜਜ਼ਬੇ ਨੂੰ ਪੂਰੀ ਦਲੇਰੀ ਨਾਲ ਚਿਤਰਦੀ ਹੈ। ਪ੍ਰੀਤ ਪੈਣ/ਪਾਉਣ ਤੋਂ ਲੈ ਕੇ ਨਾਰੀ ਦੇ ਪ੍ਰੀਤ-ਖੇਤਰ ਵਿਚ ਸਫਲ ਅਸਫਲ ਰਹਿਣ ਤਕ ਦੇ ਸਮੁੱਚੇ ਪੈਂਡੇ ਨੂੰ ਉਸ ਨੇ ਆਪਣੀਆਂ ਕਵਿਤਾਵਾਂ ਵਿਚ ਢਾਲਣ ਦਾ ਯਤਨ ਕੀਤਾ ਹੈ।

ਆਪਣੀ ਕਾਵਿ-ਰਚਨਾ ਦੇ ਆਰੰਭਕ ਪੜਾਅ ਵਿਚ ਅੰਮ੍ਰਿਤਾ ਮੱਧਕਾਲੀ ਪਰੰਪਰਾ ਦੀ ਹੀ ਪਿਛਲਗ ਰਹਿੰਦੀ ਹੈ, ਪਰੰਤੂ ਜਿਉਂ ਜਿਉਂ ਉਸ ਨੂੰ ਨਾਰੀ ਦੀ ਵਿਸ਼ਾਦ-ਗ੍ਰਸਤ ਅਵਸਥਾ ਦਾ ਬੋਧ ਹੁੰਦਾ ਹੈ ਤਿਉਂ ਤਿਉਂ ਉਸ ਦੀ ਸ਼ਾਇਰੀ ਨਾਰੀ-ਸੰਵੇਦਨਾ ਨਾਲ ਓਤਪੋਤ ਹੋਣੀ ਸ਼ੁਰੂ ਹੋ ਜਾਂਦੀ ਹੈ। ਫਿਰ ਉਹ ਸਚੇਤ ਪੱਧਰ ਉੱਪਰ ਨਾਰੀ ਦੇ ਪ੍ਰਚਲਿਤ ਤੇ ਪਰੰਪਰਾਗਤ ਬਿੰਬ ਨੂੰ ਤੋੜਦੀ ਹੋਈ ਉਸ ਦੀ ਨਿੱਗਰ ਤੇ ਭਰਵੇਂ ਰੂਪ ਵਿਚ ਆਜ਼ਾਦੀ ਭਰਿਆ ਜੀਵਨ ਜੀਉਣ ਦੀ ਲੋਚਾ ਨੂੰ ਦ੍ਰਿੜ੍ਹ ਕਰਦੀ ਹੈ। ਲੇਖਿਕਾ ਪਹਿਲੀ ਵਾਰ ਅਜਿਹੇ ਚਿੰਤਨ-ਮਾਡਲਾਂ ਦੀ ਪਛਾਣ ਕਰਕੇ ਉਨ੍ਹਾਂ ਦਾ ਤਿੱਖਾ ਵਿਰੋਧ ਕਰਦੀ ਹੈ ਜਿਨ੍ਹਾਂ ਉੱਪਰ ਪੁਰਖ-ਪ੍ਰਭੁਤਾ ਦੀ ਗਹਿਰੀ ਛਾਪ ਲੱਗੀ ਹੋਈ ਹੈ। ਇਸ ਤਰ੍ਹਾਂ ਉਹ ਪਹਿਲੀ ਵਾਰ ਜਗੀਰੂ ਕੀਮਤਾਂ ਵਾਲੇ ਸਭਿਆਚਾਰ ਤੇ ਸਮਾਜਕ ਵਰਤਾਰੇ ਵਿਚ ਨਾਰੀ ਦੀ ਗੁਆਚ ਚੁੱਕੀ ਹੋਂਦ ਦੀ ਗਾਥਾ ਪ੍ਰਸਤੁਤ ਕਰਦੀ ਹੈ। ਕਿਧਰੇ ਕਿਧਰੇ ਉਹ ਆਪਣੇ ਕਟਾਖਸ਼ ਦਾ ਨਿਸ਼ਾਨਾ ਮਰਦ-ਜ਼ਾਤ ਨੂੰ ਬਣਾਉਂਦੀ ਹੈ ਅਤੇ ਕਿਧਰੇ ਉਨ੍ਹਾਂ ਚਿੰਤਨ ਮਾਡਲਾਂ ਨੂੰ ਜਿਨ੍ਹਾਂ ਨੇ ਨਾਰੀ ਦੇ ਅਸਤਿਤਵ ਦੁਆਲੇ ਅਨੇਕ ਤਰ੍ਹਾਂ ਦੀਆਂ ਵਲਗਣਾਂ ਉਸਾਰੀਆਂ ਹੋਈਆਂ ਹਨ। ਦੋਵਾਂ ਸੂਰਤਾਂ ਵਿਚ ਹੀ ਉਹ ਨਾਰੀ ਦੀ ਸੁਤੰਤਰਤਾ ਉੱਪਰ ਜ਼ੋਰ ਦੇਂਦੀ ਹੈ।

ਅੰਮ੍ਰਿਤਾ-ਕਾਵਿ ਵਿਚ ਇਸ ਗੱਲ ਦੀ ਭਲੀ ਭਾਂਤ ਪਛਾਣ ਹੋ ਜਾਂਦੀ ਹੈ ਕਿ ਨਾਰੀ ਦੀਆਂ ਸਮੱਸਿਆਵਾਂ ਦਾ ਵੱਡਾ ਕਾਰਣ ਉਸ ਦੀ ਮਰਦ ਉੱਪਰ ਆਰਥਿਕ ਨਿਰਭਰਤਾ ਹੈ। ਉਸ ਦੀ ਕਾਵਿ-ਰਚਨਾ ਇਸ ਆਰਥਿਕ-ਨਿਰਭਰਤਾ ਦੇ ਸੰਦਰਭ ਵਿਚ ਹੀ ਨਾਰੀ ਦੀ ਬੇਪਛਾਣ ਸ਼ਖਸੀਅਤ ਉੱਪਰ ਟਿੱਪਣੀਆਂ ਕਰਦੀ ਹੋਈ ਆਲੇ-ਦੁਆਲੇ ਦੀ ਕਰੂਰਤਾ ਨੂੰ ਸਾਮ੍ਹਣੇ ਲਿਆਉਂਦੀ ਹੈ। ਉਸ ਦੇ ਕਾਵਿ ਵਿਚਲੀ ਨਾਰੀ ਆਪਣੀ ਮਾਨਵੀ-ਪਛਾਣ ਦੀ ਇੱਛਾ ਰੱਖਦੀ ਹੈ। ਅੰਮ੍ਰਿਤਾ ਨਾਰੀ ਦੀ ਇਸ ਆਰਥਿਕ ਨਿਰਭਰਤਾ ਨੂੰ ਅੱਗੋਂ ਸਮਾਜਕ, ਭਾਵੁਕ ਤੇ ਮਨੋਵਿਗਿਆਨਕ ਸੰਦਰਭਾਂ ਵਿਚ ਫੈਲਾ ਕੇ ਵਿਆਪਕ ਰੂਪ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਸਤੁਤ ਕਰਦੀ ਹੈ। ਇਨ੍ਹਾਂ ਸੰਦਰਭਾਂ ਵਿਚ ਹੀ ਉਹ ਪਹਿਲੀ ਵਾਰੀ ਨਾਰੀ ਦੀ ਮਜਬੂਰੀ ਅਤੇ ਮਰਜ਼ੀ ਦੇ ਤਨਾਉ ਨੂੰ ਸਾਮ੍ਹਣੇ ਲਿਆਉਂਦੀ ਹੈ। ਨਾਰੀ ਦੀ ਬੇਬਸੀ ਤੇ ਗੁਲਾਮੀ ਨੂੰ ਸਾਡੇ ਵਿਆਹ-ਪ੍ਰਬੰਧ ਦੀ ਅਸਲੀਅਤ ਰਾਹੀਂ ਸਮੂਰਤ ਕਰਦੀ ਹੈ। ਉਹ ਵਿਆਹ ਪ੍ਰਬੰਧ ਦੇ ਪ੍ਰਸੰਗ ਵਿਚ ਜੁਗਾਂ-ਜੁਗਾਂਤਰਾਂ ਤੋਂ ਚਲੀਆਂ ਆ ਰਹੀਆਂ ਰੀਤਾਂ ਨੂੰ ਨਕਾਰਦੀ ਅਤੇ ਤ੍ਰਿਸਕਾਰਦੀ ਹੈ। ਇਥੇ ਪਹੁੰਚ ਕੇ ਉਹ ਮਰਦ-ਪ੍ਰਧਾਨ ਸਮਾਜ ਦੀਆਂ ਵਧੀਕੀਆਂ ਤੇ ਔਰਤ ਦੀ ਬੇਬਸੀ ਤੇ ਵਸਤੂ ਬਣੀ ਹੋਂਦ ਦਾ ਪਰਿਚਯ ਦੇਂਦੀ ਹੈ। ਨਾਰੀ ਦੀ ਬੇਬਸੀ ਉੱਪਰ ਉੱਸਰੇ ਇਸ ਵਿਆਹ-ਪ੍ਰਬੰਧ ਨੂੰ ਉਹ "ਵਿਆਹ" ਮੰਨਣ ਦੀ ਥਾਂ ਇਕ "ਵਿਉਪਾਰ" ਮੰਨਦੀ ਹੈ। ਇਕ ਅਜਿਹਾ ਵਿਉਪਾਰ ਜਿਸ ਵਿਚ ਨਾਰੀ ਦੀ ਰੂਹ ਅਤੇ ਜਿਸਮ ਦੋਵੇਂ ਹੀ ਕੁਚਲੇ ਜਾਂਦੇ ਹਨ। ਵਿਆਹ ਅਤੇ ਵੇਸਵਾਪੁਣੇ ਅਤੇ ਘਰ ਤੇ ਵੇਸਵਾ ਦੇ ਕੋਠੇ ਵਿਚ ਇਸੇ ਲਈ ਉਹ ਬਹੁਤਾ ਅੰਤਰ ਨਹੀਂ ਸਮਝਦੀ। ਉਹ ਨਾਰੀ ਦੀ ਵਿਆਹ-ਪੂਰਵਲੀ, ਵਿਆਹ ਸਮੇਂ ਦੀ ਅਤੇ ਵਿਆਹ ਤੋਂ ਪਿਛੋਂ ਦੀ ਸਥਿਤੀ ਨੂੰ ਪੇਸ਼ ਕਰਦੀ ਹੈ। ਇਸ ਤਰ੍ਹਾਂ ਉਸ ਦੀ ਕਵਿਤਾ ਦੇ ਕੇਂਦਰ ਵਿਚ ਵਿਆਹ ਦਾ ਥੀਮ ਹੀ ਹਾਜ਼ਿਰ ਰਹਿੰਦਾ ਹੈ ਅਤੇ ਇਸ ਥੀਮ ਦੇ ਦੁਆਲੇ ਉਸਰੀ ਉਸ ਦੀ ਕਵਿਤਾ ਵਿਚ ਕਰੁਣਾ ਪੱਸਰੀ ਹੋਈ ਹੈ।

ਅੰਮ੍ਰਿਤਾ-ਕਾਵਿ ਵਿਚੋਂ ਕੁਝ ਅਜਿਹੀਆਂ ਕਵਿਤਾਵਾਂ ਵੀ ਪ੍ਰਾਪਤ ਹੁੰਦੀਆਂ ਹਨ ਜਿਹੜੀਆਂ ਨਾਰੀ ਦੀ ਤ੍ਰਾਸਦ-ਸਥਿਤੀ ਨੂੰ ਪੇਸ਼ ਕਰਨ ਦੇ ਨਾਲ ਨਾਲ ਉਸ ਦੇ ਮਮਤਾ ਰੂਪ ਨੂੰ ਵੀ ਸਾਮ੍ਹਣੇ ਲਿਆਉਂਦੀਆਂ ਹਨ। ਅਜਿਹੀਆਂ ਕਵਿਤਾਵਾਂ ਵਿਚ ਮਾਂ ਦੀਆਂ ਭਾਵਨਾਵਾਂ ਨੂੰ ਸੁੰਦਰ ਪ੍ਰਗਟਾਵਾ ਮਿਲਿਆ ਹੈ। ਉਹ ਮਮਤਾ ਦੇ ਉਸ ਰੂਪ ਨੂੰ ਪ੍ਰਗਟਾਉਂਦੀ ਹੈ ਜਿਹੜਾ ਆਪਣੀ ਔਲਾਦ ਲਈ ਜ਼ਿੰਦਗੀ ਦੀ ਹਰ ਤਲਖ਼ੀ ਤੇ ਕੁੜਿੱਤਣ ਨੂੰ ਆਪਣੇ ਅੰਦਰ ਜਜ਼ਬ ਕਰੀ ਜਾਂਦਾ ਹੈ। ਵਿਹੁਲੇ ਚੌਗਿਰਦੇ ਸਦਕਾ ਭਾਵੇਂ ਉਸ ਨੂੰ ਮੌਤ ਵਰਗਾ ਜੀਵਨ ਕਿਉਂ ਨਾ ਬਸਰ ਕਰਨਾ ਪਵੇ ਪਰ ਉਹ ਆਪਣੇ ਬੱਚਿਆਂ ਪ੍ਰਤਿ ਲਗਾਉ ਸਦਕਾ ਇਸ ਸਭ ਕੁਝ ਨੂੰ ਜਰ ਜਾਂਦੀ ਹੈ।

ਅੰਮ੍ਰਿਤਾ ਪ੍ਰੀਤਮ ਨਾ ਸਿਰਫ਼ ਨਾਰੀ ਦੇ ਜੀਵਨ ਦੇ ਵਿਭਿੰਨ ਪਾਸਾਰਾਂ ਨੂੰ ਹੀ ਨਾਰੀ ਦੇ ਕੌਣ ਤੋਂ ਵੇਖਦੀ ਹੈ ਬਲਕਿ ਨਾਰੀ ਨੂੰ ਪ੍ਰਾਪਤ ਹੁੰਦੇ ਅਣਸੁਖਾਵੇਂ ਮੁੱਲਾਂ ਨੂੰ ਵੀ ਚਿਤਰਦੀ ਹੈ। ਇਨ੍ਹਾਂ ਮੁੱਲਾਂ ਦਾ ਸੰਬੰਧ ਧਰਮ ਨਾਲ ਵੀ ਹੈ, ਰਾਜਨੀਤੀ ਨਾਲ ਵੀ ਅਤੇ ਅਰਥ ਵਿਵਸਥਾ ਨਾਲ ਵੀ। ਇਸ ਸੰਦਰਭ ਵਿਚ ਉਸ ਦੀਆਂ ਦੇਸ਼-ਵੰਡ ਦੇ ਹਾਦਸੇ ਸਮੇਂ ਲਿਖੀਆਂ ਕਵਿਤਾਵਾਂ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਉਹ ਇਸ ਹਾਦਸੇ, ਕਤਲੇਆਮ ਅਤੇ ਮਾਨਵੀ ਮੁੱਲਾਂ ਦੇ ਨਿਘਾਰ ਨੂੰ ਵੀ ਇਕ ਬੇਬਸ ਨਾਰੀ ਦੇ ਕੋਣ ਤੋਂ ਹੀ ਵੇਖਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਧਾਰਮਿਕ ਤੁਅੱਸਬ ਨੂੰ ਉਸ ਨੇ ਵਿਅੰਗ ਦਾ ਧੁਰਾ ਬਣਾਇਆ ਹੈ। ਉਹ ਪਰੰਪਰਾਗਤ ਕਦਰਾਂ ਕੀਮਤਾਂ ਪ੍ਰਤਿ ਨਾਰੀ ਦੇ ਵਿਦਰੋਹ ਨੂੰ ਆਪਣੇ ਕਾਵਿ ਦੇ ਮੂਲ ਤਨਾਉ ਵਜੋਂ ਪੇਸ਼ ਕਰਦੀ ਹੋਈ ਪੀੜਾ ਅਤੇ ਰੋਸਮਈ ਪ੍ਰਤਿਕਿਰਿਆ ਦਾ ਮਿਸ਼ਰਣ ਪ੍ਰਸਤੁਤ ਕਰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇਕਰ ਇਤਿਹਾਸਕ ਪ੍ਰਕਰਣ ਵਿਚ ਵੇਖੀਏ ਤਾਂ ਅੰਮ੍ਰਿਤਾ ਪੰਜਾਬੀ ਸਾਹਿਤ ਵਿਚ ਆਪਣੇ ਕਾਵਿ ਦੇ ਮਾਧਿਅਮ ਰਾਹੀਂ ਨਾਰੀ-ਪੱਖੀ ਲਹਿਰ ਦਾ ਆਗਾਜ਼ ਕਰਦੀ ਪ੍ਰਤੀਤ ਹੁੰਦੀ ਹੈ। ਨਾਰੀ-ਪੱਖੀ ਸਿਰਜਣਾ ਲਈ ਉਹ ਮਰਦ-ਪ੍ਰਭੁਤਾ, ਨਾਰੀ-ਅਧੀਨਗੀ ਅਤੇ ਨਾਰੀ ਨੂੰ ਆਪਣੇ ਜੀਵਨ ਵਿਚ ਪ੍ਰਾਪਤ ਪ੍ਰਤਿਬੰਧ-ਪੂਰਨ ਜ਼ਿੰਦਗੀ ਦੇ ਸਾਰੇ ਪਾਸਾਰਾਂ ਨੂੰ ਛੋਂਹਦੀ ਹੈ। ਉਹ ਹਰ ਪੱਖੋਂ ਨਾਰੀ ਦੀ ਤ੍ਰਾਸਦ ਸਥਿਤੀ ਦੇ ਖਿਲਾਫ਼ ਪ੍ਰਤੱਖ ਤੇ ਗੁੱਝੇ ਪੱਧਰ ਉੱਪਰ ਆਵਾਜ਼ ਬੁਲੰਦ ਕਰਕੇ ਉਸ ਨੂੰ ਸਮਾਨਤਾ-ਭਰਿਆ ਰੁਤਬਾ ਦਿਵਾਉਣ ਦੀ ਲੋਚਾ ਰੱਖਦੀ ਹੈ। ਉਸ ਨੇ ਨਾਰੀ ਦੀ ਆਜ਼ਾਦੀ ਲਈ ਕੱਲੇਕਾਰੇ ਹੀ ਸੰਘਰਸ਼ ਆਰੰਭ ਕੀਤਾ ਅਤੇ ਨਾਰੀ ਦੀ ਸ਼ਖਸੀਅਤ ਦੇ ਮਾਨਵੀ ਪਾਸਾਰਾਂ ਨੂੰ ਸਵੀਕ੍ਰਿਤੀ ਦਿਵਾਉਣ ਲਈ ਯਤਨ-ਸ਼ੀਲ ਹੋਈ। ਉਸ ਨੇ ਨਾਰੀ ਦੀ ਵਸਤੂ-ਬਣੀ ਹੋਂਦ ਤੋਂ ਵੀ ਅਗਾਹ ਕਰਵਾਇਆ ਅਤੇ ਉਸ ਨੂੰ ਮਹਿਜ਼ ਪੁਰਸ਼ ਦੇ ਮਨੋਰੰਜਨ ਦਾ ਸਾਧਨ ਮੰਨਣ ਤੋਂ ਇਨਕਾਰ ਵੀ ਕੀਤਾ।

ਉਸ ਦੇ ਕਾਵਿ ਦੀ ਮੂਲ ਸੁਰ ਕਰੁਣਾ, ਵਿਸ਼ਵਾਸ ਅਤੇ ਵਿਦਰੋਹ ਦੀ ਹੈ। ਨਾਰੀ ਦੀ ਸੁਤੰਤਰ ਮਾਨਵੀ ਹੋਂਦ ਦੀ ਜ਼ਰੂਰਤ ਦੇ ਅਹਿਸਾਸ ਨਾਲ ਉਸ ਦੀ ਕਵਿਤਾ ਭਰੀ-ਪੂਰੀ ਹੈ। ਸਥਿਤੀ ਦੀ ਗੰਭੀਰਤਾ ਤੋਂ ਗਾਫ਼ਿਲ ਚਿੰਤਕਾਂ ਨੂੰ ਭਾਵੇਂ ਇਹ ਸ਼ਾਇਰੀ ਉਪਭਾਵੁਕਤਾ, ਪੀੜਾ-ਮੋਹ ਜਾਂ ਰੁਦਨ ਦੀ ਸ਼ਿਕਾਰ ਪ੍ਰਤੀਤ ਹੋਵੇ ਪਰੰਤੂ ਇਹ ਨਾਰੀ ਦੀ ਵਾਸਤਵਿਕ ਸਥਿਤੀ ਨਾਲ ਪੱਕੇ-ਪੀਡੇ ਰਿਸ਼ਤੇ ਵਿਚ ਬੱਝੀ ਹੋਈ ਹੈ।

ਪ੍ਰਭਜੋਤ ਕੌਰ ਦੀ ਕਾਵਿ-ਰਚਨਾ ਦਾ ਇਤਿਹਾਸ ਲਗਭਗ ਪੰਜ ਦਹਾਕਿਆਂ ਵਿਚ ਫੈਲਿਆ ਹੋਇਆ ਹੈ ਅਤੇ ਉਹ ਅੰਮ੍ਰਿਤਾ ਤੋਂ ਬਾਦ ਦੂਜੀ ਕਵਿਤਰੀ ਹੈ ਜਿਸ ਨੇ ਨਾਰੀ ਮਨ ਦੀਆਂ ਉਮੰਗਾਂ ਤੇ ਸੱਧਰਾਂ ਨੂੰ ਆਪਣੀ ਕਾਵਿ ਰਚਨਾ ਦਾ ਧੁਰਾ ਬਣਾਉਂਦੇ ਹੋਏ ਉਸ ਦੇ ਜਜ਼ਬਿਆਂ ਦੀ ਤਰਜਮਾਨੀ ਕੀਤੀ ਹੈ।

ਉਸ ਦੀ ਕਵਿਤਾ ਦਾ ਕੇਂਦਰੀ ਧੁਰਾ ਪ੍ਰੇਮ ਹੈ ਅਤੇ ਉਹ ਇਸੇ ਦੇ ਪ੍ਰਸੰਗ ਵਿਚ ਨਾਰੀ ਦੀਆਂ ਆਸਾਂ, ਉਮੰਗਾਂ, ਬੇਬਸੀ, ਨਿਰਾਸ਼ਾਵਾਂ ਅਤੇ ਅਕਾਂਖਿਆਵਾਂ ਨੂੰ ਚਿਤਰਦੀ ਹੈ। ਆਪਣੀਆਂ ਬਹੁਤੀਆਂ ਕਾਵਿ ਪੁਸਤਕਾਂ ਵਿਚ ਉਹ ਪ੍ਰੀਤ ਦੇ ਪੀੜਾਮਈ ਜਾਂ ਵਿਸ਼ਾਦ-ਗ੍ਰਸਤ ਰੂਪ ਨੂੰ ਚਿਤਰਣ ਦੀ ਬਜਾਏ ਉਸ ਦੇ ਹੁਲਾਸਮਈ ਰੂਪ ਨੂੰ ਸਾਮ੍ਹਣੇ ਲਿਆਉਂਦੀ ਹੈ। ਉਹ ਆਪਣੀ ਕਾਵਿ-ਰਚਨਾ ਵਿਚ ਨਾਰੀ-ਪੁਰਖ ਦੀ ਜਿਸਮਾਨੀ ਖਿੱਚ ਦੇ ਗੌਰਵ ਨੂੰ ਉਜਾਗਰ ਕਰਦੀ ਹੈ। ਸਪੱਸ਼ਟ ਹੈ ਕਿ ਉਹ ਪ੍ਰੇਮ ਨੂੰ ਅਫਲਾਤੂਨੀ ਰੰਗ ਵਿਚ ਪੇਸ਼ ਨਹੀਂ ਕਰਦੀ, ਨਾ ਹੀ ਉਹ ਇਸ ਸਭ ਕੁਝ ਨੂੰ ਰੂਹਾਨੀ ਰੰਗ ਵਿਚ ਗਲੇਫ ਕੇ ਅਖੌਤੀ ਤੇ ਬਨਾਵਟੀ ਰੂਪ ਦੇਂਦੀ ਹੈ। ਉਸ ਵਲੋਂ ਪ੍ਰਸਤੁਤ ਨਾਰੀ ਦੀ ਪ੍ਰੇਮ-ਭਾਵਨਾ ਤੇ ਜਜ਼ਬਿਆਂ ਵਿਚ ਤਨ ਮਨ ਦੋਵੇਂ ਸ਼ਾਮਲ ਹਨ। ਇਨ੍ਹਾਂ ਦੋਵਾਂ ਦਾ ਸਹਿਜ ਮੇਲ ਹੀ ਜੀਵਨ-ਆਨੰਦ ਦਾ ਸੋਮਾ ਬਣਦਾ ਹੈ।

ਉਸ ਦੀਆਂ ਪ੍ਰੇਮ ਦੇ ਜਜ਼ਬੇ ਨਾਲ ਭਰਪੂਰ ਕਵਿਤਾਵਾਂ ਵਿਚ ਪਤੀ ਹੀ ਮਹਿਬੂਬ ਜਾਂ ਪ੍ਰੇਮੀ ਦੇ ਰੂਪ ਵਿਚ ਪੇਸ਼ ਹੋਇਆ ਹੈ। ਜਿਥੇ ਅੰਮ੍ਰਿਤਾ ਹਮੇਸ਼ਾਂ ਆਪਣੀ ਕਵਿਤਾ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਆਹੁਤਾ ਨਾਰੀ ਨੂੰ ਆਪਣੇ ਪਤੀ ਨਾਲ ਨਾਖੁਸ਼ਗਵਾਰ ਜੀਵਨ ਗੁਜ਼ਾਰ ਰਹੀ ਮਜਬੂਰ ਔਰਤ ਦੇ ਰੂਪ ਵਿਚ ਚਿਤਰਦੀ ਹੈ ਉਥੇ ਪ੍ਰਭਜੋਤ ਕੌਰ ਉਸ ਨਾਰੀ ਦਾ ਬਿੰਬ ਉਸਾਰਦੀ ਹੈ ਜਿਸ ਨੂੰ ਆਪਣੇ ਪਤੀ ਵਿਚੋਂ ਹੀ ਪ੍ਰੇਮੀ ਤੇ ਸਾਥੀ ਦਾ ਚਿਹਰਾ ਦਿਖਾਈ ਦੇਂਦਾ ਹੈ। ਇਸਤਰੀ-ਪੁਰਸ਼ ਦਾ ਮੇਲ ਓਪਰੀ ਨਜ਼ਰੇ ਤਾਂ ਉਸ ਦੀ ਕਾਵਿ-ਰਚਨਾ ਵਿਚ ਆਦਰਸ਼ਵਾਦੀ ਜਿਹਾ ਪ੍ਰਤੀਤ ਹੁੰਦਾ ਹੈ ਪਰੰਤੂ ਜਦੋਂ ਇਸ ਨੂੰ ਵਾਸਤਵਿਕ ਸਥਿਤੀ ਦੇ ਸਮਾਨੰਤਰ ਰੱਖ ਕੇ ਵੇਖੀਏ ਤਾਂ ਇਉਂ ਵੀ ਲੱਗਦਾ ਹੈ ਕਿ ਉਹ ਮਰਦ-ਪ੍ਰਧਾਨ ਸਮਾਜ ਵਿਚ ਨਾਰੀ ਦੀ ਭਟਕਣਾ ਭਰਪੂਰ ਮਨੋ-ਸਥਿਤੀ ਨੂੰ ਵੀ ਸਾਮ੍ਹਣੇ ਲਿਆਉਂਦੀ ਹੈ। ਇਹ ਭਟਕਣਾ ਉਸ ਵਕਤ ਪ੍ਰਚੰਡ ਰੂਪ ਧਾਰਦੀ ਹੈ ਜਦੋਂ ਪਤੀ ਮਹਿਬੂਬ ਦੀ ਬਜਾਏ ਮਾਲਕ ਬਣ ਬੈਠਦਾ ਹੈ। ਇੰਜ ਉਸ ਦੀ ਕਾਵਿ-ਰਚਨਾ ਵਿਚ ਸੱਖਣੇਪਨ, ਅਤ੍ਰਿਪਤੀ ਅਤੇ ਅਸੰਤੁਸ਼ਟੀ ਦੀਆਂ ਭਾਵਨਾਵਾਂ ਨੂੰ ਵੀ ਸਥਾਨ ਪ੍ਰਾਪਤ ਹੋਇਆ ਹੈ, ਉਸ ਦੇ ਕਾਵਿ ਵਿਚ ਇਕ ਖੁਸ਼ਹਾਲ ਨਾਰੀ ਦੇ ਜੀਵਨ ਨੂੰ ਇਕ ਸੰਗਲੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਜਿਸ ਵਿਚ ਉਹ ਵਿਆਹ ਤੋਂ ਪਹਿਲਾਂ ਵੀ ਖੁਸ਼ਹਾਲ ਹੈ ਅਤੇ ਵਿਆਹ ਤੋਂ ਪਿਛੋਂ ਜਵਾਨੀ ਦੇ ਰਸ-ਕਸ ਨੂੰ ਪੂਰੀ ਤਰ੍ਹਾਂ ਮਾਣਦੀ ਹੋਈ ਵੀ ਖੁਸ਼ਹਾਲ ਹੈ। ਇਸ ਕਾਵਿ ਵਿਚ ਉਹ ਬਾਲ-ਅਵਸਥਾ ਵਿਚ ਵਿਚਰਦੀ ਨਾਰੀ ਦੀ ਹੁਲਾਸਮਈ ਤੇ ਆਸਾਂ-ਭਰਪੂਰ ਮਨੋਸਥਿਤੀ ਨੂੰ ਸਾਮ੍ਹਣੇ ਲਿਆਉਂਦੀ ਹੈ। ਉਸ ਦਾ ਜੀਵਨ ਖੁਸ਼ੀਆਂ ਤੇ ਸਹੇਲੀਆਂ ਦੇ ਸਾਥ ਨਾਲ ਭਰਪੂਰ ਹੈ ਅਤੇ ਉਸ ਨੂੰ ਆਪਣੇ ਸੁਪਨਿਆਂ ਤੇ ਯਥਾਰਥ ਵਿਚਾਲੇ ਕਿਸੇ ਪ੍ਰਕਾਰ ਦੀ ਵਿੱਥ ਦਾ ਆਭਾਸ ਨਹੀਂ ਹੁੰਦਾ। ਜਵਾਨੀ ਦੀ ਅਵਸਥਾ ਵਿਚ ਇਹ ਨਾਰੀ ਪੁਰਸ਼ ਸੰਗ ਜਿਸਮਾਨੀ ਮੇਲ ਨੂੰ ਭਰਪੂਰਤਾ ਸੰਗ ਹੰਢਾਉਂਦੀ ਹੋਈ ਤਨਾਉ ਰਹਿਤ ਜੀਵਨ ਬਸਰ ਕਰਦੀ ਹੈ। ਕਿਧਰੇ ਕਿਧਰੇ ਇਹ ਖੁਸ਼ਹਾਲੀ ਤੇ ਤਨਾਉ ਰਹਿਤ ਜੀਵਨ ਹੀ ਉਸ ਦੇ ਤਨਾਉ ਦਾ ਕਾਰਣ ਹੋ ਨਿਬੜਦਾ ਹੈ।

ਬਾਲ ਅਤੇ ਜਵਾਨੀ ਦੀ ਅਵਸਥਾ ਤੋਂ ਪਿਛੋਂ ਇਸ ਕਾਵਿ ਵਿਚਲੀ ਨਾਰੀ ਬੁਢਾਪੇ ਦੀ ਅਵਸਥਾ ਵਿਚ ਅਪੜਦੀ ਅਤੇ ਪੀੜਿਤ ਤੇ ਤਨਾਉਸ਼ੀਲ ਮਾਨਸਿਕਤਾ ਨੂੰ ਹੰਢਾਉਂਦੀ ਹੈ। ਇਸ ਪੀੜ ਦਾ ਵੱਡਾ ਕਾਰਣ ਇਕ ਪਾਸੇ ਜੋਬਨ ਦਾ ਢਲਣਾ ਹੈ ਅਤੇ ਦੂਸਰੇ ਪਾਸੇ ਸ਼ਹੁ ਦੀ ਬੇਮੁਖਤਾ ਹੈ। ਇਸ ਅਸਵਥਾ ਵਿਚ ਮਹਿਬੂਬ ਫਿਰ ਪਤੀ, ਸਵਾਮੀ ਜਾਂ ਮਾਲਕ ਦਾ ਰੂਪ ਧਾਰ ਲੈਂਦਾ ਹੈ। ਸਵਾਮੀ, ਮਾਲਕ ਤੇ ਪਤੀ ਬਣਿਆ ਮਹਿਬੂਬ ਜਦੋਂ "ਦਿਮਾਗੀ ਆਯਾਸ਼ੀ" ਦਾ ਸ਼ਿਕਾਰ ਹੁੰਦਾ ਹੈ ਤਾਂ ਬੁਢਾਪੇ ਤੇ ਉਸ ਵਿਚੋਂ ਪੈਦਾ ਹੋਣ ਵਾਲੀ ਪੀੜਿਤ ਮਾਨਸਿਕਤਾ ਆਪਣੇ ਸਿਖ਼ਰ ਵੱਲ ਵਧਦੀ ਹੈ। ਇਹ ਪੀੜਿਤ ਮਾਨਸਿਕਤਾ ਸਨੇਹ, ਪਿਆਰ ਤੇ ਹਮਦਰਦੀ ਨੂੰ ਸੁਪਨੇ ਜਿਹਾ ਤੁਸੱਵੁਰ ਕਰਦੀ ਹੈ ਅਤੇ ਸਾੜਾ, ਸ਼ਰੀਕਾ, ਸੰਤਾਪ, ਤਸੀਹੇ, ਪੀੜਾ ਅਤੇ ਕਸ਼ਟ, ਉਸ ਨੂੰ ਜ਼ਿੰਦਗੀ ਦੀ ਵਾਸਤਵਿਕਤਾ ਪ੍ਰਤੀਤ ਹੁੰਦੇ ਹਨ। ਤਨਾਉ ਤੇ ਪੀੜਾ ਦੀ ਇਸ ਅਵਸਥਾ ਵਿਚ ਵੀ ਉਸ ਦੇ ਕਾਵਿ ਵਿਚਲੀ ਨਾਰੀ ਤਰਕ ਦਾ ਪੱਲਾ ਨਹੀਂ ਛੱਡਦੀ। ਇਸ ਤਨਾਉ ਤੇ ਪੀੜਾ-ਭਰਪੂਰ ਮਾਨਸਿਕਤਾ ਵਿਚੋਂ ਹੀ ਉਸ ਦੀ ਨਾਰੀ ਸੰਵੇਦਨਾ ਯਥਾਰਥਕ ਤੇ ਇਤਿਹਾਸਕ ਆਕਾਰ ਹਾਸਲ ਕਰਦੀ ਹੈ। ਉਹ ਪੁਰਖ-ਪ੍ਰਭੁਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਲੇ ਸਮਾਜ ਦੀ ਹਕੀਕਤ ਨੂੰ ਪਛਾਣਦੀ ਅਤੇ ਉਸ ਦੀਆਂ ਮਰਿਯਾਦਾ ਮੂਲਕ ਕੀਮਤਾਂ ਪ੍ਰਤਿ ਵਿਦਰੋਹ ਭਾਵੀ ਰਵੱਈਆ ਅਖ਼ਤਿਆਰ ਕਰਦੀ ਹੈ। ਉਸ ਨੂੰ ਇਸ ਗੱਲ ਦਾ ਬੋਧ ਹੁੰਦਾ ਹੈ ਕਿ ਨਾਰੀ ਨਾਲ ਪੁਰਖ ਨੇ ਅਤੀਤ ਵਿਚ ਕਿੰਨੀਆਂ ਕੁ ਵਧੀਕੀਆਂ ਕੀਤੀਆਂ ਹਨ। ਇਨ੍ਹਾਂ ਵਧੀਕੀਆਂ ਦੀ ਪਛਾਣ ਉਸ ਦੀ ਚੇਤਨਾ ਨੂੰ ਜਗਾਉਂਦੀ ਹੈ ਅਤੇ ਇਹ ਜਾਗੀ ਹੋਈ ਚੇਤਨਾ ਘਿਸੇ-ਪਿਟੇ ਸੰਸਕਾਰਾਂ ਨੂੰ ਚੁਣੌਤੀ ਦੇਂਦੀ ਹੈ। ਉਹ ਮਰਦ-ਪੱਖੀ ਮੁੱਲਾਂ ਉਪਰ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ। ਇੰਜ ਉਸ ਦੇ ਕਾਵਿ ਵਿਚਲੀ ਨਾਰੀ ਆਦਰਸ਼-ਵਾਦੀ ਕੀਮਤਾਂ ਦਾ ਤਿਆਗ ਕਰਕੇ ਯਥਾਰਥਵਾਦੀ ਮੁੱਲਾਂ ਦੀ ਭਾਗੀ ਹੋ ਨਿਬੜਦੀ ਹੈ। ਨਾਰੀ-ਸੰਵੇਦਨਾ ਦੇ ਪੱਖ ਤੋਂ ਇਸ ਕਾਵਿ ਵਿਚ ਵਿਕਾਸ ਤੇ ਵੰਨ ਸੁਵੰਨਤਾ ਵੇਖਣ ਨੂੰ ਮਿਲਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਹਾਇਕ ਪੁਸਤਕ ਸੂਚੀ

ਪੰਜਾਬੀ

ਅਤਰ ਸਿੰਘ. **ਕਾਵਿ-ਅਧਿਅਨ**, ਲਾਹੌਰ ਬੁਕ ਸ਼ਾਪ, ਲੁਧਿਆਣਾ, 1959.

——, **ਸਾਹਿਤ ਸੰਵੇਦਨਾ**, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1984.

ਅੰਮ੍ਰਿਤਾ ਪ੍ਰੀਤਮ, **ਠੰਡੀਆਂ ਕਿਰਣਾਂ**, ਗੁਰਮਤ ਟ੍ਰੈਕਟ ਸੋਸਾਇਟੀ, ਲਾਹੌਰ, ਅਗਸਤ-ਸਤੰਬਰ, 1935.

——, **ਅੰਮ੍ਰਿਤ ਲਹਿਰਾਂ**, ਅਮੋਲਕ ਰਤਨ ਭੰਡਾਰ, ਲਾਹੌਰ, 1936,

——, **ਜੀਉਂਦਾ ਜੀਵਣ**, ਕੁਮਰਸ਼ਲ ਪ੍ਰਿੰਟਿੰਗ ਵਰਕਸ, ਲਾਹੌਰ, 1940.

——, **ਤ੍ਰੇਲ ਧੋਤੇ ਫੁੱਲ**, ਲਾਹੌਰ ਬੁੱਕ ਸ਼ਾਪ, ਲਾਹੌਰ, 1941.

——, **ਓ ਗੀਤਾਂ ਵਾਲਿਆ**, ਲਾਹੌਰ ਬੁੱਕ ਸ਼ਾਪ, ਲਾਹੌਰ, 1942.

——, **ਬੱਦਲਾਂ ਦੇ ਪੱਲੇ ਵਿਚ**, ਲਾਹੌਰ ਬੁੱਕ ਸ਼ਾਪ, ਲਾਹੌਰ, 1943.

——, **ਸੰਝ ਦੀ ਲਾਲੀ**, ਲਾਹੌਰ ਬੁੱਕ ਸ਼ਾਪ, ਲਾਹੌਰ, 1943.

——, **1943 ਤਕ ਦੀ ਚੋਣਵੀਂ ਕਵਿਤਾ**, ਲਾਹੌਰ ਬੁੱਕ ਸ਼ਾਪ, ਲਾਹੌਰ, 1943.

——, **ਨਿੱਕੀ ਜਿਹੀ ਸੁਗਾਤ**, ਰਾਮਸਰਨ ਦਾਸ ਕੁਮਰਸ਼ਲ ਪ੍ਰੈਸ, ਲਾਹੌਰ, 1944.

——, **ਲੋਕ ਪੀੜ**, ਲਾਹੌਰ ਬੁੱਕ ਸ਼ਾਪ, ਲਾਹੌਰ, 1944.

——, **ਪੱਥਰ ਗੀਟੇ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1946.

——, **ਲੰਮੀਆਂ ਵਾਟਾਂ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1949.

——, **ਮੈਂ ਤਵਾਰੀਖ ਹਾਂ ਹਿੰਦ ਦੀ**, ਨਵਯੁਗ ਪਬਲਿਸ਼ਰਜ਼, ਦਿੱਲੀ, 1950.

——, **ਸਰਘੀ ਵੇਲਾ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1951.

——, **ਨਵੀਂ ਸਵੇਰ**, ਨਵਯੁਗ ਪਬਲਿਸ਼ਰਜ਼, ਦਿੱਲੀ, ਮਿਤੀਹੀਨ.

——, **ਸੁਨੇਹੜੇ**, ਨਵਯੁਗ ਪਬਲਿਸ਼ਰਜ਼, ਦਿੱਲੀ, 1955.

——, **ਅਸ਼ੋਕਾ ਚੇਤੀ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1957,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

——, **ਕਸਤੂਰੀ**, ਨਵਯੁਗ ਪ੍ਰੈਸ, ਦਿੱਲੀ, 1959.
——, **ਨਾਗਮਣੀ**, ਨਵਯੁਗ ਪ੍ਰੈਸ, ਦਿੱਲੀ, 1964,
——, **ਕਾਗਜ਼ ਤੇ ਕੈਨਵਸ ਤੋਂ ਪਹਿਲਾਂ**, ਨਵਯੁਗ ਪਬਲਿਸ਼ਰਜ਼, ਦਿੱਲੀ, 1971.
——, **ਮੈਂ ਜਮ੍ਹਾਂ ਤੂੰ**, ਨਾਗਮਣੀ ਪ੍ਰਕਾਸ਼ਨ, ਦਿੱਲੀ, 1977.
——, **ਕਾਗਜ਼ ਤੇ ਕੇਨਵਸ**, ਨਵਯੁਗ ਪਬਲਿਸ਼ਰਜ਼, ਦਿੱਲੀ, 1980.
——, **ਰਸੀਦੀ ਟਿਕਟ**, ਨਾਗਮਣੀ ਪ੍ਰਕਾਸ਼ਨ, ਨਵੀਂ ਦਿੱਲੀ, 1977.
——, **ਔਰਤ ਇਕ ਦ੍ਰਿਸ਼ਟੀਕੋਣ**, ਨਾਗਮਣੀ ਪ੍ਰਕਾਸ਼ਨ, ਨਵੀਂ ਦਿੱਲੀ, ਮਿਤੀਹੀਨ.
ਏਂਗਲਜ਼, ਫ਼, **ਟੱਬਰ ਨਿੱਜੀ ਜਾਇਦਾਦ ਤੇ ਰਾਜ ਦਾ ਮੁੱਢ**, ਪ੍ਰਗਤੀ ਪ੍ਰਕਾਸ਼ਨ, ਮਾਸਕੋ, ਮਿਤੀਹੀਨ.
ਸਵਰਨ ਚੰਦਨ, **ਸੰਵੇਦਨਾ ਤੇ ਸਾਹਿਤ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 198 .
ਸਵੈਸਾਚੀ, **ਸੂਹੀ ਸਵੇਰ**, (ਅਨੁ. ਗੁਰਬਖਸ਼ ਜੱਸ), ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮ੍ਰਿਤਸਰ (ਮਿਤੀਹੀਨ)
ਸਤਿੰਦਰ ਸਿੰਘ, **ਆਧੁਨਿਕ ਪੰਜਾਬੀ ਕਾਵਿ : ਰੂਪ-ਅਧਿਐਨ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980.
ਸੁਤਿੰਦਰ ਸਿੰਘ ਨੂਰ, **ਨਵੀਂ ਪੰਜਾਬੀ ਕਵਿਤਾ: ਸੀਮਾ ਤੇ ਸੰਭਾਵਨਾ**, ਵਿਦਵਾਨ ਪ੍ਰਕਾਸ਼ਨ, ਅੰਬਾਲਾ ਛਾਉਣੀ, 1970.
ਸੰਤ ਸਿੰਘ ਸੇਖੋਂ, **ਸਾਹਿਤਿਆਰਥ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1957.
ਹਰਚਰਨ ਕੌਰ, **ਅੰਮ੍ਰਿਤਾ ਪ੍ਰੀਤਮ-ਕਾਵਿ ਦਾ ਸਿਸਟਮੀ ਅਧਿਐਨ**, ਆਰਸੀ ਪਬਲਿਸ਼ਰਜ਼, ਦਿੱਲੀ, 1986.
ਹਰਿਭਜਨ ਸਿੰਘ, **ਅਧਿਅਨ ਅਤੇ ਅਧਿਆਪਨ**, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1970.
——, **ਸਾਹਿਤ ਤੇ ਸਿਧਾਂਤ**, ਸੀਮਾ ਪ੍ਰਕਾਸ਼ਨ, ਜਲੰਧਰ, 1973.
——, **ਮੁਲ ਤੇ ਮੁਲੰਕਣ**, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1972.
——, **ਸਾਹਿਤ ਸ਼ਾਸਤਰ**. ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1973.
——, **ਪਾਰਗਾਮੀ**, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1974.
——, **ਸਾਹਿਤ ਵਿਗਿਆਨ**, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1979.
ਕਿਰਪਾਲ ਸਿੰਘ ਕਸੇਲ, **ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ)** ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1972,
ਗੁਰਬਚਨ, **ਚਿਹਨ, ਸੰਰਚਨਾ ਤੇ ਮਾਰਕਸਵਾਦ**, ਰਘਬੀਰ ਰਚਨਾ-ਪ੍ਰਕਾਸ਼ਨ, ਚੰਡੀਗੜ੍ਹ, 1985.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਭਜੋਤ ਕੌਰ, **ਲਟ ਲਟ ਜੋਤ ਜਗੇ**, ਲਾਹੌਰ ਬੁਕ ਸ਼ਾਪ, ਲੁਧਿਆਣਾ, 1943.
—— **ਪਲਕਾਂ ਓਹਲੇ**, ਬੇਕਲ ਬੁਕ ਏਜੰਸੀ, ਅੰਮ੍ਰਿਤਸਰ, 1944,
——, **ਕੁਝ ਹੋਰ**, ਮਾਡਰਨ ਪਬਲੀਕੇਸ਼ਨ, ਲਾਹੌਰ, 1946.
——, **ਅਜ਼ਲ ਤੋਂ**, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1946.
——, **ਸੁਪਨੇ ਸੱਧਰਾਂ**, ਸਿੱਖ ਪਬਲਿਸਿੰਗ ਹਾਊਸ, ਅੰਮ੍ਰਿਤਸਰ, 1949.
——, **ਖਾੜੀ**, ਨਵਯੁਗ ਪਬਲਿਸ਼ਰਜ਼, ਦਿੱਲੀ, 1967.
——, **ਬਣਕਪਾਸੋ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1970.
——, **ਵਡਦਰਸ਼ੀ ਸ਼ੀਸ਼ਾ**, ਨਵਯੁਗ ਪਬਲਿਸ਼ਰਜ਼, ਦਿੱਲੀ, 1973.
——, **ਮਧਿਆਂਤਰ**, ਵਿਕੇਂਦ੍ਰਿਤ ਗਰੁਪ ਆਫ ਪਬਲੀਕੇਸ਼ਨਜ਼, ਨਵੀਂ ਦਿੱਲੀ, 1974.
——, **ਚੰਦਰਯੁਗ**, ਨਵਯੁਗ ਪਬਲਿਸ਼ਰਜ਼, ਦਿੱਲੀ, 1977.
——, **ਪੱਬੀ**, ਆਰਸੀ ਪਬਲਿਸ਼ਰਜ਼, ਦਿੱਲੀ, ਦੂਸਰੀ ਵਾਰ, 1985.
——, **ਇਸ਼ਕ ਸ਼ਰ੍ਹਾ ਕੀ ਨਾਤਾ**, ਪੰਜਾਬੀ ਰਾਈਟਰਜ਼ ਕੋਆਪਰੇਟਿਵ, ਦਿੱਲੀ, 1985.
ਲੈਨਿਨ, **ਔਰਤਾਂ ਦੀ ਬੰਦ-ਖਲਾਸੀ ਬਾਰੇ**, ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, ਮਿਤੀਹੀਨ.

ਹਿੰਦੀ

ਮਨੂਸਿਮ੍ਰਤੀ, ਪੁਸਤਕ-ਮੰਦਿਰ, ਮਥੁਰਾ, ਸੰਮਤ 2019.

ਅੰਗਰੇਜ਼ੀ

Abel, Elizabeth (ed.), *Writing and Sexual Difference*, Harvester Press, Brighton, 1982

Abrams. M. H., *The Mirror and the Lamp*, Oxford University Press, N. Y., 1971.

Adams, Hazard. *The Contexts of Poetry*, Methuen & Co. Ltd., London, 1965.

Ahluwalia, Jasbir Singh, *Tradition and Experiment in Modern Punjabi Poetry*, Bawa Publishing House, Ferozepore, 1960.

Barret, Michele, *Women's Oppression Today · Problems in Marxist Feminist Analysis*, Verso Editions, London, 1980.

Bebel, August, *Woman in the Past, Present and Future*, National Book Centre, New Delhi, 1976.

Belsey, Catherine, *Critical Practice*, Methuen & Co., Ltd.,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

London, 1980.

Bennet, Tony, *Formalism And Marxism*, Methuen & Co., Ltd., London, 1979.

Culler, Jonathan, "Reading as a Woman", *On Deconstruction : Theory and Criticism after structuralism*, Routledge & Kegan Paul, London, 1983.

de Beauvoir, Simone, *The Second Sex*, H. M. Parshley (trans.), Bantam Books, New York, 1949,

Donovan, Josephine (ed.), *Feminist Literary Criticism : Explorations in Theory*, Kentucky University Press, Lexington, 1975.

Eagleton, Terry, *Marxism & Literary Criticism*, Methuen & Co. Ltd , London, 1977.

——, *Criticism and Ideology*, M thuen & Co., Ltd., 1980.

Eisenstein, Hester, *Contemporary Feminist Thought*, Unwin, London, 1984.

Ellmann, Mary, *Thinking about Woman, Virage*, London, 1979.

Falk, Eugene H., *The Types of Thematic Structure*, The University of Chicago, 1967.

Fetterly, Judith, *The Resisting Reader, A Feminist Approach to American Fiction*, Indian University Press, 1978.

Firestone, Shulamith, *The Dialectic of Sex*, Women's Press, London, 1979.

Gallop, Jane, *Feminism and Psychoanalysis : The Daughter's Seduction*, Macmillan, London, 1982.

Greene, Gayle & Coppelia Kahn, (eds.), *Making a Difference Feminist Literary Criticism*, Methuen & Co. Ltd., London, 1985.

Harbans Singh, *Aspects of Punjabi Literature*, Bawa Publishing House, Ferozepore Cantt., 1961.

Jacobus, Mary (ed.), *Women Writing and Writing about Women*, Croom Helm, London and Barnes & Noble, New York, 1979.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Jefferson, Ann and David Robey, (eds.), *Modern Literary Theory*, B. T. Batsford Ltd., London, 1982.

Lunacharsky, A., *On Literature And Art*, Progress Publisher, Moscow, 1965.

Mark Elaine and de Courtivron, Isabelle, (eds.), *New French Feminisms : An Anthology*, Harvester Press, Brighton, 1981.

Marx and Engels, *On Literature And Art*, Progress Publishers, Moscow, 1976.

Millet, Kate, *Sexual Politics*, Virago, London, 1977.

Mitchell, Juliet, *Psychoanalysis and Feminism*, Penguin, Harmonds worth, 1975.

Plekhanov. G,, *Fundamental Problems of Marxism*, Progress Publishers, Moscow, 1974.

Ruthven, K. K., *Feminist Literary Studies : an Introduction*, Cambridge University Press, Cambridge, 1984.

Selden, Raman, *Contemporary Literary Theory*, The Harvester Press, Great Britan, 1985.

Serebriakov, I., *Punjabi Literarure : A brief outline*, Nauka Publishing House, Moscow, 1968.

Trotsky, Leon, *Literature and Revolution*, The University of Michigan Press, U. S. A,, 1968.

Woolf, varginia, *Women and Writing*, Women's Press, London, 1979.

Zis, Avner, *Foundations of Marxist Aesthetics*, Progress Publishers, Moscow, 1977.

ਸੰਦਰਭ ਪੁਸਤਕਾਂ

ਮਹਾਨ ਕੋਸ਼, ਭਾਸ਼ਾ ਵਿਭਾਗ, ਪਟਿਆਲਾ, 1974.

ਡਾ. ਨਗੇਂਦ੍ਰ (ਸੰਪ), ਮਾਨਵਿਕੀ ਪਰਿਭਾਸ਼ਿਕ ਕੋਸ਼ (ਸਾਹਿਤਯ ਖੰਡ), ਰਾਜਪਾਲ ਕਾਸ਼ਨ, ਦਿੱਲੀ, 1965.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਗਰੇਜ਼ੀ

Princeton Encyclopaedia of Poetry and Poetics Princeton University Press, 1975.

ਪੱਤ੍ਰਿਕਾਵਾਂ ਤੇ ਅਖਬਾਰ

१००३४

ਸੰਵਾਦ, ਕਨੇਡਾ, ਨਵੰਬਰ 1989.

ਖੋਜ ਦਰਪਣ, ਅੰਮ੍ਰਿਤਸਰ, ਜੁਲਾਈ 1974, ਜੁਲਾਈ 1977, ਜੁਲਾਈ 1978, ਜਨਵਰੀ 1985.

ਦ੍ਰਿਸ਼ਟੀ, ਜਲੰਧਰ, ਅਕਤੂਬਰ 1975.

ਵਿਕੇਂਦ੍ਰਿਤ, ਦਿੱਲੀ, ਮਈ 1978, ਜੂਨ 1978, ਜੂਨ 1980, ਦਸੰਬਰ 1987.

ਪੰਜਾਬੀ ਟ੍ਰਿਬਿਊਨ,, 10 ਨਵੰਬਰ 1985.

पुस्तकालय
पुस्तकालय
गुरुकुल कांगड़ी विश्वविद्यालय

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY

	Signature	Date
Accession		
Classion		
Catlon		
Tag etc	बिजेन्द्र सिंह	8/2/95
Filing		
E.A.R.		
Any other		
Checked		

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

amaj Foundation Che

स्वातन्त्र्य-संग्राम के प्रमुख स्थल

main. Gurukul Kang

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar